
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

ਹਫਤਾਵਾਰੀ

# ਦੇਸ਼ ਦੁਆਬਾ

VOL - 8 ISSUE - 22
September 11, 2019
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ

# 15 ਸਤੰਬਰ ਦੇ ਵਿਸ਼ਵ ਕਬੱਡੀ ਕੱਪ 'ਚ ਪਹੁੰਚ ਕੇ ਇਤਿਹਾਸ ਦੇ ਗਵਾਹ ਬਣੋ- ਗਾਖ਼ਲ

## ਵਿਸ਼ਵ ਕੱਪ ਦੀਆਂ ਸਮੁੱਚੀਆਂ ਤਿਆਰੀਆਂ ਮੁਕੰਮਲ- ਬੈਂਸ







**ਯੂਨੀਅਨ ਸਿਟੀ (ਬਿਓਰੋ) –** ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਯੁਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆਂ ਵਲੋਂ 15 ਸਤੰਬਰ ਦਿਨ ਐਤਵਾਰ ਨੂੰ ਕਰਵਾਏ ਜਾਣ ਵਾਲੇ 15ਵੇਂ ਵਿਸ਼ਵ ਕਬੱਡੀ ਕੱਪ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਇਸ ਕਬੱਡੀ ਕੱਪ ਦੇ ਮੁੱਖ ਪ੍ਰਬੰਧਕ ਤੇ ਸਰਪ੍ਰਸਤ ਸ. ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਉਹ ਇਕ ਵਾਰ ਫਿਰ ਰਿਣੀ ਹਨ ਆਪਣੇ ਸਾਰੇ ਸਪਾਸਰਾਂ ਦੇ ਜਿਨ੍ਹਾਂ ਦੇ ਸਹਿਯੋਗ ਨਾਲ ਇਹ ਕਬੱਡੀ ਇਤਿਹਾਸ ਸਿਰਜਣ ਦੇ ਯੋਗ ਹੋ ਸਕਿਆ ਹੈ। ਉਨ੍ਹਾਂ ਕਿਹਾ ਕਿ ਕਬੱਡੀ ਦੇ ਧੁਨੰਤਰ ਖਿਡਾਰੀ ਹੀ ਇਸ ਖੇਡ ਮੇਲੇ ਵਿਚ ਕਬੱਡੀ ਦੇ ਰੰਗ ਨਹੀਂ

**(ਬਾਕੀ ਸਫਾ 8 'ਤੇ)**

## ਇੰਡੋ-ਅਮਰੀਕਨ ਕਲਚਰਲ ਆਰਗੇਨਾਈਜੇਸ਼ਨ ਵੱਲੋਂ ਕਰਵਾਇਆ ਮੇਲਾ ਗਦਰੀ ਬਾਬਿਆਂ ਦਾ ਅਮਿੱਟ ਛਾਪ ਛੱਡ ਗਿਆ




ਇੰਡੋ-ਅਮਰੀਕਨ ਕਲਚਰਲ ਆਰਗੇਨਾਈਜੇਸ਼ਨ ਵੱਲੋਂ ਮੇਲੇ ਦੇ ਮੁੱਖ ਮਹਿਮਾਨ ਸ੍ਰੀ ਚਰੰਜੀ ਲਾਲ ਕੰਗਣੀਵਾਲ ਦਾ ਵਿਸ਼ੇਸ ਸਨਮਾਨ

(ਤਸਵੀਰਾਂ ਦੇਖੋ ਸਫਾ 11 'ਤੇ ਅਤੇ ਰਿਪੋਰਟ ਦੇਖੋ ਸਫਾ 20 'ਤੇ)



ਐਨਡੀਟੀਵੀ ਦੇ ਸੀਨੀਅਰ ਐਗਜ਼ੀਕਿਊਟਿਵ ਸੰਪਾਦਕ ਰਵੀਸ਼ ਕੁਮਾਰ ਨੂੰ ਫਿਲਪੀਨਜ਼ ਦੀ ਰਾਜਧਾਨੀ ਮਨੀਲਾ 'ਚ 2019 ਦੇ ਰੈਮਨ ਮੈਗਸੈਸੈ ਪੁਰਸਕਾਰ ਨਾਲ ਨਿਵਾਜਿਆ ਗਿਆ ਹੈ। **(ਖਬਰ ਦੇਖੋ ਸਫਾ 4 'ਤੇ)**

## ਵਿਦਿਆ ਦੇ ਚਾਨਣ ਨਾਲ ਪੰਜਾਬ ਦੀ ਨੁਹਾਰ ਬਦਲੀ ਜਾ ਸਕਦੀ ਹੈ- ਪ੍ਰੋ.ਸੰਤੋਖ ਸਿੰਘ ਔਜਲਾ



**ਫਰਿਜਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ਕੁਲਵੰਤ ਧਾਲੀਆਂ–** ਪੜ੍ਹਾਓ ਪੰਜਾਬ, ਬਚਾਓ ਪੰਜਾਬ ਮੁਹਿੰਮ ਚਲਾਉਣ ਵਾਲੇ ਗਰੁੱਪ ਦੇ ਮੋਢੀ ਮੈਬਰ ਪ੍ਰੋ. ਸੰਤੋਖ ਸਿੰਘ ਔਜਲਾ ਅੱਜ-ਕੱਲ੍ਹ ਆਪਣੀ ਕੈਲੇਫੋਰਨੀਆਂ ਫੇਰੀ ਤੇ ਹਨ। **ਬਾਕੀ ਸਫਾ 4 'ਤੇ**


MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms, Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
Note: I am not an Immigration Attorney.
msandhu2014@gmail.com
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

6930 65TH STREET # 115 SACRAMENTO CA 95823
Sandeep Jony Bagga


RAMESH SUMAN
Broker Realtor
RCS-D ™
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY

Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

Kash FABRICS



ਸਾਡੀ ਸਪੈਸ਼ਲਟੀ

ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿਗੇ ਤੇ ਸੂਟ ਅਤੇ ਨਾਲ ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।

KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138



INDIA BAZAAR




INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

WE ACCEPT FOOD STAMPS

CALL TO HAPPY
Cell: (209)-487-2127
Ph: (209) 478-0285
Fax: (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES

1304-E HAMMER LANE, SUITE 12, STOCKTON CA, 95210
EMAIL: indiabazaar08@yahoo.com

Raja
SWEETS & CATERING
AUTHORIZED CATERER FOR MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on facebook: rajasweetsandcatering
Follow us on Twitter: rajasweets

INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT

ਤੁਹਾਡਾ ਆਪਣਾ ਮਨਭਾਉਂਦਾ ਸਟੋਰ

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..


ਕਸ਼ਮੀਰ ਸਿੰਘ ਹੀਰਾ


ਬਰਿੰਦਰ ਬੰਗੜ

Super Eyebrow Threading Now Open

Eyebrow Threading & Henna Tattoo

7 times, Get 8th one free!



Inside India Market

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell : 916-798-8142
Email: IndiaMarketRoseville@gmail.com

# 15ਵੇਂ ਵਿਸ਼ਵ ਕਬੱਡੀ ਕੱਪ ਦੀ ਸਫਲਤਾ ਤੇ ਸੁੱਖ ਸ਼ਾਂਤੀ ਲਈ ਗੁਰਦੁਆਰਾ ਫਰੀਮਾਂਟ 'ਚ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ

## ਧਾਰਮਿਕ, ਸਮਾਜਿਕ ਅਤੇ ਖੇਡ ਸਖਸ਼ੀਅਤਾਂ ਨੇ ਕੀਤੀ ਵੱਡੀ ਗਿਣਤੀ 'ਚ ਸ਼ਿਰਕਤ

**ਫਰੀਮਾਂਟ (ਬਿਓਰੋ)-** ਯੂਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆਂ ਵਲੋਂ ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ 15 ਸਤੰਬਰ ਨੂੰ ਹੋਣ ਵਾਲੇ 15ਵੇਂ ਵਿਸ਼ਵ ਕੱਪ ਦੌਰਾਨ ਖਿਡਾਰੀਆਂ ਦੀ ਤੰਦਰੁਸਤੀ ਅਤੇ ਖੇਡ ਮੇਲੇ ਦੀ ਸਫਲਤਾ ਲਈ ਲੰਘੇ ਐਤਵਾਰ ਸ੍ਰੀ ਅਕਾਲ ਪੁਰਖ ਅੱਗੇ ਅਰਦਾਸ ਬੇਨਤੀ ਕਰਨ ਲਈ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਜਿਸ ਵਿਚ ਵੱਡੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਰੀ ਭਰੀ। ਉਪਰੰਤ ਕਲੱਬ ਦੇ ਜਨਰਲ ਸਕੱਤਰ ਐੱਸ.ਅਸ਼ੋਕ. ਭੌਰਾ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਵਿਸ਼ਵ ਕਬੱਡੀ ਕੱਪ ਨੂੰ ਵੀ ਇਤਿਹਾਸਕ ਬਣਾਉਣ ਦੇ ਉਪਰਾਲੇ ਕੀਤੇ ਜਾ ਰਹੇ ਹਨ। ਗੁਰੂਘਰ ਦੇ ਸੇਵਾਦਾਰ ਭਾਈ ਜਸਵਿੰਦਰ ਸਿੰਘ ਜੰਡੀ ਨੇ ਆਪਣੇ ਵਿਚਾਰਾਂ ਵਿਚ ਕਿਹਾ ਕਿ ਇਸ ਖੇਡ ਮੇਲੇ ਵਿਚ ਸੰਗਤਾਂ ਨੂੰ ਹੁੰਮ ਹੁਮਾ ਕੇ ਪੁੱਜਣਾ ਚਾਹੀਦਾ ਹੈ। ਇਸ ਪਵਿੱਤਰ ਵਰ੍ਹੇ ਵਿਚ ਸ਼ਾਮਿਲ ਹੋਣ ਵਾਲੀਆਂ ਸੰਗਤਾਂ ਨੂੰ ਵੀ ਕਿਸੇ ਵੀ ਪ੍ਰਕਾਰ ਦੇ ਨਸ਼ੇ ਤੋਂ ਪ੍ਰਹੇਜ਼ ਅਤੇ ਗੁਰੇਜ਼ ਕਰਨਾ ਚਾਹੀਦਾ ਹੈ। ਭਾਈ ਦਰਸ਼ਨ ਸਿੰਘ ਨੇ ਕਿਹਾ ਕਿ ਇਹ ਡਰੱਗ ਫ੍ਰੀ ਕਬੱਡੀ ਕੱਪ ਹੈ, ਵਿਸ਼ਵ ਵਿਚ ਗੁਰੂਘਰਾਂ ਵਲੋਂ ਸਾਂਝੇ ਰੂਪ ਵਿਚ ਇਹ ਮੇਲਾ



ਵੇਖਣ ਆਈਆਂ ਸੰਗਤਾਂ ਲਈ ਲੰਗਰ ਦੀ ਸੇਵਾ ਕੀਤੀ ਜਾ ਰਹੀ ਹੈ। ਮੇਲੇ ਦੇ ਮੁੱਖ ਪ੍ਰਬੰਧਕ ਸ. ਅਮੋਲਕ ਸਿੰਘ ਗਾਖਲ ਨੇ ਸਾਰਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਿਛਲੇ ਸਾਲਾਂ ਨਾਲੋਂ ਵੀ ਇਹ ਸਾਲ ਸਮੂਹਿਕ ਪੰਜਾਬੀਆਂ, ਗੁਰੂਘਰਾਂ, ਖੇਡ ਪ੍ਰੇਮੀਆਂ, ਖੇਡ ਕਲੱਬਾਂ ਅਤੇ ਸਮਾਜਿਕ ਸੰਸਥਾਵਾਂ ਵਲੋਂ ਭਰਪੂਰ ਸਹਿਯੋਗ ਮਿਲ ਰਿਹਾ ਹੈ ਅਤੇ ਦੁਨੀਆਂ ਭਰ ਦੇ ਪ੍ਰਸਿੱਧ ਕਬੱਡੀ ਖਿਡਾਰੀ ਇਸ ਮੇਲੇ ਵਿਚ ਦੁਨੀਆਂ ਦੇ ਕੋਨੇ ਕੋਨੇ ਤੋਂ ਪਹੁੰਚ ਰਹੇ ਹਨ ਜੋ ਦਰਸ਼ਕਾਂ ਦਾ ਸਿਹਤਮੰਦ ਕਬੱਡੀ ਨਾਲ ਮਨੋਰੰਜਨ ਕਰਨਗੇ।

ਇਸ ਉਪਰੰਤ ਯੂਨਾਈਟਡ ਸਪੋਰਟਸ ਕਲੱਬ ਦੀ ਇਕ ਅਹਿਮ ਇਕੱਤਰਤਾ ਰਾਜਾ ਸਵੀਟਸ ਯੂਨੀਅਨ ਸਿਟੀ ਵਿਖੇ ਹੋਈ ਜਿਸ ਵਿਚ ਕੌਮਾਂਤਰੀ ਪ੍ਰਸਿੱਧੀ ਪ੍ਰਾਪਤ ਕਬੱਡੀ ਖਿਡਾਰੀ ਤੀਰਥ ਗਾਖਲ ਨੇ ਦੱਸਿਆ ਕਿ ਚਾਰ ਵੱਡੀਆਂ ਕਲੱਬਾਂ ਵਿਚ ਬਰਾਬਰ ਦੇ ਖਿਡਾਰੀ ਕਮਾਲ ਦੀ ਕਬੱਡੀ ਦਾ ਪ੍ਰਦਰਸ਼ਨ ਕਰਨਗੇ ਅਤੇ ਨਵੀਂ ਪੀੜ੍ਹੀ ਨੂੰ ਉਤਸ਼ਾਹਿਤ ਕਰਨ ਲਈ ਆਲ ਓਪਨ ਅਤੇ ਅੰਡਰ-25 ਦੇ ਮੁਕਾਬਲੇ ਵੀ ਕਰਵਾਏ ਜਾ ਰਹੇ ਹਨ। ਪ੍ਰਧਾਨ ਜੁਗਰਾਜ ਸਿੰਘ ਸਹੋਤਾ ਅਤੇ ਸ. ਅਮੋਲਕ ਸਿੰਘ ਗਾਖਲ ਨੇ ਵੀ ਆਪਣੇ ਵਿਚਾਰਾਂ 'ਚ ਜਿੱਥੇ ਸੰਗਤਾਂ ਨੂੰ ਪਹੁੰਚਣ ਦੀ ਪੁਰਜ਼ੋਰ ਅਪੀਲ ਕੀਤੀ ਉੱਥੇ ਆਪਣੇ ਸਪਾਂਸਰਾਂ ਦਾ ਵੀ ਧੰਨਵਾਦ ਕਰਦਿਆਂ ਕਿਹਾ ਕਿ ਇਸ ਖੇਡ ਮੇਲੇ ਲਈ ਰੀੜ੍ਹ ਦੀ ਹੱਡੀ ਹਨ ਅਤੇ ਉਨ੍ਹਾਂ ਦਾ ਸਹਿਯੋਗ ਯੁਨਾਈਟਡ ਸਪੋਰਟਸ ਕਲੱਬ ਲਈ ਹਮੇਸ਼ਾ ਮਾਣ ਬਣਿਆ ਰਹੇਗਾ। ਇਸ ਮੀਟਿੰਗ ਵਿਚ ਚੇਅਰਮੈਨ ਮੱਖਣ ਸਿੰਘ ਬੈਂਸ, ਬੇਏਰੀਆ ਦੇ ਸਪੋਰਟਸ ਕਲੱਬ ਦੇ ਸੰਧੂ ਭਰਾ, ਨੱਥਾ ਸਿੰਘ ਗਾਖਲ, ਨਰਿੰਦਰ ਸਿੰਘ ਸਹੋਤਾ, ਸ. ਮੇਜਰ ਸਿੰਘ ਬੈਂਸ, ਬੀਬੀ ਆਸ਼ਾ ਸ਼ਰਮਾ, ਰਾਜਾ ਨੂਰਪੁਰੀਆ ਅਤੇ ਹੋਰ ਅਨੇਕਾਂ ਸਖਸ਼ੀਅਤਾਂ ਹਾਜ਼ਰ ਸਨ।

# 'ਗਾਖਲ ਬਨਾਮ ਕਬੱਡੀ' ਗੀਤ ਦਾ ਟਰੈਕ ਤੇ ਵੀਡੀਓ ਮੱਖਣ ਸਿੰਘ ਬੈਂਸ ਨੇ ਕੀਤਾ ਰਿਲੀਜ਼

**ਯੂਨੀਅਨ ਸਿਟੀ (ਬਿਓਰੋ)-** ਜੀ.ਬੀ. ਐਂਟਰਟੇਨਮੈਂਟ ਅਤੇ ਇੱਕੀ ਇੰਟਰਨੈਸ਼ਨਲ ਐਂਟਰਟੇਨਮੈਂਟ ਵਲੋਂ ਗਾਖਲ ਭਰਾਵਾਂ, ਸ. ਅਮੋਲਕ ਸਿੰਘ ਗਾਖਲ, ਸ. ਪਲਵਿੰਦਰ ਸਿੰਘ ਗਾਖਲ ਅਤੇ ਸ. ਇਕਬਾਲ ਸਿੰਘ ਗਾਖਲ ਵਲੋਂ ਪਿਛਲੇ ਢਾਈ ਦਹਾਕਿਆਂ ਤੋਂ ਪੰਜਾਬੀਆਂ ਦੀ ਮਾਂ ਖੇਡ ਕਬੱਡੀ ਨੂੰ ਉਤਸ਼ਾਹਿਤ ਕਰਨ ਹਿਤ ਪਾਏ ਯੋਗਦਾਨ ਦੀ ਉਸਤਤ ਵਿਚ ਉੱਘੇ ਸਾਹਿਤਕਾਰ ਤੇ ਗੀਤਕਾਰ ਐੱਸ.ਅਸ਼ੋਕ. ਭੌਰਾ ਦੇ ਲਿਖੇ ਗੀਤ ਦਾ ਟਰੈਕ ਅਤੇ ਵੀਡੀਓ 'ਗਾਖਲ ਵਰਸੇਜ਼ ਕਬੱਡੀ' ਰਾਜਾ ਸਵੀਟਸ ਦੇ ਮਾਲਕ ਅਤੇ ਸਤਿਕਾਰਤ ਸਮਾਜਿਕ ਸਖਸ਼ੀਅਤ ਸ. ਮੱਖਣ ਸਿੰਘ ਬੈਂਸ ਅਤੇ ਉਨ੍ਹਾਂ ਦੇ ਪਿਤਾ ਸ. ਮੇਜਰ ਸਿੰਘ ਬੈਂਸ ਨੇ ਰਿਲੀਜ਼ ਕਰਦਿਆਂ ਕਿਹਾ ਕਿ ਇਹ ਗੀਤ ਸਿਰਫ ਗੀਤ ਹੀ ਨਹੀਂ ਸਗੋਂ ਪੰਜਾਬੀਆਂ ਦੀ ਮਾਂ ਖੇਡ ਕਬੱਡੀ



ਲਈ ਇਕ ਐਸੀ ਵਡਿਆਈ ਹੈ, ਜੋ ਗਾਖਲ ਭਰਾਵਾਂ ਦੀ ਸਖਸ਼ੀਅਤ ਨੂੰ ਬਿਆਨ ਕਰਦਿਆਂ ਹੋਰਨਾਂ ਕਬੱਡੀ ਪ੍ਰੇਮੀਆਂ ਨੂੰ ਵੀ ਇਸ ਖੇਡ ਲਈ ਹੋਰ ਸੁਹਿਰਦਤਾ ਨਾਲ ਕੰਮ ਕਰਨ ਦੀ ਪ੍ਰੇਰਨਾ ਦਿੰਦਾ ਹੈ। ਉਨ੍ਹਾਂ ਕਿਹਾ ਕਿ ਸੋਸ਼ਲ ਮੀਡੀਆ ਅਤੇ ਟੀ.ਵੀ. ਚੈਨਲਾਂ ਤੇ ਜਿੰਨੀ ਵਡਿਆਈ ਚੌਵੀ ਘੰਟਿਆਂ 'ਚ ਇਸ ਗੀਤ 'ਗਾਖਲ ਪੁੱਤ ਪੰਜਾਬ ਦੇ ਧੁੰਮਾਂ ਪਾਈ ਜਾਂਦੇ ਆ' ਨੂੰ ਮਿਲੀ ਹੈ ਸ਼ਾਇਦ ਹੀ ਹੋਰ ਕਿਸੇ ਵੀ ਗੀਤ ਨੂੰ ਮਿਲੀ ਹੋਵੇ। ਬੀਬੀ ਆਸ਼ਾ ਸ਼ਰਮਾ ਤੇ ਇਸ ਗੀਤ ਦੇ ਗੀਤਕਾਰ ਐੱਸ.ਅਸ਼ੋਕ ਭੌਰਾ ਨੇ ਵੀ ਗਾਖਲ ਵਰਸੇਜ਼ ਕਬੱਡੀ ਸਿਰਲੇਖ ਨੂੰ ਢੁਕਵਾਂ ਕਰਾਰ ਦਿੰਦਿਆਂ ਇਨ੍ਹਾਂ ਤਿੰਨਾਂ ਭਰਾਵਾਂ ਦੀ ਸਮਾਜਿਕ, ਸਾਹਿਤਕ, ਸੰਗੀਤਕ, ਧਾਰਮਿਕ, ਖੇਡਾਂ ਅਤੇ ਫਿਲਮੀ ਖੇਤਰ 'ਚ ਪਾਏ ਯੋਗਦਾਨ ਦੀ ਵਡਿਆਈ ਕਰਦਿਆਂ ਇਨ੍ਹਾਂ ਦੀ ਲੰਮੀ ਉਮਰ ਦੀ ਕਾਮਨਾ ਕੀਤੀ। ਬਲਜੀਤ ਸਿੰਘ ਸੰਧੂ, ਨਰਿੰਦਰ ਸਿੰਘ ਸਹੋਤਾ, ਜੁਗਰਾਜ ਸਿੰਘ ਸਹੋਤਾ ਨੇ ਵੀ ਇਸ ਗੀਤ ਨੂੰ ਕਬੱਡੀ ਖੇਤਰ ਦੀ ਇਕ ਪ੍ਰਾਪਤੀ ਮੰਨਿਆ। ਇਸ ਮੌਕੇ 'ਤੇ ਹੋਰ ਵੀ ਬੇਏਰੀਆ ਦੀਆਂ ਜਾਣੀਆਂ ਪਹਿਚਾਣੀਆਂ ਸਖਸ਼ੀਅਤਾਂ ਹਾਜ਼ਰ ਸਨ।।

# ਕੈਪਟਨ ਵੱਲੋਂ ਛੇ ਵਿਧਾਇਕਾਂ ਨੂੰ ਮੰਤਰੀ ਬਣਾਉਣ ਦਾ ਮਾਮਲਾ ਪਹੁੰਚਿਆ ਅਦਾਲਤ

**ਚੰਡੀਗੜ੍ਹ (ਬਿਊਰੋ)-** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਤੋਂ ਮੁੱਖ ਸੰਸਦੀ ਸਕੱਤਰ ਬਣਾਉਣ ਸਬੰਧੀ ਪਈ ਝਾੜ ਦੇ ਬਾਵਜੂਦ ਪੰਜਾਬ ਸਰਕਾਰ ਨੇ ਵਿਧਾਇਕਾਂ ਨੂੰ ਐਡਜਸਟ ਕਰਨ ਦਾ ਨਵਾਂ ਰਾਹ ਕੱਢ ਹੀ ਲਿਆ। ਸਰਕਾਰ ਨੇ ਛੇ ਵਿਧਾਇਕਾਂ ਨੂੰ ਮੁੱਖ ਮੰਤਰੀ ਦੇ ਸਿਆਸੀ ਸਲਾਹਕਾਰ ਵਜੋਂ ਲਗਾਉਣ ਦੀ ਇਜਾਜ਼ਤ ਦਿੱਤੀ ਹੈ। ਇਨ੍ਹਾਂ ਵਿਚੋਂ ਪੰਜ ਨੂੰ ਕੈਬਨਿਟ, ਜਦਕਿ ਇਕ ਨੂੰ ਰਾਜ ਮੰਤਰੀ ਦਾ ਦਰਜਾ ਦਿੱਤਾ ਗਿਆ ਹੈ। ਮੁੱਖ ਸਕੱਤਰ ਕਰਨ ਅਵਤਾਰ ਸਿੰਘ ਨੇ ਇਸ ਸਬੰਧੀ ਹੁਕਮ ਜਾਰੀ ਕਰ ਦਿੱਤੇ ਹਨ। ਉੱਥੇ, ਇਨ੍ਹਾਂ ਨਿਯੁਕਤੀਆਂ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ 'ਚ ਚੁਣੌਤੀ ਦਿੱਤੀ ਗਈ ਹੈ। ਐਡਵੋਕੇਟ ਜਗਮੋਹਨ ਭੱਠੀ ਨੇ ਪਟੀਸ਼ਨ ਦਾਇਰ ਕਰ ਕੇ ਕਿਹਾ ਹੈ ਕਿ ਸੂਬੇ 'ਚ ਮੰਤਰੀਆਂ ਦੀ ਗਿਣਤੀ ਹੁਣ ਵਧ ਕੇ 23 ਤੋਂ ਜ਼ਿਆਦਾ ਹੋ ਗਈ ਹੈ ਜਦਕਿ ਕਾਨੂੰਨ ਮੁਤਾਬਿਕ 17 ਹੋਣੀ ਚਾਹੀਦੀ ਹੈ। ਕੈਪਟਨ ਨੇ



ਅਮਰਿੰਦਰ ਸਿੰਘ ਰਾਜਾ ਵੜਿੰਗ | ਕੁਸ਼ਲਦੀਪ ਸਿੰਘ ਢਿੱਲੋਂ | ਕੁਲਜੀਤ ਸਿੰਘ ਨਾਗਰਾ | ਸੰਗਤ ਸਿੰਘ ਗਿਲਜੀਆਂ | ਇੰਦਰਬੀਰ ਸਿੰਘ ਬੁਲਾਰੀਆ | ਤਰਸੇਮ ਸਿੰਘ ਡੀ ਸੀ

ਇੰਦਰਬੀਰ ਸਿੰਘ ਬੁਲਾਰੀਆ, ਕੁਲਜੀਤ ਸਿੰਘ ਨਾਗਰਾ, ਅਮਰਿੰਦਰ ਸਿੰਘ ਰਾਜਾ ਵੜਿੰਗ, ਸੰਗਤ ਸਿੰਘ ਗਿਲਜੀਆਂ, ਕੁਸ਼ਲਦੀਪ ਸਿੰਘ ਢਿੱਲੋਂ ਤੇ ਤਰਸੇਮ ਸਿੰਘ ਡੀਸੀ ਨੂੰ ਸਿਆਸੀ ਸਲਾਹਕਾਰ ਬਣਾ ਕੇ ਕੈਬਨਿਟ ਰੈਂਕ ਦਿੱਤਾ ਹੈ।

### ਪਿਛਲੀ ਸਰਕਾਰ 'ਚ 22 ਵਿਧਾਇਕ ਸਨ ਸੀ ਪੀ ਐੱਸ

ਸਾਬਕਾ ਸਰਕਾਰ 'ਚ ਲਗਪਗ 22 ਵਿਧਾਇਕਾਂ ਨੂੰ ਮੁੱਖ ਸੰਸਦੀ ਸਕੱਤਰ (ਸੀਪੀਐੱਸ) ਲਗਾ ਕੇ ਐਡਜਸਟ ਕੀਤਾ ਗਿਆ ਸੀ ਪਰ ਪੰਜਾਬ ਅਤੇ ਹਰਾਣਾ ਹਾਈ ਕੋਰਟ ਨੇ ਇਕ ਜਨਹਿੱਤ ਪਟੀਸ਼ਨ ਦਾਇਰ ਕਰ ਕੇ ਫ਼ੈਸਲਾ ਦਿੰਦਿਆਂ ਸਾਰਿਆਂ ਨੂੰ ਹਟਾ ਦਿੱਤਾ ਸੀ।

ਜਾਣਕਾਰਾਂ ਦਾ ਕਹਿਣਾ ਹੈ ਕਿ ਸਰਕਾਰ ਨੂੰ ਵਿਧਾਇਕਾਂ ਨੂੰ ਸਿਆਸੀ ਸਲਾਹਕਾਰ ਲਗਾਉਣ ਦੇ ਮਾਮਲੇ 'ਚ ਨਵਾਂ ਕਾਨੂੰਨ ਲਿਆਉਣਾ ਪੈ ਸਕਦਾ ਹੈ ਜਾਂ ਆਫਿਸ ਆਫ ਪ੍ਰੋਫਿਟ ਵਾਲੇ ਐਕਟ 'ਚ ਸੋਧ ਕਰਨੀ ਪੈ ਸਕਦੀ ਹੈ।

# ਕੈਂਟਰਬਰੀ ਦੇ ਆਰਕ ਬਿਸ਼ਪ ਜਸਟਿਨ ਵੈਲਬੀ ਨੇ ਜੱਲ੍ਹਿਆਂਵਾਲਾ ਬਾਗ਼ 'ਚ ਮੰਗੀ ਮਾਫੀ

**ਅੰਮਿਤਸਰ (ਬਿਊਰੋ)-** ਇੰਗਲੈਂਡ ਦੇ ਕੈਂਟਰਬਰੀ ਦੇ ਆਰਕ ਬਿਸ਼ਪ ਜਸਟਿਨ ਵੈਲਬੀ ਨੇ ਮੰਗਲਵਾਰ ਨੂੰ ਜੱਲ੍ਹਿਆਂਵਾਲਾ ਬਾਗ਼ 'ਚ ਪੁੱਜ ਕੇ ਸ਼ਹੀਦੀ ਯਾਦਗਾਰ 'ਤੇ ਕੜਕਦੀ ਧੁੱਪ ਵਿਚ ਤਪਦੇ ਪੱਥਰ 'ਤੇ ਲੇਟ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਤੋਂ ਇਲਾਵਾ ਇੱਥੇ ਹੋਏ ਕਤਲੇਆਮ ਲਈ ਪਸ਼ਚਾਤਾਪ ਕੀਤਾ। ਜਸਟਿਨ ਵੈਲਬੀ ਨੇ ਕਿਹਾ ਕਿ ਅੱਜ ਤੋਂ ਠੀਕ 100 ਸਾਲਪਹਿਲਾਂਜੱਲ੍ਹਿਆਂਵਾਲਾ ਬਾਗ਼ 'ਚ ਹੋਏ ਕਤਲੇਆਮ



'ਚ ਹੋਏ ਸ਼ਹੀਦਾਂ ਦੇ ਪਰਿਵਾਰ ਵਾਲਿਆਂ ਨਾਲ ਉਨ੍ਹਾਂ ਦੀਆਂ ਦੁਆਵਾਂ ਹਮੇਸ਼ਾ ਰਹਿਣ-ਗੀਆਂ। ਉਹ ਉਮੀਦ ਕਰਦੇ ਹਨ ਕਿ ਜੱਲ੍ਹਿਆਂਵਾਲਾ ਬਾਗ਼ ਕਾਂਡ ਵਾਂਗ ਮਨੁੱਖੀ ਕਰੂਰਤਾ ਨੂੰ ਦੁਹਰਾਇਆ ਨਾ ਜਾਵੇ। ਉਨ੍ਹਾਂ ਕਿਹਾ ਕਿ ਉਹ ਕਿਸੇ ਸਰਕਾਰ ਵੱਲੋਂ ਨਹੀਂ ਬਲਕਿ ਇਕ ਧਾਰਮਿਕ ਆਗੂ ਹੋਣ ਨਾਤੇ ਅੰਮ੍ਰਿਤਸਰ ਆਏ ਹਨ। ਜੱਲ੍ਹਿਆਂਵਾਲਾ ਬਾਗ਼ ਦੀ ਵਿਜ਼ਟਰ ਬੁੱਕ 'ਚ ਉਨ੍ਹਾਂ ਲਿਖਿਆ ਹੈ ਕਿ ਕਤਲੇਆਮ 'ਚ ਸ਼ਹੀਦ ਹੋਏ ਲੋਕਾਂ ਦੇ ਬੱਚਿਆਂ ਲਈ ਵੀ ਉਹ ਵਿਸ਼ੇਸ਼ ਪ੍ਰਾਥਰਨਾ ਕਰਦੇ ਹਨ।

# ਸ਼੍ਰੋਮਣੀ ਸਾਹਿਤਕਾਰ ਅਮਰੀਕ ਸਿੰਘ ਤਲਵੰਡੀ ਪੁਸਤਕ 'ਗਾਗਰ ਵਿੱਚ ਸਾਗਰ' ਹੋਈ ਲੋਕ ਅਰਪਿਤ

**ਯੂਨੀਅਨ ਸਿਟੀ (ਬਿਓਰੋ)-** ਸ਼੍ਰੋਮਣੀ ਸਾਹਿਤਕਾਰ, ਨਾਮੀ ਗੀਤਕਾਰ ਤੇ ਰਾਸ਼ਟਰੀ ਪੁਰਸਕਾਰ ਵਿਜੇਤਾ ਅਮਰੀਕ ਸਿੰਘ ਤਲਵੰਡੀ ਦੀ ਪੁਸਤਕ 'ਗਾਗਰ ਵਿੱਚ ਸਾਗਰ' ਇੱਥੇ ਰਾਜਾ ਸਵੀਟਸ 'ਤੇ ਲੋਕ ਅਰਪਿਤ ਕਰਦਿਆਂ ਉੱਘੇ ਕਾਰੋਬਾਰੀ ਅਤੇ ਖੇਡ ਪ੍ਰਮੋਟਰ ਸ. ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਪੰਜਾਬੀ ਸਾਹਿਤ ਅਤੇ ਸੱਭਿਅਚਾਰ ਨੂੰ ਇਸ ਵੇਲੇ ਅਮਰੀਕ ਤਲਵੰਡੀ ਵਰਗੇ ਸਾਹਿਤਕਾਰਾਂ ਅਤੇ ਸ਼ਾਇਰਾਂ ਦੀ ਜ਼ਰੂਰਤ ਹੈ ਜੋ ਪੰਜਾਬੀ ਗਾਇਕੀ ਦੇ ਗੰਧਲੇ ਹੋ ਰਹੇ ਮਹੌਲ ਨੂੰ ਸਾਫ ਸੁਥਰਾ ਰੱਖ ਸਕਣ। ਉਨ੍ਹਾਂ ਕਿਹਾ ਕਿ ਅਮਰੀਕ ਸਿੰਘ ਤਲਵੰਡੀ ਨੇ ਸਾਹਿਤਕ ਖੇਤਰ 'ਚ ਪ੍ਰਾਪਤੀਆਂ ਹੀ ਨਹੀਂ ਕੀਤੀਆਂ ਸਗੋਂ ਪੈੜਾਂ ਪਾਈਆਂ ਨੇ। ਸਟੇਜ ਦੀ ਮਲਿਕਾ ਆਸ਼ਾ ਸ਼ਰਮਾ ਨੇ ਕਿਹਾ ਕਿ ਅਮਰੀਕ ਸਿੰਘ ਤਲਵੰਡੀ ਨੇ ਇਕ ਵਧੀਆ ਅਧਿਆਪਕ ਵੀ ਹਨ ਅਤੇ ਉਨ੍ਹਾਂ ਨੂੰ ਰਾਜ ਪੁਰਸਕਾਰ ਅਤੇ ਭਾਰਤ ਦੇ ਰਾਸ਼ਟਰਪਤੀ ਵਲੋਂ ਇਕ ਸਫਲ ਅਧਿਆਪਕ ਦੇ ਮਾਣ ਹਿਤ ਰਾਸ਼ਟਰੀ ਪੁਰਸਕਾਰ ਵੀ



ਪ੍ਰਦਾਨ ਕੀਤਾ ਜਾ ਚੁੱਕਾ ਹੈ। 'ਗਾਗਰ ਵਿਚ ਸਾਗਰ' ਵਿਚ ਛੋਟੀਆਂ ਛੋਟੀਆਂ ਰੁਬਾਈਆਂ ਹਨ। ਜਿਨ੍ਹਾਂ ਵਿਚ ਰੁੱਖਾਂ, ਵਾਤਾਵਰਣ, ਪਾਣੀ ਅਤੇ ਪਿਆਰ ਮੁਹੱਬਤ ਦੇ ਸੰਕਲਪ ਨੂੰ ਜਿਊਂਦਾ ਰੱਖਣ ਦਾ ਸੰਦੇਸ਼ ਮਿਲਦਾ ਹੈ। ਇਹ ਪੁਸਤਕ ਸੱਚੀਂ ਗਾਗਰ ਵਿਚ ਸਾਗਰ ਹੈ। ਉੱਘੇ ਸਾਹਿਤਕਾਰ ਐੱਸ.ਅਸ਼ੋਕ ਭੌਰਾ ਨੇ ਕਿਹਾ ਕਿ ਸ੍ਰੀ ਤਲਵੰਡੀ ਨਾਲ ਮੇਰੀ ਤੀਹ ਸਾਲਾਂ ਤੋਂ ਸਾਂਝ ਹੈ ਤੇ ਉਹਨੇ ਸਾਹਿਤ ਤੇ ਸੰਗੀਤ ਖੇਤਰ 'ਚ ਪ੍ਰਾਪਤੀਆਂ ਦੇ ਨਾਲ ਨਾਲ ਸਮਾਜ ਨੂੰ ਮਿਹਨਤੀ ਹੋਣ ਦਾ ਨਮੂਨਾ ਪੇਸ਼ ਕਰਦਿਆਂ ਇਕ ਬਹੁਪੱਖੀ ਸਖਸ਼ੀਅਤ ਵਜੋਂ ਆਪਣੇ ਆਪ ਨੂੰ ਉਭਾਰਿਆ ਹੈ। ਉਸਦੀ ਗੀਤਾਂ ਨੂੰ ਹਰ ਵੱਡੇ ਗਾਇਕ ਨੇ ਗਾਇਆ ਹੈ ਜਿਨ੍ਹਾਂ 'ਤੇ ਕਿਤੇ ਵੀ ਉਂਗਲੀ ਨਹੀਂ ਧਰੀ ਜਾ ਸਕਦੀ।

ਅਮਰੀਕ ਤਲਵੰਡੀ ਮੁਕੰਮਲ ਸਾਹਿਤਕ ਸਖਸ਼ੀਅਤ ਹੈ। ਲੇਖਕ ਜਗਤਾਰ ਗਿੱਲ ਨੇ ਆਪਣੇ ਸ਼ਬਦਾਂ 'ਚ ਤਲਵੰਡੀ ਦੇ ਲਿਖੇ ਅਤੇ ਕੁਲਦੀਪ ਮਾਣਕ ਦੇ ਗਾਏ ਕੁਝ ਗੀਤਾਂ ਦਾ ਜ਼ਿਕਰ ਕਰਦਿਆਂ ਜਾਣਕਾਰੀ ਸਾਂਝੀ ਕੀਤੀ ਕਿ ਦੇਵ ਥਰੀਕੇ, ਸੁਰਿੰਦਰ ਸ਼ਿੰਦਾ ਅਤੇ ਅਮਰੀਕ ਤਲਵੰਡੀ ਆਪਸ ਵਿਚ ਸੰਗੀਤਕ ਅਤੇ ਸਾਹਿਤਕ ਸਾਂਝ ਹੀ ਨਹੀਂ ਰੱਖਦੇ ਸਗੋਂ ਰਿਸ਼ਤੇ ਵਿਚ ਸਾਂਢੂ ਵੀ ਹਨ।

ਇਸ ਮੌਕੇ ਮੱਖਣ ਸਿੰਘ ਬੈਂਸ, ਨਰਿੰਦਰ ਸਿੰਘ ਸਹੋਤਾ, ਜੁਗਰਾਜ ਸਿੰਘ ਸਹੋਤਾ, ਮਹਿੰਗਾ ਸਿੰਘ ਸਰਪੰਚ, ਮੇਜਰ ਸਿੰਘ ਬੈਂਸ ਆਦਿ ਸਖਸ਼ੀਅਤਾਂ ਨੇ ਵੀ ਅਮਰੀਕ ਤਲਵੰਡੀ ਦੀ ਸਾਹਿਤਕ ਸਖਸ਼ੀਅਤ 'ਤੇ ਚਾਨਣਾ ਪਾਇਆ।

# ਵਿਦਿਆ ਦੇ ਚਾਨਣ ਨਾਲ ਪੰਜਾਬ ਦੀ ਨੁਹਾਰ ਬਦਲੀ ਜਾ ਸਕਦੀ ਹੈ- ਪ੍ਰੋ.ਸੰਤੋਖ ਸਿੰਘ ਔਜਲਾ





**ਫਰਿਜਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ਕੁਲਵੰਤ ਧਾਲੀਆਂ–** ਪੜ੍ਹਾਓ ਪੰਜਾਬ, ਬਚਾਓ ਪੰਜਾਬ ਮੁਹਿੰਮ ਚਲਾਉਣ ਵਾਲੇ ਗਰੁੱਪ ਦੇ ਮੋਢੀ ਮੈਂਬਰ ਪ੍ਰੋ. ਸੰਤੋਖ ਸਿੰਘ ਔਜਲਾ ਅੱਜ-ਕੱਲ੍ਹ ਆਪਣੀ ਕੈਲੇਫੋਰਨੀਆਂ ਫੇਰੀ ਤੇ ਹਨ। ਇਸੇ ਕੜੀ ਤਹਿਤ ਉਹ ਸ. ਸੁਰਜੀਤ ਸਿੰਘ ਦੇ ਸੱਦੇ ਤੇ ਫਰਿਜਨੋ ਪਹੁੰਚੇ ਜਿੱਥੇ ਮੈਡੇਟਰਿਨੀਅਨ ਗਰਿੱਲ ਰੈਸ-ਟੋਰੈਂਟ ਵਿੱਚ ਉਹਨਾਂ ਦਾ ਸੁਆਗਤ ਕੀਤਾ ਗਿਆ। ਇਸ ਮੌਕੇ ਉਹਨਾਂ ਪੱਤਰਕਾਰਾਂ ਨਾਲ ਗੱਲ-ਬਾਤ ਕਰਦਿਆਂ ਦੱਸਿਆ ਕਿ ਉਹਨਾਂ ਦੇ ਗਰੁੱਪ ਵੱਲੋਂ ਗਰੀਬ ਤੇ ਲੋੜਵੰਦ ਬੱਚਿਆ ਲਈ ਇੱਕ ਟੀਵੀ ਸਕੂਲ ਚਲਾਇਆ ਜਾ ਰਿਹਾ ਹੈ। ਇਹ ਟੀਵੀ ਸਕੂਲ ਫਾਸਟਵੇਅ ਕੇਬਲ ਨਿੱਟਵਰਕ ਜ਼ਰੀਏ ਕਰੀਬ 40 ਲੱਖ ਘਰਾਂ ਵਿੱਚ ਹਿੰਦੁਸਤਾਨ ਦੀਆਂ ਤਕਰੀਬਨ 7 ਸਟੇਟਾਂ ਵਿੱਚ ਵੇਖਿਆ ਜਾਂਦਾ ਹੈ। ਪੰਜਾਬ, ਹਰਿਆਣਾ , ਹਿਮਾਚਲ, ਚੰਡੀਗੜ੍ਹ, ਦਿੱਲੀ, ਰਾਜਸਥਾਨ, ਉਤਰ ਪ੍ਰਦੇਸ਼ ਆਦਿ ਸਟੇਟਾਂ ਵਿੱਚ ਕਰੀਬ 4 ਲੱਖ ਬੱਚੇ ਟੀਵੀ ਸਕੂਲ ਰਾਹੀਂ ਮੁਫ਼ਤ ਟਿਊਸ਼ਨ ਦਾ ਲਾਭ ਲੈ ਰਹੇ ਹਨ। ਉਹਨਾਂ ਕਿਹਾ ਕਿ ਟੀਵੀ ਸਕੂਲ ਸਿੱਖਿਆ ਚੈਨਲ ਨੂੰ ਸ਼ੁਰੂ ਕਰਨ ਦਾ ਮੁੱਖ ਮਕਸਦ ਪੰਜਾਬ ਦੇ ਉਹਨਾਂ ਬੱਚਿਆਂ ਨੂੰ ਇਕ ਮਿਆਰੀ ਸਿੱਖਿਆ ਪ੍ਰਦਾਨ ਕਰਨਾ ਹੈ ਜਿਹੜੇ ਮਹਿੰਗੇ ਸਕੂਲ ਦੀਆਂ ਫੀਸਾਂ ਨਹੀਂ ਦੇ ਸਕਦੇ ਅਤੇ ਟਿਊਸ਼ਨ ਦੀ ਫੀਸ ਦੇਣ ਦੇ ਅਸਮਰੱਥ ਹਨ। ਉਹਨਾਂ ਕਿਹਾ ਕਿ ਇਸ ਟੀਵੀ ਚੈਨਲ ਰਾਹੀਂ ਅਸੀਂ ਸਾਰੇ ਮਜਬੂਨ ਅੰ-ਗਰੇਜ਼ੀ ਅਤੇ ਪੰਜਾਬੀ ਮਿਕਸ ਕਰਕੇ ਬੱਚਿਆ ਨੂੰ ਬਹੁਤ ਸੌਖੇ ਤਰੀਕੇ ਨਾਲ ਪੜ੍ਹਾਉਂਦੇ ਹਾਂ । ਬੱਚਿਆ ਦੇ ਸਵਾਲਾਂ ਦੇ ਜਵਾਬ ਦੇਣ ਲਈ ਇੱਕ ਵਟਸਐਪ ਨੰਬਰ ਵੀ ਜਾਰੀ ਕੀਤਾ ਗਿਆ ਹੈ। ਉਹਨਾ ਕਿਹਾ ਇਹ ਟਿਊਸ਼ਨ ਟੀਵੀ ਸਕੂਲ ਤੋਂ ਬਿਨਾ ਯੂ-ਟੂਬ, ਮੈਂਮਰੀ ਕਾਰਡ, ਮੋਬਾਇਲ ਐਪ, ਪਿੰਨ ਡਰਾਈਵ, ਸਾਡੀ ਵੈਬਸਾਈਟ ਟਵਸਚਹੋਲ.ਨਿ ਆਦਿ ਤੇ ਵੀ ਉਪਲਭਦ ਹੈ। ਉਹਨਾ ਕਿਹਾ ਕਿ ਇਸ ਸਮੇਂ ਸਾਨੂੰ ਕੋਈ ਫੰਡਿਗ ਵਗੈਰਾ ਨਹੀਂ ਹੋ ਰਹੀ ਅਸੀਂ ਗਰੁੱਪ ਦੇ ਤੌਰ ਤੇ ਇਹ ਟੀਵੀ ਸਕੂਲ ਚਲਾ ਰਹੇ ਹਾਂ ਅਗਰ ਕੁਝ ਦਾਨੀ ਸੱਜਣ ਇਸ ਨੇਕ ਕਾਰਜ ਲਈ ਅੱਗੇ ਆਉਣ ਤਾਂ ਵਿਦਿਆ ਦੇ ਚਾਨਣ ਨਾਲ ਪੰਜਾਬ ਦੀ ਨੁਹਾਰ ਬਦਲੀ ਜਾ ਸਕਦੀ ਹੈ। ਉਹਨਾਂ ਕਿਹਾ ਕਿ ਟੀਵੀ ਸਕੂਲ ਦਾ ਮੁੱਖ ਮਕਸਦ ਲੋੜਵੰਦ ਗਰੀਬ ਬੱਚਿਆ ਤੱਕ ਮੁਫ਼ਤ ਟਿਊਸ਼ਨ ਪਹੁੰਚਾਉਣਾ ਹੈ।




ਅਦਾਰਾ 'ਦੇਸ਼ ਦੁਆਬਾ' ਵੱਲੋਂ 9/11 ਦਹਿਸ਼ਤੀ ਹਮਲੇ ਵਿਚ ਮਾਰੇ ਗਏ ਲੋਕਾਂ ਨੂੰ ਭਾਵ- ਭਿੰਨੀ ਸ਼ਰਧਾਂਜਲੀ।

# ਭਾਰਤੀ ਮੀਡੀਆ ਸੰਕਟ ਦੇ ਦੌਰ 'ਚੋਂ ਗੁਜ਼ਰ ਰਿਹੈ: ਰਵੀਸ਼ ਕੁਮਾਰ

**ਮਨੀਲਾ–** ਉੱਘੇ ਭਾਰਤੀ ਪੱਤਰਕਾਰ ਰਵੀਸ਼ ਕੁਮਾਰ (44) ਨੇ ਕਿਹਾ ਹੈ ਕਿ ਭਾਰਤੀ ਮੀਡੀਆ 'ਸੰਕਟ' ਦੇ ਦੌਰ 'ਚੋਂ ਗੁਜ਼ਰ ਰਿਹਾ ਹੈ ਜੋ ਅਚਾਨਕ ਨਹੀਂ ਸਗੋਂ ਸੋਚ ਵਿਚਾਰ ਕੇ ਮੁਸ਼ਕਲਾਂ ਨਾਲ ਘੇਰਿਆ ਗਿਆ ਹੈ। ਐਨਡੀਟੀਵੀ ਦੇ ਸੀਨੀਅਰ ਐਗਜ਼ੀਕਿਊਟਿਵ ਸੰਪਾਦਕ ਰਵੀਸ਼ ਕੁਮਾਰ ਨੂੰ ਅੱਜ 2019 ਦੇ ਰੈਮਨ ਮੈਗਸੈਸੈ ਪੁਰਸਕਾਰ ਨਾਲ ਨਿਵਾਜਿਆ ਗਿਆ ਹੈ। ਪੁਰਸਕਾਰ ਦੇਣ ਵਾਲੇ ਪੱਤਰ 'ਚ ਕਿਹਾ ਗਿਆ ਹੈ ਕਿ ਭਾਰਤ ਦੇ ਪ੍ਰਭਾਵਸ਼ਾਲੀ ਟੀਵੀ ਪੱਤਰਕ-ਾਰਾਂ 'ਚੋਂ ਇਕ ਰਵੀਸ਼ ਕੁਮਾਰ ਆਪਣੀਆਂ ਖ਼ਬਰਾਂ 'ਚ ਆਮ ਲੋਕਾਂ ਦੀਆਂ ਸਮੱਸਿਆਵਾਂ ਨੂੰ ਤਰਜੀਹ ਦਿੰਦੇ ਹਨ।

ਫਿਲਪੀਨਜ਼ ਦੀ ਰਾਜਧਾਨੀ ਮਨੀਲਾ 'ਚ ਪੁਰਸਕਾਰ ਹਾਸਲ ਕਰਨ ਮਗਰੋਂ ਆਪਣੇ ਸੰਬੋਧਨ 'ਚ ਉਨ੍ਹਾਂ ਕਿਹਾ ਕਿ ਭਾਰਤੀ ਮੀਡੀਆ ਸੰਕਟ ਦੀ ਹਾਲਤ 'ਚ ਹੈ ਅਤੇ ਇਹ ਸੰਕਟ ਅਚਾਨਕ ਨਹੀਂ ਆਇਆ ਹੈ ਸਗੋਂ ਯੋਜਨਾਬੱਧ ਹੈ। ਰਵੀਸ਼ ਕੁਮਾਰ ਨੇ ਕਿਹਾ,''ਮੈਂ ਆਪਣੇ ਲਈ ਤਾਂ ਖੁਸ਼ ਹਾਂ ਪਰ ਜਿਸ ਪੇਸ਼ੇ ਦੀ ਦੁਨੀਆਂ ਤੋਂ ਆਉਂਦਾ ਹਾਂ, ਉਸ ਦੀ ਹਾਲਤ ਨਿਰਾਸ਼ਾ ਬਿਆਨ ਕਰਦੀ ਹੈ।'' ਆਪਣੇ ਸੰਬੋਧਨ 'ਚ ਉਨ੍ਹਾਂ ਕਿਹਾ ਕਿ ਪੱਤਰਕਾਰ ਹੋਣਾ



ਹੁਣ ਨਿੱਜੀ ਕੋਸ਼ਿਸ਼ ਹੋ ਗਈ ਹੈ ਕਿਉਂਕਿ ਸਮਾਚਾਰ ਅਦਾਰੇ ਅਤੇ ਉਨ੍ਹਾਂ ਦੇ ਕਾਰ-ਪੋਰੇਟ ਐਗਜ਼ੀਕਿਊਟਿਵ ਹੁਣ ਅਜਿਹੇ ਪੱਤਰਕਾਰਾਂ ਨੂੰ ਨੌਕਰੀਆਂ ਛੱਡਣ ਲਈ ਮਜਬੂਰ ਕਰ ਰਹੇ ਹਨ ਜੋ ਸਮਝੌਤਾ ਨਹੀਂ ਕਰਦੇ ਹਨ। 'ਫਿਰ ਵੀ ਇਹ ਦੇਖਣਾ ਹੌਸਲਾ ਦਿੰਦਾ ਹੈ ਕਿ ਅਜਿਹੇ ਹੋਰ ਵੀ ਪੱਤਰਕਾਰ ਹਨ ਜੋ ਜਾਨ ਅਤੇ ਨੌਕਰੀ ਦੀ ਪਰਵਾਹ ਕੀਤੇ ਬਿਨਾਂ ਪੱਤਰਕਾਰੀ ਕਰ ਰਹੇ ਹਨ।' ਰਵੀਸ਼ ਕੁਮਾਰ ਨੇ 5 ਅਗਸਤ ਨੂੰ ਧਾਰਾ 370 ਹਟਾਏ ਜਾਣ ਮਗਰੋਂ ਕਸ਼ਮੀਰ ਦੇ ਹਾਲਾਤ ਅਤੇ ਵਾਦੀ 'ਚ ਸੰਚਾਰ ਸੇਵਾਵਾਂ 'ਤੇ ਪਾਬੰਦੀ ਜਿਹੇ ਵਿਸ਼ਿਆਂ ਉਪਰ ਵੀ ਆਪਣੀ ਰਾਏ ਰੱਖੀ। ਉਨ੍ਹਾਂ ਕਿਹਾ ਕਿ ਜਦੋਂ ਕਸ਼ਮੀਰ 'ਚ ਇੰਟਰਨੈਂਟ ਬੰਦ ਕੀਤਾ ਗਿਆ ਤਾਂ ਸਾਰਾ ਮੀਡੀਆ ਸਰਕਾਰ ਦੇ ਪੱਖ 'ਚ ਆ ਗਿਆ ਪਰ ਕੁਝ ਅਜਿਹੇ ਵੀ ਸਨ ਜਿਨ੍ਹਾਂ ਸੱਚ ਦਿਖਾਉਣ ਦੀ ਹਿੰਮਤ ਕੀਤੀ ਅਤੇ ਟਰੌਲਾਂ ਦੀ ਫ਼ੌਜ ਦਾ ਸਾਹਮਣਾ ਕੀਤਾ। ਉਨ੍ਹਾਂ ਕਿਹਾ ਕਿ ਹਰ ਜੰਗ ਜਿੱਤਣ ਲਈ ਨਹੀਂ ਲੜੀ ਜਾਂਦੀ ਪਰ ਕੁਝ ਜੰਗਾਂ ਸਿਰਫ਼ ਇਸ ਲਈ ਲੜੀਆਂ ਜਾਂਦੀਆਂ ਹਨ ਤਾਂ ਜੋ ਦੁਨੀਆਂ ਨੂੰ ਦੱਸਿਆ ਜਾ ਸਕੇ ਕਿ ਕੋਈ ਹੈ ਜੋ ਲੜ ਰਿਹਾ ਹੈ। 'ਮੈਂ ਉਨ੍ਹਾਂ ਸਾਰੇ ਪੱਤਰਕਾਰਾਂ ਵੱਲੋਂ ਇਸ ਸਨਮਾਨ ਨੂੰ ਸਵੀਕਾਰ ਕਰਦਾ ਹਾਂ।'

# ਦਹਿਸ਼ਤੀ ਹਮਲੇ ਦੀਆਂ ਰਿਪੋਰਟਾਂ ਮਗਰੋਂ ਦੱਖਣੀ ਰਾਜਾਂ 'ਚ ਹਾਈ ਅਲਰਟ

ਅਮਰਾਵਤੀ- ਫ਼ੌਜ ਨੂੰ ਦੇਸ਼ ਦੇ ਦੱਖਣੀ ਹਿੱਸੇ ਵਿੱਚ ਦਹਿਸ਼ਤੀ ਹਮਲੇ ਦੀਆਂ ਮਿਲੀਆਂ ਰਿਪੋਰਟਾਂ ਮਗਰੋਂ ਹਾਈ ਅਲਰਟ ਜਾਰੀ ਕਰਦਿਆਂ ਦੱਖਣੀ ਰਾਜਾਂ ਨੂੰ ਚੌਕਸ ਰਹਿਣ ਲਈ ਆਖ ਦਿੱਤਾ ਗਿਆ ਹੈ। ਥਲ ਸੈਨਾ ਦੀ ਦੱਖਣੀ ਕਮਾਂਡ ਵਿੱਚ ਜੀਓਸੀ-ਇਨ-ਸੀ ਲੈਫਟੀਨੈਂਟ ਜਨਰਲ ਐੱਸ.ਕੇ.ਸੈਣੀ ਨੇ ਪੁਣੇ ਵਿੱਚ ਇਕ ਸਮਾਗਮ ਦੌਰਾਨ ਕਿਹਾ ਕਿ ਸਰ ਕਰੀਕ ਖੇਤਰ ਵਿੱਚੋਂ ਕੁਝ ਲਾਵਾਰਿਸ ਕਿਸ਼ਤੀਆਂ ਮਿਲੀਆਂ ਹਨ। ਉਨ੍ਹਾਂ ਕਿਹਾ, 'ਸਾਨੂੰ ਕੁਝ ਰਿਪੋਰਟਾਂ ਮਿਲੀਆਂ ਹਨ ਕਿ ਦੇਸ਼ ਦੇ ਦੱਖਣੀ ਹਿੱਸੇ ਤੇ ਪ੍ਰਾਇਦੀਪ ਭਾਰਤ ਵਿੱਚ ਦਹਿਸ਼ਤੀ ਹਮਲਾ ਹੋ ਸਕਦਾ ਹੈ।' ਫ਼ੌਜੀ ਕਮਾਂਡਰ ਨੇ ਕਿਹਾ ਕਿ ਇਹਤਿਆਤ ਵਜੋਂ ਸਰ ਕਰੀਕ ਖੇਤਰ ਵਿੱਚ ਤਾਇਨਾਤ ਸਲਾਮਤੀ ਦਸਤਿਆਂ ਨੂੰ ਚੌਕਸ ਕਰਦਿਆਂ ਸੁਰੱਖਿਆ ਵਧਾ ਦਿੱਤੀ ਗਈ ਹੈ। ਸ੍ਰੀਹਰੀਕੋਟਾ ਸਥਿਤ ਸਤੀਸ਼ ਧਵਨ ਪੁਲਾੜ ਕੇਂਦਰ ਤੇ ਭਗਵਾਨ ਵੈਂਕਟੇਸ਼ਵਰ ਮੰਦਿਰ ਦੀ ਸੁਰੱਖਿਆ ਵਿੱਚ ਵੀ ਚੋਖਾ ਵਾਧਾ ਕੀਤਾ ਗਿਆ ਹੈ। ਉਧਰ ਕੇਰਲਾ ਪੁਲੀਸ ਦੇ ਮੁਖੀ ਲੋਕਨਾਥ ਬਹੇੜਾ ਨੇ ਕਿਹਾ ਕਿ ਜ਼ਿਲ੍ਹਾ ਪੁਲੀਸ ਮੁਖੀਆਂ ਨੂੰ ਪੂਰੇ ਸੂਬੇ 'ਚ ਹਾਈ ਅਲਰਟ ਰੱਖਣ ਲਈ ਆਖਦਿਆਂ ਚੌਕਸ ਕਰ ਦਿੱਤਾ ਗਿਆ ਹੈ। ਡੀਜੀਪੀ ਨੇ ਪੁਲੀਸ ਅਮਲੇ ਨੂੰ ਬੱਸ ਸਟੈਂਡਾਂ, ਰੇਲਵੇ ਸਟੇਸ਼ਨਾਂ, ਹਵਾਈ ਅੱਡਿਆਂ ਤੇ ਹੋਰਨਾਂ ਜਨਤਕ ਥਾਵਾਂ 'ਤੇ ਸਖ਼ਤ ਸੁਰੱਖਿਆ ਚੌਕਸੀ ਵਰਤਣ ਲਈ ਕਿਹਾ ਹੈ। ਪੁਲੀਸ ਬਿਆਨ ਮੁਤਾਬਕ, 'ਓਨਮ ਦੇ ਜਸ਼ਨਾਂ ਲਈ ਵੱਡੀ ਗਿਣਤੀ ਲੋਕਾਂ ਦੇ ਇਕੱਤਰ ਹੋਣ ਵਾਲੀਆਂ ਸਾਰੀਆਂ ਥਾਵਾਂ 'ਤੇ ਸੁਰੱਖਿਆ ਵਧਾ ਦਿੱਤੀ ਗਈ ਹੈ।' ਰੱਖਿਆ ਤਰਜਮਾਨ ਨੇ ਚੇਨੱਈ ਵਿੱਚ ਕਿਹਾ, 'ਥਲ ਸੈਨਾ ਦੀ ਦੱਖਣੀ ਕਮਾਂਡ ਹੇਠ ਤਾਮਿਲ ਨਾਡੂ, ਕੇਰਲ, ਆਂਧਰਾ ਪ੍ਰਦੇਸ਼ ਤੇ ਕਰਨਾਟਕ ਹੀ ਨਹੀਂ ਬਲਕਿ ਗੁਜਰਾਤ ਦਾ ਵੀ ਕੁਝ ਹਿੱਸਾ ਆਉਂਦਾ ਹੈ। ਇਸ ਵਿੱਚ ਦੱਖਣੀ ਪ੍ਰਾਇਦੀਪ ਤੇ ਗੁਜਰਾਤ ਦੇ ਕੁਝ ਹਿੱਸੇ ਸ਼ਾਮਲ ਹਨ। ਇਕ ਸਿਖਰਲੇ ਪੁਲੀਸ ਅਧਿਕਾਰੀ ਨੇ ਕਿਹਾ ਕਿ ਦੱਖਣੀ ਭਾਰਤ ਵਿੱਚ ਸੰਭਾਵੀ ਦਹਿਸ਼ਤੀ ਹਮਲੇ ਦੇ ਮੱਦੇਨਜ਼ਰ ਆਂਧਰਾ ਪ੍ਰਦੇਸ਼ ਦੀ 974 ਕਿਲੋਮੀਟਰ ਲੰਮੀ ਸਾਹਿਲੀ ਪੱਟੀ 'ਤੇ ਸੁਰੱਖਿਆ ਵਧਾ ਦਿੱਤੀ ਗਈ ਹੈ। ਏਡੀਜੀਪੀ (ਕਾਨੂੰਨ ਤੇ ਵਿਵਸਥਾ) ਰਵੀ ਸ਼ੰਕਰ ਅੱਯਾਨਾਰ ਨੇ ਕਿਹਾ ਕਿ ਅਹਿਮ ਟਿਕਾਣਿਆਂ 'ਤੇ ਵਿਸ਼ੇਸ਼ ਸੁਰੱਖਿਆ ਦਸਤੇ ਤਾਇਨਾਤ ਕੀਤੇ ਗਏ ਹਨ ਤੇ ਕੰਟਰੋਲ ਰੂਮ ਲਗਾਤਾਰ ਸਾਰੇ ਸਾਹਿਲੀ ਪੁਲੀਸ ਸਟੇਸ਼ਨਾਂ ਦੇ ਸੰਪਰਕ ਵਿੱਚ ਹੈ।




BERKSHIRE HATHAWAY
Home Services
ELITE REAL ESTATE

Shangara Ram
Realtor CalBRE# 01969522

* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;

Cell: 916-479-5587, Fax # 916-721-2373
Office: 916-681-5112
shangararam2@gmail.com
7412 Elsie Ave., Sacramento, CA 95828


# ਅਲਹਾਂਬਰਾ, ਕੈਲੀਫੋਰਨੀਆ ਗੁਰਦੁਆਰਾ ਸਾਹਿਬ ਵਾਲੇ ਸਥਾਨ 'ਤੇ ਵਪਾਰਕ ਕੰਪਲੈਕਸ ਬਣਾਉਣ ਦੀ ਤਿਆਰੀ

**ਅਲਹਾਂਬਰਾ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)—** ਅਲਹਾਂਬਰਾ, ਕੈਲੀਫੋਰਨੀਆ ਵਿਚ ਗੁਰਦੁਆਰਾ ਸਾਹਿਬ ਦੀ ਸਥਾਪਨਾ ਕੋਈ 43 ਸਾਲ ਪਹਿਲਾਂ ਕੀਤੀ ਗਈ ਸੀ। ਹਾਲਾਂ ਕਿ 15 ਸਾਲ ਪਹਿਲਾਂ ਇਸ ਗੁਰੂ ਘਰ ਨੂੰ 60 ਫਰੀਵੇਅ ਨੇੜੇ ਤਬਦੀਲ ਕਰ ਦਿੱਤਾ ਗਿਆ ਸੀ ਪਰ ਸੰਗਤ ਦੇ ਜੋਰ ਪਾਉਣ 'ਤੇ 2015 ਵਿਚ ਗੁਰੂ ਘਰ ਫਿਰ ਪਹਿਲਾਂ ਵਾਲੇ ਸਥਾਨ 'ਤੇ ਆ ਗਿਆ ਜਿਸ ਜਮੀਨ ਦਾ ਹੁਣ ਮਾਲਕ ਹੈਰਾਲਡ ਲਾਊ ਹੈ। ਮਾਲਕ ਕੋਲੋਂ ਪ੍ਰਤੀ ਮਹੀਨੇ ਦੇ ਹਿਸਾਬ ਨਾਲ ਪਟੇ ਉਪਰ ਇਹ ਜਮੀਨ ਗੁਰਦੁਆਰਾ ਸਾਹਿਬ ਵਾਸਤੇ ਲਈ ਗਈ ਸੀ। ਸੰਗਤਾਂ ਉਸ ਵੇਲੇ ਹੈਰਾਨ ਰਹਿ ਗਈਆਂ ਜਦੋਂ ਉਨਾਂ ਨੂੰ ਪਤਾ ਲੱਗਾ ਕਿ ਜਮੀਨ ਦਾ ਮਾਲਕ ਇਸ ਸਥਾਨ ਉਪਰ ਹੁਣ ਵਪਾਰਕ ਤੇ ਹਾਊਸਿੰਗ ਕੰਪਲੈਕਸ ਬਣਾਉਣਾ ਚਹੁੰਦਾ ਹੈ ਜਿਸ ਕਾਰਨ ਗੁਰੂ ਘਰ ਨੂੰ ਢਾਹ ਦੇਣ ਦੀ ਸੰਭਾਵਨਾ ਬਣੀ ਹੋਈ ਹੈ। ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸੰਤੋਖ ਸਿੰਘ ਨੇ ਇਸ ਸਬੰਧੀ ਕਿਹਾ ਕਿ ਅਸੀਂ ਗੁਰੂ ਘਰ ਨਾਲ ਜੁੜੀ ਸੰਗਤ ਵਿਚ ਖਲਬਲੀ ਨਹੀਂ ਮਚਾਉਣਾ ਚਹੁੰਦੇ ਪਰੰਤੂ ਸਾਡੇ ਕੋਲ ਕੋਈ ਦੂਸਰਾ ਬਦਲ ਲੱਭਣ ਤੋਂ ਬਿਨਾਂ ਕੋਈ ਚਾਰਾ ਨਹੀਂ ਰਿਹਾ।

ਉਨਾਂ ਕਿਹਾ ਕਿ ਕੰਪਲੈਕਸ ਬਣਾਉਣ ਬਾਰੇ ਸੁਣਵਾਈ ਅਲਹਾਂਬਰਾ ਸਿਟੀ ਪੈਲਨਿੰਗ ਕਮਿਸ਼ਨ ਨੇ 17 ਜੂਨ ਨੂੰ ਕੀਤੀ ਸੀ । ਪਲੈਨਿੰਗ ਕਮਿਸ਼ਨ ਨੇ ਲਾਊ ਦੇ ਪ੍ਰਾਜੈਕਟ ਨੂੰ 8 ਦੇ ਮੁਕਾਬਲੇ 2 ਵੋਟਾਂ ਨਾਲ ਪ੍ਰਵਾਨਗੀ ਦੇ ਦਿੱਤੀ ਸੀ। ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਨੂੰ ਇਸ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ।

ਬਾਅਦ ਵਿਚ 26 ਜੂਨ ਨੂੰ ਗੁਰਦੁਆਰਾ ਸਾਹਿਬ ਦੇ ਗੇਟ ਤੋਂ ਕੁਝ ਦੂਰ ਇਕ ਦਰਖਤ ਉਪਰ ਨੋਟਿਸ ਚਿਪਕਾਇਆ ਮਿਲਿਆ ਜਿਸ ਵਿਚ ਵੋਟਾਂ ਪੈਣ ਦੀ ਗੱਲ ਕਹੀ ਗਈ ਸੀ ਪਰ ਇਸ ਸਮੇਂ ਤੱਕ ਬਹੁਤ ਦੇਰ ਹੋ ਚੁੱਕੀ ਸੀ। ਉਨਾਂ ਕਿਹਾ ਕਿ ਕਈ ਵਾਰ ਮਾਲਕ ਨਾਲ ਜਮੀਨ ਖਰੀਦਣ ਬਾਰੇ ਗੱਲ ਕੀਤੀ ਗਈ ਪਰ ਉਸ ਨੇ ਜਮੀਨ ਵੇਚਣ ਤੋਂ ਨਾਂਹ ਕਰ ਦਿੱਤੀ। ਮਾਲਕ ਦਾ ਕਹਿਣਾ ਸੀ ਕਿ ਜਮੀਨ ਬਹੁਤ ਮਹਿੰਗੀ ਹੈ ਤੁਹਾਡੇ ਵੱਸ ਦੀ ਗੱਲ ਨਹੀਂ ਹੈ। ਇਕ ਅੰਦਾਜੇ ਅਨੁਸਾਰ ਜਮੀਨ ਦੀ ਕੀਮਤ 10 ਲੱਖ ਡਾਲਰ ਦੇ ਕਰੀਬ ਹੈ। ਸੰਤੋਖ ਸਿੰਘ ਨੇ ਕਿਹਾ ਕਿ ਹੁਣ ਕੇਵਲ ਸਿਟੀ ਕੌਂਸਲ ਹੀ ਇਸ ਵਿਵਾਦਤ ਮਾਮਲੇ 'ਤੇ ਕੋਈ ਫੈਸਲਾ ਲੈ ਸਕਦੀ ਹੈ ਜਿਸ ਨੂੰ ਸਾਰੀ ਸਥਿੱਤੀ ਤੋਂ ਜਾਣੂ ਕਰਵਾ ਦਿੱਤਾ ਗਿਆ ਹੈ। ਉਨਾਂ ਕਿਹਾ ਕਿ ਅਸੀਂ ਉਡੀਕੋ ਤੇ ਵੇਖੋ ਦੀ ਨੀਤੀ ਉਪਰ ਚਲ ਰਹੇ ਹਾਂ, ਜੋ ਗੁਰੂ ਨੂੰ ਮੰਨਜੂਰ ਹੋਵੇਗਾ ਉਹ ਹੀ ਹੋਵੇਗਾ।


'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com, www.ambedkartimes.com

# ਹਰਪ੍ਰੀਤ ਰੰਧਾਵਾ ਦੇ ਨਵੇਂ ਇਕ ਹੋਰ ਗੀਤ ਯਾਰ ਕੈਨੇਡਾ ਵਾਲੇ ਨੂੰ ਦੇਸ਼ ਪ੍ਰਦੇਸ਼ ਚ' ਮਿਲਿਆਂ ਭਰਵਾਂ ਹੁੰਗਾਰਾ

**ਨਿਊਯਾਰਕ/ਟੋਰਾਂਟੋ (ਰਾਜ ਗੋਗਨਾ)–** ਯਾਰ ਕੈਨੇਡਾ ਵਾਲੇ ਦੇ ਗਾਇਕ ਹਰਪ੍ਰੀਤ ਰੰਧਾਵਾ ਦਾ ਆਏ ਨਵੇਂ ਗੀਤ ਨੂੰ ਦੇਸ਼ਾਂ-ਪਰਦੇਸਾਂ ਚ' ਕਾਫ਼ੀ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਕੈਨੇਡਾ ਚ' ਰਹਿੰਦੇ ਅਤੇ ਪੰਜਾਬ ਦੇ ਜਿਲਾ ਕਪੂਰਥਲਾ ਦੇ ਪਿੰਡ ਲੱਖਣ ਕਲਾਂ ਨਾਲ ਪਿਛੋਕੜ ਰੱਖਣ ਵਾਲੇ ਇਸ ਕਲਾਕਾਰ ਨਾਲ ਸਾਡੇ ਪੱਤਰਕਾਰ ਵੱਲੋਂ ਫ਼ੋਨ ਵਾਰਤਾ ਦੋਰਾਨ ਇਸ ਗਾਇਕ ਨੇ ਦੱਸਿਆ ਕਿ ਅਜੋਕੇ ਸਮੇਂ 'ਚ ਚੱਲਦੀ ਲੱਚਰਤਾ, ਗੁੰਡਾਗਰਦੀ, ਹਥਿਆਰਾਂ ਤੇ ਨਸ਼ਿਆਂ ਨੂੰ ਪ੍ਰੋਮੋਟ ਕਰਨ ਵਾਲੇ ਗੀਤਾਂ ਦੀ ਹਨੇਰੀ ਦੇ ਖ਼ਿਲਾਫ ਡੱਟਕੇ ਪਹਿਰਾ ਦਿੰਦੇ ਹੋਏ, ਪੰਜਾਬ ਪੰਜਾਬੀ ਅਤੇ ਪੰਜਾਬੀਅਤ ਲਈ ਆਪਣਾ ਫਰਜ ਨਿਭਾਉਂਦੇ ਹੋਏ, ਪ੍ਰਦੇਸਾਂ ( ਕੈਨੇਡਾ ) ਚ ਵੱਸਦੇ ਪੰਜਾਬੀਆਂ




ਦੀ ਮਿਹਨਤਕਸ਼ ਜਿੰਦਗੀ ਤੇ ਉਹਨਾਂ ਦੇ ਪੰਜਾਬੀ ਮਾਂ ਬੋਲੀ ਪ੍ਰਤੀ ਪਿਆਰ ਨੂੰ ਸਮਰਪਿਤ ਟਰੈਕ " ਯਾਰ ਕੈਨੇਡਾ ਵਾਲੇ " ਲੈ ਕੇ ਆਪ ਸਭ ਦੇ ਰੂਬਰੂ ਹੋਏ ਹਾਂ ਜੀ ਉਮੀਦ ਹੈ ਜੀ ਤੁਸੀ ਸਾਡੇ ਏਸ ਸਾਫ ਸੁਥਰੇ ਤੇ ਸੱਭਿਅਕ ਉਪਰਾਲੇ ਨੂੰ ਆਪਣੇ ਸਰਕਲ ਦੇ ਸਾਰੇ ਹੀ ਦੋਸਤਾਂ ਮਿੱਤਰਾਂ ਤੱਕ ਜ਼ਰੂਰ ਪਹੁੰਚਾਓਗੇ ਅਤੇ ਆਪਣੇ ਰੇਡੀਓ ਦੇ ਸਾਰੇ ਪ੍ਰੋਗਰਾਮਾਂ ਚ ਵੀ ਦੱਬ ਕੇ ਚਲਾਓਗੇ ਜੀ !! ਰੰਧਾਵਾ ਨੇ ਦੱਸਿਆ ਕਿ ਇਹ ਟਰੈਕ: "ਰਹਿਣ ਚੜ੍ਹਦੀਕਲਾ 'ਚ ਬਈ, ਸਾਡੇ ਯਾਰ ਕੈਨੇਡਾ ਵਾਲੇ"

ਗਾਇਕ : ਹਰਪ੍ਰੀਤ ਰੰਧਾਵਾ ( ਟੋਰਾਂਟੋ )
ਗੀਤਕਾਰ : ਭੱਟੀ ਭੜੀਵਾਲਾ
ਸੰਗੀਤ : ਆਸ਼ੂ ਸਿੰਘ
ਕੰਪਨੀ : ਲੋਕ ਰੰਗ ਆਡੀਓ

# ਉੱਘੇ ਸ਼ਾਇਰ ਦਲਜੀਤ ਰਿਆੜ ਨੂੰ ਸਦਮਾ

**ਫਰਿਜਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ–** ਫਰਿਜ਼ਨੋ ਨਿਵਾਸੀ ਉੱਘੇ ਸ਼ਾਇਰ ਦਲਜੀਤ ਸਿੰਘ ਰਿਆੜ ਨੂੰ ਪਿਛਲੇ ਦਿਨੀਂ ਉਸ ਵਕਤ ਭਾਰੀ ਸਦਮਾ ਪਹੁੰਚਿਆ ਜਦੋਂ ਉਹਨਾਂ ਦੇ ਸਤਿਕਾਰਯੋਗ ਮਾਤਾ ਅਮਰ ਕੌਰ ਰਿਆੜ (91) ਇਸ ਫ਼ਾਨੀ ਦੁਨੀਆ ਨੂੰ ਸਦਾ ਲਈ ਅਲਵਿਦਾ ਆਖ ਗਏ। ਉਹਨਾਂ ਦੀ ਦੇਹ ਦਾ ਅੰਤਿਮ ਸੰਸਕਾਰ ਮਿਤੀ 14 ਸਤੰਬਰ ਦਿਨ ਸ਼ਨੀਵਾਰ ਨੂੰ ਸ਼ਾਂਤ ਭਵਨ ਫਿਊਨਰਲ ਹੋਮ ਫਾਉਲਰ (99 ਅਤੇ ਕਲੋਵਸ ਐਵਿਨਿਊ) ਵਿਖੇ ਸਵੇਰੇ 11 ਤੋਂ ਦੁਪਿਹਰ 1 ਵਜੇ ਦਰਮਿਆਨ ਹੋਵੇਗਾ, ਉਪਰੰਤ ਭੋਗ ਗੁਰਦਵਾਰਾ ਸਿੰਘ ਸਭਾ (99 ਅਤੇ ਸ਼ਾਹ ਐਵਿਨਿਊ) ਫਰਿਜਨੋ ਵਿਖੇ ਪਵੇਗਾ। ਦੁੱਖ ਸਾਂਝਾ ਕਰਨ ਲਈ ਸੰਪਰਕ ਨੰਬਰ (559) 351-0510



# ਅਮਰੀਕਾ ਦੇ ਇਲੀਨੋਇਸ ਸੂਬੇ ਚ ਨਸਲੀ ਨਫ਼ਰਤੀ ਅਪਰਾਧ ਰੋਕਣ ਲਈ ਬਣੇ ਨਵੇਂ ਕਾਨੂੰਨ ਤਹਿਤ ਹੋਵੇਗੀ ਸਖਤ ਕਾਰਵਾਈ

**ਏਲੀਨੋਇਸ (ਹੁਸਨ ਲੜੋਆ ਬੰਗਾ)–** ਇਲੀਨੋਇਸ ਸਟੇਟ ਪ੍ਰਤੀਨਿੱਧ ਜੋਨਾਥਨ ਕੈਰੋਲ, ਡੀ-ਨਾਰਥਬਰੁੱਕ ਨੇ ਉਸ ਕਦਮ ਦਾ ਸਵਾਗਤ ਕੀਤਾ ਹੈ ਜਿਸ ਤਹਿਤ ਉਨਾਂ ਲੋਕਾਂ ਵਾਸਤੇ ਨਵੀਂ ਸਜ਼ਾ ਦੀ ਵਿਵਸਥਾ ਕੀਤੀ ਗਈ ਹੈ ਜੋ ਦੂਸਰੇ ਧਰਮ ਦੇ ਲੋਕਾਂ ਵਿਰੁੱਧ ਹਿੰਸਾ ਕਰਦੇ ਹਨ। ਇਹ ਕਦਮ ਹਾਲ ਹੀ ਵਿਚ ਲੀਨੋਇਸ ਰਾਜ ਵਿਚ ਕਾਨੂੰਨ ਦੀ ਸ਼ਕਲ ਅਖਤਿਆਰ ਕਰ ਚੁੱਕਾ ਹੈ। ਕੈਰੋਲ ਨੇ ਕਿਹਾ ਹੈ ਕਿ ''ਲੋਕ ਆਪਣੇ ਧਰਮ ਕਾਰਨ ਨਿਰੰਤਰ ਹਮਲਿਆਂ ਦਾ ਸ਼ਿਕਾਰ ਹੋ ਰਹੇ ਹਨ। ਅਜਿਹਾ ਹੋਣਾ ਨੈਤਿਕ ਤੌਰ 'ਤੇ ਗਲਤ ਹੈ। ਇਹ ਸੁਣਕੇ ਦੁੱਖ ਹੁੰਦਾ ਹੈ ਕਿ ਦੇਸ਼ ਤੇ ਵਿਸ਼ਵ ਭਰ ਵਿਚ ਨਿਰੰਤਰ ਧਾਰਮਿੱਕ ਨਫ਼ਰਤੀ ਅਪਰਾਧ ਤੇ ਗੋਲੀਬਾਰੀ ਦੀਆਂ ਘਟਨਾਵਾਂ ਸਾਹਮਣੇ ਆ ਰਹੀਆਂ ਹਨ। ਸਪਸ਼ਟ ਹੈ ਕਿ ਗੰਨ ਹਿੰਸਾ ਨੂੰ ਰੋਕਣ ਲਈ ਕੁਝ ਹੋਰ ਕਰਨਾ ਪਵੇਗਾ। ਮੈਂ ਨਵੇਂ ਕਾਨੂੰਨ ਦਾ ਸਮਰਥਨ ਕਰਦਾ ਹਾਂ ਜੋ ਉਨਾਂ ਲੋਕਾਂ ਵਿਰੁੱਧ ਕਾਰਵਾਈ ਕਰਨ ਵਿਚ ਸਹਾਇਕ ਸਾਬਤ ਹੋਵੇਗਾ ਜੋ ਲੋਕ ਕੇਵਲ ਨਸਲੀ ਸੋਚ ਤਹਿਤ ਹਿੰਸਾ ਕਰਦੇ ਹਨ।'' ਨਵੇਂ ਕਾਨੂੰਨ ਤਹਿਤ ਕਿਸੇ ਧਾਰਮਿੱਕ ਸਥਾਨ ਵਿਚ ਜਾਂ ਕਿਸੇ ਵਿਸ਼ੇਸ਼ ਧਰਮ ਦੇ ਲੋਕਾਂ ਵਿਰੁੱਧ ਹਿੰਸਾ ਦੇ ਦੋਸ਼ੀਆਂ ਨੂੰ ਸਜਾਵਾਂ ਦੇਣ ਲਈ ਨਵੀਆਂ ਧਾਰਾਵਾਂ ਜੋੜੀਆਂ ਗਈਆਂ ਹਨ। ਦਰਅਸਲ ਇਹ ਕਾਨੂੰਨ ਉਸ ਮੌਜੂਦਾ ਕਾਨੂੰਨ ਦਾ ਹੀ ਵਿਸਥਾਰ ਹੈ ਜਿਸ ਤਹਿਤ ਪੁਲਿਸ ਅਫਸਰ, ਫਾਇਰ ਫਾਈਟਰ, ਐਮਰਜੈਂਸੀ ਮੈਡੀਕਲ ਟੈਕਨੀਸ਼ੀਅਨ ਜਾਂ 12 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਿਰੁੱਧ ਹਮਲੇ ਦੇ ਮਾਮਲਿਆਂ ਵਿਚ ਸਜ਼ਾ ਦੀ ਵਿਵਥਥਾ ਹੈ। ਸਾਊਥਰਨ ਪਾਵਰਟੀ ਲਾਅ ਸੈਂਟਰ ਅਨੁਸਾਰ ਕੇਵਲ ਲੀਨੋਇਸ ਵਿਚ ਹੀ 31 'ਹੇਟ ਗਰੁੱਪ' ਹਨ ਜਿਨਾਂ ਵਿਚੋਂ ਕੁਝ ਨਾਜ਼ੀ ਸਮਰਥਕ ਵੀ ਹਨ। ਦੇਸ਼ ਭਰ ਵਿਚ 1000 ਤੋਂ ਵਧ 'ਹੇਟ ਗਰੁੱਪ' ਹਨ। ਇਥੇ ਵਰਣਨਯੋਗ ਹੈ ਕਿ ਕੈਰੋਲ ਨੇ ਹਾਊਸ ਬਿੱਲ 2832 ਵੀ ਲਿਆਂਦਾ ਸੀ ਜਿਸ ਤਹਿਤ ਹਰ ਸਾਲ ਅਪ੍ਰੈਲ ਮਹੀਨੇ ਨੂੰ ਸਿੱਖਾਂ ਦੇ ਯੋਗਦਾਨ ਮਹੀਨੇ ਵਜੋਂ ਮਨਾਇਆ ਜਾਂਦਾ ਹੈ।

# ਅਮਰੀਕੀ ਪੰਜਾਬੀ ਕਹਾਣੀ-ਸੰਗ੍ਰਹਿ, 'ਸਮਕਾਲ ਤੇ ਪਰਵਾਸ' ਦਾ ਲੋਕ ਅਰਪਣ 6 ਅਕਤੂਬਰ ਨੂੰ ਕੀਤਾ ਜਾਵੇਗਾ

**ਸਟਾਕਟਨ (ਬਿਊਰੋ)–** ਪੰਜਾਬੀ ਸਾਹਿਤ ਸਭਾ ਸਟਾਕਟਨ ਵਲੋਂ ਕੈਲੀਫੋਰਨੀਆਂ ਦੀਆਂ ਸਾਹਿਤਕ ਤੇ ਸਭਿਆਚਾਰਕ ਸੰ-ਸਥਾਵਾਂ ਦੇ ਸਹਿਯੋਗ ਨਾਲ 6 ਅਕਤੂਬਰ, ਐਤਵਾਰ ਨੂੰ ਇੱਕ ਸ਼ਾਨਦਾਰ ਪਰਵਾਸੀ ਪੰਜਾਬੀ ਸਾਹਿਤਕ ਸੰਮੇਲਨ ਕਰਵਾਇਆ ਜਾ ਰਿਹਾ ਹੈ।

ਸੰਮੇਲਨ ਦਾ ਆਰੰਭ ਸਵੇਰੇ 11:00 ਵਜੇ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼-ਪੁਰਬ ਨੂੰ ਸਮੱਰਪਤ ਸ਼ਬਦ ਕੀਰਤਨ ਰਾਹੀਂ ਕੀਤਾ ਜਾਵੇਗਾ। ਮਨਜੀਤ ਕੌਰ ਸੇਖੋਂ ਮੰਚ ਸੰਚਾਲਨ ਕਰਨਗੇ। ਇਸ ਸੰਮੇਲਨ ਦੇ ਕੁਲ ਤਿੰਨ ਸ਼ੈਸਨ ਹੋਣਗੇ।

ਪਹਿਲੇ ਸ਼ੈਸਨ ਵਿੱਚ 'ਸੁਰਿੰਦਰ ਸੋਹਲ, ਹਰਜਿੰਦਰ ਪੰਧੇਰ ਅਤੇ ਹਰਮਹਿੰਦਰ ਚਾਹਿਲ ਦੁਆਰਾ ਸੰਪਾਦਤ ਅਮਰੀਕੀ ਪੰਜਾਬੀ ਕਹਾਣੀ-ਸੰਗ੍ਰਹਿ' ਸਮਕਾਲ ਤੇ ਪਰਵਾਸ' ਲੋਕ ਅਰਪਣ ਕੀਤਾ ਜਾਵੇਗਾ। ਪੰਜਾਬੀ ਸਾਹਿਤ ਖੇਤਰ ਦੇ ਨਾਮਵਰ ਲੇਖਕ ਅਤੇ ਅਲੋਚਕ ਜਸਵੀਰ ਰਾਣਾ ਇਸ ਕਹਾਣੀ-ਸੰਗ੍ਰਹਿ ਬਾਰੇ ਆਪਣਾ ਖੋਜ-ਪੱਤਰ 'ਸਮਕਾਲ ਦਾ ਪਰਵਾਸ' ਪੜ੍ਹਨਗੇ। ਇਸ ਉਪਰੰਤ ਡਾਕਟਰ ਅਮਰੀਕ ਸਿੰਘਇਸ ਸੰਗ੍ਰਹਿ ਬਾਰੇ ਆਪਣੇ ਵਿਦਵਤਾ ਭਰਪੂਰ ਵਿਚਾਰ ਸਾਂਝੇ ਕਰਨਗੇ। ਇਸ ਤੋਂ ਬਾਅਦ ਕਹਾਣੀ-ਸੰਗ੍ਰਹਿ ਰਿਲੀਜ਼ ਕੀਤਾ




ਜਾਵੇਗਾ। ਦੂਸਰਾ ਸ਼ੈਸਨ ਵਿੱਚ ਮਨਜੀਤ ਕੌਰ ਸੇਖੋਂ, ਤ੍ਰਿਪਤ ਸਿੰਘ ਭੱਟੀ, ਹਰਨੇਕ ਸਿੰਘ ਆਦਿ ਆਪਣੀਆਂ ਕਹਾਣੀਆਂ ਪੜ੍ਹਨਗੇ।

ਤੀਸਰਾ ਸ਼ੈਸਨ ਕਵੀ ਦਰਬਾਰ ਹੋਵ-ਗਾ, ਜਿਸ ਵਿੱਚ ਹਾਜ਼ਰ ਸ਼ਾਇਰ ਆ-ਪਣੀਆਂ ਤਾਜ਼ਾ ਤਰੀਨ ਰਚਨਾਵਾਂ ਦਾ ਪਾਠ ਕਰਨਗੇ। ਇਸ ਭਾਗ ਦਾ ਮੰਚ ਸੰਚਾਲਨ ਜਸਵੰਤ ਸਿੰਘ ਸ਼ਾਦ ਕਰਨਗੇ। ਸਵੇਰੇ 10:00 ਤੋਂ 11:00 ਵਜੇ ਇਕਤਰਤਾ ਅਤੇ ਚਾਹ ਪਾਣੀ ਹੋਵੇਗਾ। ਇਸ ਉਪਰੰਤ ਮਿਥੀ ਤਰਤੀਬ ਅਨੁਸਾਰ ਪ੍ਰੋਗਰਾਮ ਸ਼ਾਮ 5:00 ਵਜੇ ਤੱਕ ਚਲੇਗਾ।ਸਮੂਹ ਸਾਹਿਤ ਪ੍ਰੇਮੀਆਂ ਨੂੰ ਵਕਤ ਸਿਰ, ਸਮੇਲਨ ਦੇ ਨਿਸ਼ਚਤ ਸਥਾਨ: 'ਸੈਕਰਾਮੈਂਟੋ ਵੈਲੀ ਚਾਰਟਰ ਸਕੂਲ, 2999 ਸੈਲਰਜ਼ ਵੇਅ' (ਵੈਸਟ ਸੈਕਰਾਮੈਂਟੋ ਗੁਰਦਵਾਰਾ ਸਾਹਿਬ ਦੇ ਪਿੱਛੇ) ਪਹੁੰਚਣ ਦੀ ਨਿਮਰਤਾ ਪੂਰਵਕ ਅਪੀਲ ਕੀਤੀ ਜਾਂਦੀ ਹੈ। ਹੋਰ ਜਾਣਕਾਰੀ ਲਈ: ਹਰਜਿੰਦਰ ਪੰਧੇਰ, ਪਰਧਾਨ ਪੰਜਾਬੀ ਸਾਹਿਤ ਸਭਾ ਸਟਾਕਟਨ (ਫੋਨ; 209-610-5055) ਅਤੇ ਡਾ. ਅਮਰੀਕ ਸਿੰਘ, ਪ੍ਰਿੰਸੀਪਲਸੈਕਰਾਮੈਂਟੋ ਵੈਲੀ ਚਾਰਟਰ ਸਕੂਲ (ਫੋਨ; 916-212-8550) ਤੇ ਸੰਪਰਕ ਕੀਤਾ ਜਾ ਸਕਦਾ ਹੈ।

**– ਹਰਜਿੰਦਰ ਪੰਧੇਰ**







ਦੇਸ਼ ਦੁਆਬਾ

# ਚੰਦਰਯਾਨ-2, ਯਤਨ ਜਾਰੀ ਰੱਖੋ

ਭਾਵੇਂ ਹੀ ਮਿਸ਼ਨ ਚੰਦਰਯਾਨ-2 ਦਾ ਵਿਕਰਮ ਨਾਂ ਦਾ ਲੈਂਡਰ ਚੰਦਰਮਾ ਦੀ ਅਪਹੁੰਚ ਮੰਨੀ ਜਾਣ ਵਾਲੀ ਦੱਖਣੀ ਧਰੁਵ ਦੀ ਸਤ੍ਹਾ ਤੋਂ ਕੁਝ ਕਦਮ ਪਹਿਲਾਂ ਹੀ ਨਾਕਾਮ ਹੋ ਗਿਆ ਪਰ ਇਸ ਤੋਂ ਬਿਹਤਰ ਹੋਰ ਕੁਝ ਨਹੀਂ ਕਿ ਦੇਸ਼ ਸਾਰੀ ਦੁਨੀਆ ਨੂੰ ਇਕਸੁਰਤਾ ਨਾਲ ਇਹ ਸੰਦੇਸ਼ ਦੇ ਰਿਹਾ ਹੈ ਕਿ ਅਸੀਂ ਪ੍ਰਾਪਤੀਆਂ 'ਤੇ ਮਾਣ ਕਰਨ ਦੇ ਨਾਲ ਹੀ ਮੁਸ਼ਕਲਾਂ ਦਾ ਡਟ ਕੇ ਮੁਕਾਬਲਾ ਕਰਨਾ ਵੀ ਜਾਣਦੇ ਹਾਂ। ਇਹੋ ਭਾਵਨਾ ਤਾਂ ਕਾਮਯਾਬੀ ਦਾ ਮੰਤਰ ਹੈ ਤੇ ਇਸ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਇਨ੍ਹਾਂ ਸ਼ਬਦਾਂ 'ਚ ਬਾਖ਼ੂਬੀ ਬਿਆਨ ਵੀ ਕੀਤਾ ਕਿ ਚੰਦ 'ਤੇ ਪਹੁੰਚਣ ਦਾ ਸਾਡਾ ਸੁਪਨਾ ਪੂਰਾ ਹੋਵੇਗਾ ਤੇ ਇਸਰੋ ਦੇ ਵਿਗਿਆਨੀ ਨਾ ਤਾਂ ਰੁਕਣ ਵਾਲੇ ਹਨ ਤੇ ਨਾ ਹੀ ਥੱਕਣ ਵਾਲੇ। ਜੇ ਪ੍ਰਧਾਨ ਮੰਤਰੀ ਨੇ ਆਤਮ ਵਿਸ਼ਵਾਸ ਨਾਲ ਇਹ ਕਿਹਾ ਕਿ ਅਸੀਂ ਚੰਦ 'ਤੇ ਉਤਰ ਕੇ ਰਹਾਂਗੇ ਤਾਂ ਇਹ ਦ੍ਰਿੜ ਸੰਕਲਪ ਹੈ। ਇਸ ਸੰਕਲਪ ਦਾ ਪੂਰਾ ਹੋਣਾ ਯਕੀਨਨ ਇਸ ਲਈ ਹੈ ਕਿਉਂਕਿ ਸਾਡੇ ਵਿਗਿਆਨੀ ਆਪਣੀ ਪ੍ਰਤਿਭਾ ਪਹਿਲਾਂ ਹੀ ਪੂਰੀ ਦੁਨੀਆ ਨੂੰ ਦਿਖਾ ਚੁੱਕੇ ਹਨ।

ਆਖ਼ਰ ਕੌਣ ਭੁੱਲ ਸਕਦਾ ਹੈ ਪਹਿਲੀ ਹੀ ਕੋਸ਼ਿਸ਼ 'ਚ ਮੰਗਲਯਾਨ ਦੀ ਸਫ਼ਲਤਾ ਨੂੰ ਜਾਂ ਫਿਰ ਇਕ ਵਾਰ 'ਚ ਸੌ ਤੋਂ ਜ਼ਿਆਦਾ ਉਪਗ੍ਰਹਿ ਭੇਜਣ ਦੇ ਕ੍ਰਿਸ਼ਮੇ ਨੂੰ? ਚੰਦਰਯਾਨ-2 ਮੁਹਿੰਮ ਦਾ ਆਰਬਿਟਰ ਨਾ ਸਿਰਫ਼ ਪੂਰੀ ਤਰ੍ਹਾਂ ਸੁਰੱਖਿਅਤ ਹੈ ਸਗੋਂ ਸਹੀ ਤਰ੍ਹਾਂ ਕੰਮ ਵੀ ਕਰ ਰਿਹਾ ਹੈ, ਇਸ ਲਈ ਇਹ ਅਜਿਹੀਆਂ ਜਾਣਕਾਰੀਆਂ ਮੁਹੱਈਆ ਕਰਵਾ ਸਕਦਾ ਹੈ, ਜਿਸ ਨਾਲ ਚੰਦਰਮਾ ਦੀ ਸਤ੍ਹਾ 'ਤੇ ਸਾਫਟ ਲੈਂਡਿੰਗ 'ਚ ਮਿਲੀ ਨਾਕਾਮੀ ਤੋਂ ਉਪਜੀ ਨਿਰਾਸ਼ਾ ਦੂਰ ਹੋ ਸਕਦੀ ਹੈ। ਆਰਬਿਟਰ ਤੋਂ ਮਿਲੇ ਤਾਜ਼ਾ ਸੰਕੇਤਾਂ ਤੇ ਤਸਵੀਰਾਂ ਮੁਤਾਬਕ ਵਿਕਰਮ ਲੈਂਡਰ ਦਾ ਪਤਾ ਤਾਂ ਲੱਗ ਚੁੱਕਾ ਹੈ ਪਰ ਉਸ ਨਾਲ ਸੰਪਰਕ ਨਹੀਂ ਬਣ ਰਿਹਾ। ਇਸ ਵਾਸਤੇ ਵਿਗਿਆਨੀ ਲਗਾਤਾਰ ਕੋਸ਼ਿਸ਼ ਕਰ ਰਹੇ ਹਨ। ਇਸ ਨਾਕਾਮੀ ਦੇ ਸਿਲਸਿਲੇ 'ਚ ਇਹ ਤੱਥ ਧਿਆਨ 'ਚ ਰੱਖਿਆ ਜਾਣਾ ਜ਼ਰੂਰੀ ਹੈ ਕਿ ਇਸਰੋ ਨੇ ਲੈਂਡਿੰਗ ਲਈ ਚੰਦਰਮਾ ਦੇ ਦੱਖਣੀ ਧਰੁਵ ਦੀ ਚੋਣ ਕਰ ਕੇ ਜਾਣ-ਬੁੱਝ ਕੇ ਇਕ ਮੁਸ਼ਕਲ ਟੀਚਾ ਰੱਖਿਆ ਸੀ। ਇਹ ਇਸ ਲਈ ਕੀਤਾ ਗਿਆ ਕਿਉਂਕਿ ਇਸਰੋ ਦਾ ਮਕਸਦ ਸਿਰਫ਼ ਚੰਦਰਮਾ 'ਤੇ ਪਹੁੰਚਣਾ ਨਹੀਂ ਸਗੋਂ ਇਸ ਦੇ ਉਨ੍ਹਾਂ ਰਹੱਸਾਂ ਤੋਂ ਦੁਨੀਆ ਨੂੰ ਜਾਣੂ ਕਰਵਾਉਣਾ ਸੀ, ਜੋ ਹਾਲੇ ਤਕ ਅਣਸੁਲਝੇ ਹਨ।

ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਮਿਸ਼ਨ ਚੰਦਰਯਾਨ ਤਹਿਤ ਸਭ ਕੁਝ ਮਨ ਮੁਤਾਬਕ ਨਾ ਹੋਣ ਕਾਰਨ ਉਦਾਸੀ ਛਾਈ ਪਰ ਦੇਸ਼ 'ਚ ਇਹ ਭਾਵਨਾ ਸਾਂਝੇ ਰੂਪ 'ਚ ਜਾਗਣੀ ਨਵੇਂ ਤੇ ਬਦਲਦੇ ਭਾਰਤ ਦੀ ਨਿਸ਼ਾਨੀ ਹੈ ਕਿ ਇਹ ਇਕ ਥੋੜ੍ਹਚਿਰੀ ਰੁਕਾਵਟ ਹੈ, ਜੋ ਉਸ ਸੁਪਨੇ ਨੂੰ ਸਾਕਾਰ ਹੋਣ ਤੋਂ ਨਹੀਂ ਰੋਕ ਸਕਦੀ, ਜੋ ਇਸਰੋ ਦੇ ਨਾਲ-ਨਾਲ ਸਾਰੇ ਦੇਸ਼ ਨੇ ਦੇਖਿਆ। ਇਹ ਭਾਵਨਾ ਕਾਇਮ ਰਹਿਣੀ ਚਾਹੀਦੀ ਹੈ ਕਿਉਂਕਿ ਇਸੇ ਜ਼ਰੀਏ ਮੁਲਕ ਚੁਣੌਤੀਆਂ ਦਾ ਸਾਹਮਣਾ ਕਰਨ ਦੇ ਸਮਰੱਥ ਹੋਵੇਗਾ। ਧਿਆਨ ਰਹੇ ਕਿ ਮੁਸ਼ਕਲ ਤੋਂ ਮੁਸ਼ਕਲ ਚੁਣੌਤੀਆਂ ਉਦੋਂ ਕਿਤੇ ਜ਼ਿਆਦਾ ਆਸਾਨ ਹੋ ਜਾਂਦੀਆਂ ਹਨ, ਜਦੋਂ ਇਨ੍ਹਾਂ ਦਾ ਸਾਹਮਣਾ ਕਰਨ ਦੀ ਭਾਵਨਾ ਮਜ਼ਬੂਤ ਹੋ ਜਾਂਦੀ ਹੈ ਤੇ ਭਾਰਤੀਆਂ ਵਿਚ ਇਹ ਭਾਵਨਾ ਬਹੁਤ ਮਜ਼ਬੂਤ ਹੈ। ਨਾ ਸਿਰਫ਼ ਭਾਰਤ ਦੇ ਪ੍ਰਧਾਨ ਮੰਤਰੀ ਬਲਕਿ ਆਮ ਲੋਕਾਂ ਨੇ ਜਿਸ ਤਰ੍ਹਾਂ ਇਸਰੋ ਦੇ ਵਿਗਿਆਨੀਆਂ ਦਾ ਹੌਸਲਾ ਵਧਾਇਆ, ਉਹ ਆਪਣੇ ਆਪ ਵਿਚ ਮਿਸਾਲੀ ਹੈ। ਇਸ ਲਈ ਭਾਰਤੀ ਵਿਗਿਆਨੀ ਪਹਿਲਾਂ ਨਾਲੋਂ ਜ਼ਿਆਦਾ ਵੱਡੇ ਹੌਸਲੇ ਨਾਲ ਅਗਲੀਆਂ ਮੰਜ਼ਿਲਾਂ ਸਰ ਕਰਨਗੇ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮੇਵਾਰ ਹੋਣਗੇ। -ਸੰਪਾਦਕ

ਲੜੀ ਨੰਬਰ-117

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

## ਗੁਰਮਤਾ, ਮਤਾ ਅਤੇ ਹੁਕਮਨਾਮਾ



ਅਵਤਾਰ ਸਿੰਘ ਮਿਸ਼ਨਰੀ
510-432-5827

ਗੁਰ, ਗੁਰੁ ਤੇ ਗੁਰੂ ਸੰਸਕ੍ਰਿਤ ਦੇ ਸਮਅਰਥਕ ਲਫ਼ਜ਼ ਹਨ। ਗੁਰ, ਗੁਰੁ=ਸਿਧਾਂਤ ਅਤੇ ਗੁਰੂ=ਅਗਿਆਨਤਾ ਦਾ ਅੰਧੇਰਾ ਦੂਰ ਕਰਨ ਵਾਲਾ, ਗਿਆਨ ਦਾਤਾ-ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ॥(੪੬੯) ਮਤਾ=ਸਲਾਹ ਮਸ਼ਵਰਾ-ਮਤਾ ਮਸੂਰਤਿ ਅਵਰ ਸਿਆਣਪ ਜਨ ਕਉ ਕਛੂ ਨ ਆਇਓ॥(੪੯੮) ਪ੍ਰਥਮੇ ਮਤਾ ਜਿ ਪਤ੍ਰੀ ਚਲਾਵਉ॥ (ਮ:੫-੩੭੧) ਮਤਾ=ਇਰਾਦਾ-ਮਤਾ ਕਰੈ ਪਛਮ ਕੈ ਤਾਈ ਪੂਰਬ ਹੀ ਲੈ ਜਾਤ॥(ਮ:੫-੪੯੬) ਮਤਾ ਆਮ ਗੱਲਾਂ ਤੇ ਵੀ ਹੋ ਸਕਦੈ ਪਰ ਗੁਰਮਤਾ ਕੇਵਲ ਪੰਥਕ ਸਿਧਾਂਤਾਂ ਤੇ ਹੀ ਕੀਤਾ ਜਾ ਸਕਦਾ ਹੈ। ਹੁਕਮ ਅਰਬੀ ਦਾ ਲਫ਼ਜ਼ ਅਰਥ ਆਗਿਆ ਹੈ-ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥(ਜਪੁਜੀ) ਹੁਕਮ=ਮਰਜੀ ਤੇ ਆਗਿਆ ਜੋ ਦੂਸਰੇ ਦੇ ਮੰਨਣਯੋਗ ਜਾਂ ਮਨਵਾਈ ਜਾਵੇ। ਹੁਕਮਨਾਮਾ-ਸ਼ਬਦ ਗੁਰੂ ਗ੍ਰੰਥ ਦਾ ਹਰੇਕ ਸ਼ਬਦ ਹੀ ਸਿੱਖ ਲਈ ਹੁਕਮਨਾਮਾ (ਔਰਡਰ) ਹੈ। ਹੁਕਮ ਮਾਲਿਕ ਜਾਂ ਸਰਕਾਰ ਹੀ ਕਰ ਸਕਦੇ ਹਨ। ਸਿੱਖਾਂ ਦਾ ਮਾਲਕ ਗੁਰੂ ਕਰਤਾਰ ਤੇ ਸਰਕਾਰ ਗੁਰੂ ਅਧੀਨ ਸਰਬੱਤ ਖਾਲਸਾ ਸੰਗਤ ਹੈ। ਸਿੱਖਾਂ ਉਪਰ "ਸ਼ਬਦ ਗੁਰੂ ਗ੍ਰੰਥ" ਦਾ ਹੁਕਮਨਾਮਾ ਜਾਂ ਗੁਰੂ ਦੀ ਰਹਿਨਮਾਈ 'ਚ ਲਿਆ ਸਰਬੱਤ ਖਾਲਸੇ ਦਾ ਫੈਂਸਲਾ ਹੀ ਮੰਨਣਯੋਗ ਹੁੰਦਾ ਹੈ।

ਸਿੱਖ ਰਹਿਤ ਮਰਿਯਾਦਾ ਪੰਥਕ ਰਹਿਣੀ ਅਨੁਸਾਰ ਗੁਰਮਤਾ ਕਰਨ ਦੀ ਵਿਧੀ-

(ੳ) ਗੁਰਮਤਾ ਕੇਵਲ ਉਨ੍ਹਾਂ ਸਵਾਲਾਂ 'ਤੇ ਹੀ ਹੋ ਸਕਦਾ ਹੈ, ਜੋ ਸਿੱਖ ਧਰਮ ਦੇ ਮੁੱਢਲੇ ਅਸੂਲਾਂ ਦੀ ਪੁਸ਼ਟੀ ਲਈ ਹੋਣ, ਅਰਥਾਤ ਗੁਰੂ ਸਾਹਿਬਾਨ ਜਾਂ "ਸ਼ਬਦ ਗੁਰੂ ਗ੍ਰੰਥ" ਦੀ ਪਦਵੀ, ਬੀੜ ਦੀ ਨਿਰੋਲਤਾ, ਅੰਮ੍ਰਿਤ, ਰਹਿਤ-ਬਹਿਤ, ਪੰਥ ਦੀ ਬਨਾਵਟ ਆਦਿ ਨੂੰ ਕਾਇਮ ਰੱਖਣ ਬਾਬਤਲ ਹੋਰ ਕਿਸੇ ਕਿਸਮ ਦੇ ਸਾਧਾਰਨ (ਧਾਰਮਿਕ, ਵਿਦਿਅਕ, ਸਮਾਜਕ, ਪੁਲੀਟੀਕਲ) ਸਵਾਲ ਉਤੇ ਕੇਵਲ ਮਤਾ ਹੋ ਸਕਦਾ ਹੈ (ਅ) ਇਹ ਗੁਰਮਤਾ ਕੇਵਲ ਗੁਰੂ ਪੰਥ ਦਾ ਚੁਣਿਆ ਹੋਇਆ ਸ੍ਰੋਮਣੀ ਜਥਾ ਜਾਂ ਗੁਰੂ-ਪੰਥ ਦਾ ਪ੍ਰਤੀਨਿਧ ਇਕੱਠ ਹੀ ਕਰ ਸਕਦਾ ਹੈ।(ਸਿੱਖ ਰਹਿਤ ਮਰਿਯਾਦਾ)

ਦਸ਼ਮੇਸ਼ ਜੀ ਦੇ ਅਕਾਲ ਚਲਾਣੇ ਦੇ ਬਹੁਤ ਸਮਾਂ ਬਾਅਦ ਜਦੋਂ ਨਾਦਰ ਸ਼ਾਹ ਦੇ ਹਮਲਿਆਂ ਕਾਰਣ ਖਾਲਸਾ ਦਲਾਂ ਦਾ ਪੁਰਨਗਠਨ ਬਾਰ੍ਹਾਂ ਜਥਿਆਂ (ਮਿਸਲਾਂ) ਵਿੱਚ ਕੀਤਾ ਗਿਆ ਤੱਦ ਸਾਰੇ ਜੱਥੇ ਅਕਸਰ ਵਿਸਾਖੀ ਅਤੇ ਦੀਵਾਲੀ ਦੇ ਮੌਕਿਆਂ 'ਤੇ ਅਮ੍ਰਿਤਸਰ ਆਉਂਦੇ ਅਤੇ ਸਿੱਖ ਕੌਮ ਦੇ ਸੰਬੰਧ ਵਿੱਚ ਅਗਲੇ ਪ੍ਰੋਗਰਾਮ ਬਾਰੇ ਵਿਚਾਰ ਵਿਟਾਂਦਰਾ ਕਰਦੇ ਜੋ ਵੀ ਫ਼ੈਸਲਾ ਹੁੰਦਾ, ਉਸ ਨੂੰ "ਗੁਰਮਤਾ" ਆਖਦੇ ਤੇ ਉਸ 'ਤੇ ਸਮੁੱਚਾ ਪੰਥ ਅਮਲ ਕਰਦਾ ਸੀ। ਸਿੱਖ ਮਿਸਲਾਂ ਦੇ ਵੇਲੇ ਸਿੱਖ ਕੌਮ ਦੀ ਕੇਂਦਰੀ ਸੰਸਥਾ ਸਰਬੱਤ ਖਾਲਸਾ "ਗੁਰਮਤੇ" ਪਾਸ ਕਰਦੀ ਸੀ।

"ਗੁਰਮੱਤਾ" ਦੋ ਲਫਜਾਂ ਗੁਰੂ ਅਤੇ ਮੱਤਾ ਦੇ ਜੋੜ ਤੋਂ ਬਣਿਆ ਹੈ। ਗੁਰੂ ਗਿਆਨ ਦਾਤਾ ਆਗੂ ਅਤੇ ਮਤਾ ਗੁਰੂ ਦਾ ਆਦੇਸ਼ ਰੂਪ ਫੈਸਲਾ। ਸਿੱਖ ਦੂਰ-ਦੁਰਾਡੇ ਦੇਸ਼ਾਂ-ਪ੍ਰਦੇਸ਼ਾਂ ਤੋਂ ਅਕਸਰ ਦੀਵਾਲੀ ਤੇ ਵਿਸਾਖੀ ਦੇ ਦਿਨਾਂ 'ਚ ਅੰਮ੍ਰਿਤਸਰ ਆਉਂਦੇ ਅਤੇ "ਸ਼ਬਦ ਗੁਰੂ ਗ੍ਰੰਥ" ਜੀ ਦੇ ਸਨਮੁਖ ਹੋ ਸਿੱਖ ਪੰਥ ਬਾਰੇ ਅਗਲੇ ਪ੍ਰੋਗਰਾਮ ਲਈ ਵਿਚਾਰ ਵਿਟਾਂਦਰਾ ਕਰਦੇ ਸਨ। ਇਨ੍ਹਾਂ "ਸ਼ਬਦ ਗੁਰੂ ਗ੍ਰੰਥ" ਦੀ ਅਗਵਾਈ ਵਾਲੇ ਵੱਡੇ ਇਕੱਠਾਂ ਨੂੰ ਸਰਬਤ-ਖਾਲਸਾ ਤੇ "ਇਸ" ਦੇ ਫ਼ੈਸਲੇ ਨੂੰ ਗੁਰਮਤਾ ਕਿਹਾ ਜਾਣ ਲੱਗਾ। ਇਹ ਫ਼ੈਸਲਾ ਜੋ ਕਿ "ਸ਼ਬਦ ਗੁਰੂ ਗ੍ਰੰਥ" ਦੇ ਸਿਧਾਂਤਾਂ ਅਨੁਸਾਰ ਕੀਤਾ ਜਾਂਦਾ ਜੋ ਕੌਮ ਦੀ ਭਲਾਈ ਤੇ ਚੜ੍ਹਦੀ ਕਲਾ ਲਈ ਹੁੰਦਾ। ਇਸ "ਗੁਰਮਤੇ" ਨੂੰ ਸਿੱਖ ਕੌਮ ਆਦਰ ਨਾਲ ਮੰਨਦੀ ਪਰ ਅਜੋਕੇ ਦੌਰ 'ਚ ਪਾਰਟੀਬਾਜ ਜਥੇਦਾਰ "ਸ਼ਬਦ ਗੁਰੂ ਗ੍ਰੰਥ" ਦੇ ਸਿਧਾਂਤਾਂ ਨੂੰ ਛੱਡ ਕਿਸੇ ਡੇਰੇ, ਟਕਸਾਲ, ਦਲ ਜਾਂ ਕਮੇਟੀ ਦੇ ਆਦੇਸ਼ਾਂ ਤੇ ਫੈਂਸਲੇ ਕਰਦੇ ਨੇ ਇਸ ਲਈ "ਸ਼ਬਦ ਗੁਰੂ" ਨੂੰ ਸਪਰਪਿਤ ਸਿੱਖ ਇਨ੍ਹਾਂ ਪੁਜਾਰੀਆਂ ਦੇ "ਦੁਰਮਤਿਆਂ" ਨੂੰ ਨਹੀਂ ਮੰਨਦੇ।

ਸਿੱਖ ਰਹਿਤ ਮਰਿਆਦਾ ਦੀ ਇਹ ਮੱਦ ਕਾਫੀ ਹੱਦ ਤੱਕ ਗੁਰਮਤਿ ਸਿਧਾਤਾਂ ਦੇ ਅਨੁਕੂਲ ਹੋ ਸਕਦੀ ਹੈ। ਇਸ ਤੋਂ ਇਹ ਵੀ ਸਿੱਧ ਹੁੰਦਾ ਹੈ ਕਿ "ਸਿੰਘ ਸਭਾ ਲਹਿਰ" ਦੇ ਵਿਦਵਾਨ ਆਗੂ ਸਿੱਖੀ ਦੇ ਮੁੱਢਲੇ ਅਸੂਲਾਂ ਅਤੇ ਉਨ੍ਹਾਂ ਪ੍ਰਤੀ ਪੰਥ ਦੇ ਅਧਿਕਾਰ ਖੇਤਰ ਬਾਰੇ ਚੰਗੀ ਤਰਾਂ ਜਾਣੂ ਸਨ। ਖ਼ਾਲਸੇ ਵਲੋਂ ਲਿਆ ਫੈਂਸਲਾ ਕੇਵਲ ਉਸ ਸੂਰਤ ਵਿੱਚ ਹੀ ਗੁਰੂ ਦਾ ਹੋ ਸਕਦਾ ਸੀ ਜਿਸ ਵੇਲੇ ਉਹ ਫੈਂਸਲਾ ਹੇਠ ਲਿਖੇ ਮੁੱਢਲੇ ਸਿਧਾਂਤਾਂ ਦੀ ਪ੍ਰੋੜਤਾ ਕਰਦਾ ਹੋਵੇ-

(੧) ਗੁਰੂ ਸਾਹਿਬਾਨ ਅਤੇ "ਸ਼ਬਦ ਗੁਰੂ ਗ੍ਰੰਥ" ਦੀ ਪਦਵੀ (੨) ਬੀੜ ਦੀ ਨਿਰੋਲਤਾ (੩) ਗੁਰੂ ਪਾਹੁਲ (੪) ਰਹਿਤ ਮਰਯਾਦਾ (੫) ਪੰਥਕ ਬਨਾਵਟ ਆਦਿ!

(੧) ਗੁਰੂ ਸਾਹਿਬਾਨ ਅਤੇ "ਸ਼ਬਦ ਗੁਰੂ ਗ੍ਰੰਥ" ਦੀ ਪਦਵੀ ਦੀ ਪ੍ਰੋੜਤਾ-ਸਿੱਖ ਪੰਥ ਨੂੰ ਦਸ ਗੁਰੂ ਸਾਹਿਬਾਨ ਅਤੇ "ਸ਼ਬਦ ਗੁਰੂ ਗ੍ਰੰਥ" ਜੀ ਦੀ ਗੁਰਤਾ ਪਦਵੀ ਦੇ ਵਿਰੋਧ 'ਚ ਭੁਗਤਦਾ ਮਤਾ ਕਰਨ ਦਾ ਕੋਈ ਅਧਿਕਾਰ ਨਹੀਂ। ਨੋਟ-ਸ਼ਬਦ ਗੁਰੂ ਗ੍ਰੰਥ ਵਿਖੇ ਕੇਵਲ ਸਿੱਖ ਗੁਰੂਆਂ ਦੀ ਹੀ ਬਾਣੀ ਦਰਜ ਨਹੀਂ ਸਗੋਂ ਟੋਟਲ ੩੫ ਬਾਣੀਕਾਰ ਮਹਾਂਪੁਰਖਾਂ ਦੀ ਬਾਣੀ ਹੈ। ਇਸ ਲਈ ਇਹ ਲਿਖਣਾ ਚਾਹੀਦਾ ਸੀ ਕਿ "ਪੈਂਤੀ ਬਾਣੀਕਾਰ ਮਹਾਂਪੁਰਖਾਂ ਅਤੇ ਸ਼ਬਦ ਗੁਰੂ ਗ੍ਰੰਥ ਦੀ ਪਦਵੀ ਦੀ ਪ੍ਰੋੜਤਾ।

(੨) ਬੀੜ ਦੀ ਨਿਰੋਲਤਾ-ਬੀੜ ਦੀ ਨਿਰੋਲਤਾ ਤੋਂ ਭਾਵ ਹੈ ਕਿ ਸ਼ਬਦ ਗੁਰੂ ਗ੍ਰੰਥ ਬੀੜ ਵਿੱਚ ਹੋਰ ਕੁਝ ਨਹੀਂ ਜੋੜਿਆ ਜਾ ਸਕਦਾ। ਧਿਆਨ ਦੇਣ ਤੇ ਪਤਾ ਚਲਦਾ ਹੈ ਕਿ "ਸ਼ਬਦ ਗੁਰੂ ਗ੍ਰੰਥ" ਦੀ ਨਿਰੋਲਤਾ ਭੰਗ ਕਰਨ ਲਈ ਕੁੱਝ ਬਾਣੀਆਂ ਤੇ ਕਿੰਤੂ ਕਰਨ ਦੇ ਯਤਨ ਹੁੰਦੇ ਰਹੇ ਤੇ ਹੋ ਰਹੇ ਹਨ।

(੩) ਗੁਰੂ ਪਹੁਲ ਬਾਰੇ-ਪਾਹੁਲ ਗੁਰੂ ਨਾਲ ਇਕ ਪ੍ਰਣ ਹੈ। ਹਾਂ ਕਿਸੇ ਵਲੋਂ ਨਿਜੀ ਰੂਪ 'ਚ ਪਾਹੁਲ ਲੈਣਾ ਜਾਂ ਨਾ ਲੈਣਾ ਉਸ ਦੀ ਮਰਜੀ ਹੈ ਪ੍ਰੰਤੂ ਇਸ ਦੇ ਵਿਰੋਧ 'ਚ ਗੁਰਮਤਾ ਨਹੀਂ ਹੋ ਸਕਦਾ। ਨੋਟ-ਗੁਰੂ ਪਾਹੁਲ ਨੂੰ "ਖੰਡੇ ਦੀ ਪਾਹੁਲ" ਨਹੀਂ ਕਹਿਣਾ ਚਾਹੀਦਾ ਕਿਉਂਕਿ ਖੰਡਾ ਪਦਾਰਥਕ ਤੇ ਬਿਨਸਨਹਾਰ ਤੇ ਇਸ ਦੀ ਆਪਣੀ ਕੋਈ ਪਾਵਰ ਨਹੀਂ, ਜਿਸ ਦੇ ਵੀ ਹੱਥ ਹੋਵੇ ਉਹ ਹੀ ਇਸ ਨੂੰ ਵਰਤ ਸਕਦਾ ਹੈ। ਸ਼ਬਦ (ਗਿਆਨ ਗੁਰੂ) ਸਦਾ ਅਮਰ ਹੈ-ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨ ਜਾਇ॥ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ॥ (ਮ:੪-੭੫੯)

(੪) ਰਹਿਤ-ਮਰਯਾਦਾ-ਸਮੇਂ ਅਨੁਸਾਰ ਰਹਿਤ ਮਰਯਾਦਾ 'ਚ ਵਾਧਾ-ਘਾਟਾ ਕੀਤਾ ਜਾ ਸਕਦੈ ਪਰ "ਸ਼ਬਦ ਗੁਰੂ ਗ੍ਰੰਥ" ਦੇ ਸਿਧਾਂਤ ਅਤੇ ਸਰਬੱਤ ਦੇ ਭਲੇ ਵਾਲੇ ਵਿਗਿਆਨਿਕ ਪਹਿਲੂ ਦੇ ਉਲਟ ਗੁਰਮਤਾ ਕਰਨ ਦਾ ਕਿਸੇ ਸਿੱਖ ਨੂੰ ਅਧਿਕਾਰ ਨਹੀਂ। ਕੋਈ ਡੇਰਾ ਜਾਂ ਸਾਧ ਸੰਪ੍ਰਦਾ (ਟਕਸਾਲ) ਇਹ ਫੈਸਲਾ ਨਹੀਂ ਕਰ ਸਕਦੀ। ਧਿਆਨ ਦੇਣ ਤੇ ਪਤਾ ਚਲਦਾ ਹੈ ਕਿ ਬਹੁਤੇ ਡੇਰੇਦਾਰ ਵੱਖ ਵੱਖ ਮਰਯਾਦਾਵਾਂ ਚਲਾਈ ਫਿਰਦੇ ਹਨ।

(੫) ਪੰਥਕ ਬਨਾਵਟ-ਇਸ ਤੋਂ ਭਾਵ ਕਿ ਖ਼ਾਲਸੇ ਦਾ ਕੋਈ ਇੱਕਠ ਇਹ ਫ਼ੈਸਲਾ ਨਹੀਂ ਕਰ ਸਕਦਾ ਕਿ ਗੁਰੂਆਂ ਵਲੋਂ ਦਿੱਤੀ "ਪੰਥਕ" ਹੋਂਦ ਅਤੇ ਉਸ ਦੀ ਬਨਾਵਟ ਨੂੰ ਬਦਲਿਆ ਜਾਏ। ਸਿੱਖ ਗੁਰੂ ਸਹਿਬਾਨਾਂ ਨੇ ਜੋ ਇੱਕ "ਪੰਥ ਤੇ ਗ੍ਰੰਥ" ਦਾ ਸਿਧਾਂਤ ਦਿੱਤਾ ਕਿਸੇ ਇੱਕਠ ਨੂੰ ਇਹ ਅਧਿਕਾਰ ਨਹੀਂ ਕਿ ਉਹ ਇਸ ਨੂੰ ਭੰਗ ਕਰੇ। ਪੰਥਕ ਬਨਾਵਟ ਵਿੱਚ ਸਿੱਖਾਂ ਦਾ "ਸ਼ਬਦ ਗੁਰੂ ਗ੍ਰੰਥ", ਕੌਮੀ ਕੇਂਦਰ ਦਰਬਾਰ ਸਾਹਿਬ ਅਤੇ ਸਰਬੱਤ ਖਾਲਸਾ ਸੰਸਥਾ" ਦੀ ਹੋਂਦ ਤੋਂ ਮੁਨਕਰ ਹੋਣ ਦਾ ਮਤਾ ਕਿਸੇ ਵੀ ਇਕੱਠ ਵਿੱਚ ਨਹੀਂ ਹੋ ਸਕਦਾ।

ਨੋਟ-ਗੁਰਮਤੇ ਬਾਰੇ ਰਹਿਤ ਮਰਯਾਦਾ ਵਾਲੇ ਵਿਚਾਰ ਪੁਰਾਣੇ ਹਨ ਜਦ ਸੰਨ ੧੯੩੨ 'ਚ ਮਰਯਾਦਾ ਬਣੀ ਉਸ ਵੇਲੇ ਕੁਝ ਡੇਰੇ ਤੇ ਸੰਪ੍ਰਦਾਵਾਂ ਵੀ ਸ਼ਾਮਲ ਸਨ ਇਸ ਕਰਕੇ ਇਸ "ਮਰਯਾਦਾ" ਵਿੱਚ ਕਈ ਗੱਲਾਂ ਕਲੀਅਰ ਨਹੀਂ ਹਨ। ਸਮੇਂ ਤੇ ਵਿਗਿਆਨਕ ਯੁੱਗ ਦੀ ਤਬਦੀਲੀ ਅਨੁਸਾਰ ਗੁਰ ਸਿਧਾਂਤਾਂ ਨੂੰ ਮੁੱਖ ਰੱਖਦੇ ਪੰਥ ਤੇ ਸੰਸਾਰ ਦੇ ਭਲੇ ਲਈ ਮਰਯਾਦਾ ਅਤੇ ਪੰਥ ਦੀ ਬਨਾਵਟ ਲਈ ਯੋਗ ਫੈਸਲੇ ਕੀਤੇ ਜਾ ਸਕਦੇ ਹਨ ਕਿਉਂਕਿ ਸਿੱਖ ਮੱਤ ਅਗਾਂਹ ਵਧੂ ਤੇ ਵਿਗਿਆਨਕ ਮੱਤ ਹੈ-ਆਗਾਹਾ ਕੂ ਤ੍ਰਾਂਘਿ ਪਿਛਾ ਫੇਰਿ ਨ ਮੁਹਡੜਾ॥(ਮ:੫-੧੦੯੬)

ਇਹ ਸਨ ਗੁਰਮਤੇ, ਮਤੇ ਅਤੇ ਹੁਕਮਨਾਮੇ ਬਾਰੇ ਕੁਝ ਸਾਰਥਕ ਵਿਚਾਰ ਜਿੰਨਾਂ ਬਾਰੇ "ਸ਼ਬਦ ਗੁਰੂ ਗ੍ਰੰਥ" ਦੇ ਸਿਧਾਂਤਾਂ ਤੇ ਅਜੋਕੇ ਰਹਿਣ-ਸਹਿਣ ਅਤੇ ਸਮੇਂ ਮੁਤਾਬਿਕ ਹੋਰ ਵੀ ਵਿਚਾਰ-ਵਟਾਂਦਰਾ ਹੋ ਸਕਦਾ ਹੈ।

# ਬਸਪਾ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਦੀ ਵੀਡੀਓ ਰਾਹੀਂ ਗੜ੍ਹਕ ਬਣੀ ਚਰਚਾ ਦਾ ਵਿਸ਼ਾ



**ਹੁਸ਼ਿਆਰਪੁਰ-** ਬਹੁਜਨ ਸਮਾਜ ਪਾਰਟੀ ਪੰਜਾਬ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਦੀ ਸੋਸ਼ਲ ਮੀਡੀਏ ਤੇ ਵਾਇਰਲ ਹੋਈ ਵੀਡੀਓ ਇਸ ਸਮੇਂ ਚਰਚਾ ਦਾ ਵਿਸ਼ਾ ਬਣੀ ਹੋਈ, ਜਿਸ ਵਿਚ ਬਸਪਾ ਸੂਬਾ ਪ੍ਰਧਾਨ ਪੰਜਾਬ ਸਰਕਾਰ ਖਿਲਾਫ ਗੜਕਦੇ ਨਜ਼ਰ ਆ ਰਹੇ ਹਨ। ਜਿਸ ਵਿਚ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ ਜਮਾਲਪੁਰ, ਲੁਧਿਆਣਾ ਨੂੰ ਢਾਹੁਣ ਦੀਆਂ ਸਰਕਾਰ ਵੱਲੋਂ ਰਚੀਆਂ ਜਾ ਰਹੀਆਂ ਸਾਜਿਸ਼ਾਂ ਦਾ ਜ਼ਿਕਰ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਖੁੱਲ੍ਹੀ ਚੁਣੌਤੀ ਦੇ ਰਹੇ ਹਨ। ਬਸਪਾ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਜਿਹੜੇ ਬੁਲਡੋਜ਼ਰ ਤੇ ਜੇ. ਸੀ. ਬੀ. ਗੁਰੂ ਘਰ ਜਮਾਲਪੁਰ ਨੂੰ ਢਾਹੁਣ ਲਈ ਭੇਜੇ ਗਏ ਹਨ, ਉਸਦੇ ਸਾਹਮਣੇ ਬਸਪਾ ਦਾ ਨੀਲਾ ਝੰਡਾ ਖੜ੍ਹਾ ਹੈ, ਜੇਕਰ ਗੈਰ ਸੰਵਿਧਾਨਕ ਤਰੀਕਿਆਂ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਣ ਵਾਲੇ ਗੁਰੂ ਰਵਿਦਾਸ ਜੀ ਅਤੇ ਭਗਵਾਨ ਸ੍ਰੀ ਵਾਲਮੀਕ ਜੀ ਨੂੰ ਮੰਨਣ ਵਾਲੇ ਲੋਕਾਂ ਦੀਆਂ ਭਾਵਨਾਵਾਂ ਨਾਲ ਸਰਕਾਰ ਨੇ ਖਿਲਵਾੜ ਕੀਤਾ ਤਾਂ ਇਹਨਾਂ ਬੁਲਡੋਜ਼ਰਾਂ ਤੇ ਮਸ਼ੀਨਾਂ ਦਾ ਤੀਲਾ ਤੀਲਾ ਖਿਲਾਰ ਕੇ ਰੱਖ ਦਿਆਂਗੇ। ਬਸਪਾ ਸੂਬਾ ਪ੍ਰਧਾਨ ਨੇ ਕਿਹਾ ਕਿ ਜੇਕਰ ਸਰਕਾਰ ਨੇ ਗੁਰੂ ਘਰ ਦੀ ਇਕ ਇੱਟ ਵੀ ਹਿਲਾਉਣ ਦੀ ਕੋਸ਼ਿਸ਼ ਕੀਤੀ ਤਾਂ 24 ਘੰਟੇ ਵਿਚ ਪੰਜਾਬ ਦੇ ਹਾਲਤ ਅਜਿਹੇ ਹੋਣਗੇ ਕਿ ਪੰਜਾਬ ਦੇ ਗਵਰਨਰ ਸਾਹਿਬ ਨੂੰ ਰਾਸ਼ਟਰਪਤੀ ਰਾਜ ਲਾਗੂ ਕਰਨ ਲਈ ਮਜਬੂਰ ਹੋਣਾ ਪੈ ਸਕਦਾ ਹੈ। ਉਹਨਾਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਕਿਹਾ ਕਿ ਤੁਸੀਂ ਚੋਣਾਂ ਸਮੇਂ ਗੁਟਕਾ ਸਾਹਿਬ ਮੱਥੇ ਨੂੰ ਲਾ ਕੇ ਪੰਜਾਬ ਵਿਚੋਂ ਨਸ਼ੇ ਖਤਮ ਕਰਨ, ਸ੍ਰੀ ਗੁਰੂ ਗ੍ਰੰਥ ਸਾਹਿਬ ਬੇਅਦਬੀ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਦੀਆਂ ਸਹੁੰਆਂ ਖਾ ਕੇ ਝੂਠ ਦੀ ਰਾਜਨੀਤੀ ਸ਼ੁਰੂ ਕੀਤੀ ਹੈ, ਝੂਠ ਦਾ ਸਹਾਰਾ ਲੈ ਕੇ ਚੋਣਾਂ ਜਿੱਤੀਆਂ, ਨਾ ਨੌਜਵਾਨਾਂ ਨੂੰ ਮੋਬਾਇਲ ਮਿਲੇ, ਨਾ ਬੇਰੁਜ਼ਗਾਰਾਂ ਨੂੰ ਨੌਕਰੀਆਂ ਮਿਲੀ, ਨਾ ਕਿਸਾਨਾਂ ਦੇ ਕਰਜੇ ਮੁਆਫ ਹੋਏ, 2022 ਵਿਚ ਤੁਹਾਨੂੰ ਜਵਾਬਦੇਹ ਬਣਾਵਾਂਗੇ।

# ਅੰਤਰਰਾਸ਼ਟਰੀ ਸਾਖਰਤਾ ਦਿਵਸ: ਸਾਈਡ ਵੱਟ ਗਏ ਲੋਕੀ ਕਿਤਾਬਾਂ ਤੋਂ



**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)-** ਅੰਤਰਰਾਸ਼ਟਰੀ ਸਾਖਰਤਾ (ਇੰਟਰਨੈਸ਼ਨਲ ਲਿਟਰੇਸੀ) ਦਿਵਸ ਹੈ। ਵੱਖ-ਵੱਖ ਦੇਸ਼ਾਂ ਦੇ ਵਿਚ ਅੱਜ ਦੇ ਦਿਨ ਨੂੰ ਪੜ੍ਹਨ ਅਤੇ ਲਿਖਣ ਦੇ ਦਿਨ ਵਜੋਂ ਜਾਣਿਆ ਜਾਂਦਾ ਹੈ। ਤਕਨੀਕ ਨੇ ਜੀਵਨ ਦੇ ਵਿਚ ਜਿੱਥੇ ਚਹੁੰ-ਪੱਖੀ ਵਿਕਾਸ ਦੇ ਨਵੇਂ ਦਰਵਾਜ਼ੇ ਖੋਲ੍ਹੇ ਹਨ ਉਥੇ ਪੜ੍ਹਨ ਵਰਗੀਆਂ ਆਦਤਾਂ ਦੇ ਦਰਵਾਜ਼ੇ ਵੀ ਢੋਅ ਦਿੱਤੇ ਹਨ। ਕੋਈ ਸਮਾਂ ਸੀ ਜਦੋਂ ਆਮ ਲੋਕ ਕਿਤਾਬਾਂ ਮੁੱਲ ਲੈ-ਲੈ ਕੇ ਪੜ੍ਹਿਆ ਕਰਦੇ ਸਨ, ਲੋਕਾਂ ਨੂੰ ਕਿਤਾਬਾਂ ਦੀ ਆਮਦ ਦੀ ਉਡੀਕ ਰਹਿੰਦੀ ਸੀ, ਪਰ ਜ਼ਮਾਨਾ ਐਨਾ ਬਦਲ ਗਿਆ ਹੈ ਕਿ ਸਿਰਫ ਤੇ ਸਿਰਫ ਸਾਹਿਤਕ ਲੋਕ ਹੀ ਕਿਤਾਬਾਂ ਦੇ ਲਈ ਚਾਅ ਭਰਪੂਰ ਨਜ਼ਰ ਆਉਂਦੇ ਹਨ। ਇਕ ਸਰਵੇਅ ਵਿਚ ਪਾਇਆ ਗਿਆ ਹੈ ਕਿ ਸਾਲ 2018 ਦੇ ਵਿਚ ਸਿਰਫ 4,42,600 ਕੀਵੀ ਬਾਲਗਾਂ ਨੇ ਹੀ ਕਿਤਾਬਾਂ ਪੜ੍ਹੀਆਂ ਹਨ। 2016 ਦੇ ਵਿਚ ਵੀ ਇਕ ਸਰਵੇਅ ਕੀਤਾ ਗਿਆ ਸੀ ਜਿਸ ਦੇ ਵਿਚ 3,94,000 ਲੋਕਾਂ ਨੇ ਕਿਤਾਬਾਂ ਪੜ੍ਹੀਆਂ ਸਨ। ਦੇ ਸਾਲ ਬਾਅਦ ਇਹ ਗਿਣਤੀ ਵੱਡੀ ਪੱਧਰ ਉਤੇ ਵਧੀ ਹੈ। ਜਿਹੜੇ ਲੋਕ ਕਿਤਾਬਾਂ ਪੜ੍ਹਦੇ ਹਨ ਉਹ ਸਲਾਨਾ 50 ਕਿਤਾਬਾਂ ਵੀ ਪੜ੍ਹ ਜਾਂਦੇ ਹਨ। ਜਿਨ੍ਹਾਂ ਵਿਚ ਕ੍ਰਾਈਮ, ਥ੍ਰੀਲਰ ਅਤੇ ਰੋਮਾਂਚਿਕ ਬਹਾਦਰੀ ਭਰੇ ਕਾਰਨਾਮਿਆਂ ਨਾਲ ਮੁੱਖ ਵਿਸ਼ੇ ਹੁੰਦੇ ਹਨ। ਮੈਕਡੋਨਡ ਨੇ ਵੀ ਬੱਚਿਆਂ ਦੇ ਵਿਚ ਕਿਤਾਬਾਂ ਪ੍ਰਤੀ ਰੁਚੀ ਪੈਦਾ ਕਰਨ ਲਈ 8 ਲੱਖ 'ਹੈਪੀ ਮੀਲ' ਦੀਆਂ ਛੋਟੀਆਂ ਕਿਤਾਬਾਂ ਵੰਡੀਆਂ ਸਨ। ਸੋ ਲਗਦਾ ਹੈ ਕਿ ਲੋਕ ਕਿਤਾਬਾਂ ਤੋਂ ਸਾਈਟ ਵੱਟ ਗਏ ਹਨ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਟਰੰਪ ਨੇ ਕੀਤਾ ਤਾਲਿਬਾਨ ਨਾਲ ਗੱਲਬਾਤ ਖ਼ਤਮ ਕਰਨ ਦਾ ਐਲਾਨ

**ਵਾਸ਼ਿੰਗਟਨ (ਬਿਊਰੋ)–** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅੱਤਵਾਦੀ ਜਮਾਤ ਤਾਲਿਬਾਨ ਨਾਲ ਗੱਲਬਾਤ ਖ਼ਤਮ ਕਰਨ ਦਾ ਐਲਾਨ ਕਰ ਦਿੱਤਾ ਹੈ। ਨਾਲ ਹੀ ਇਹ ਵੀ ਕਿਹਾ ਕਿ ਬੀਤੇ ਇਕ ਦਹਾਕੇ 'ਚ ਅਮਰੀਕਾ ਨੇ ਤਾਲਿਬਾਨ ਨੂੰ ਜਿੰਨਾ ਵੱਡਾ ਝਟਕਾ ਨਹੀਂ ਦਿੱਤਾ ਉਸ ਤੋਂ ਜ਼ਿਆਦਾ ਪਿਛਲੇ ਚਾਰ ਦਿਨਾਂ ਵਿਚ ਦਿੱਤਾ ਹੈ। ਇਸ ਤੋਂ ਪਹਿਲਾਂ ਸ਼ਨਿਚਰਵਾਰ ਨੂੰ ਟਰੰਪ ਨੇ ਤਾਲਿਬਾਨ ਤੇ ਅਫ਼ਗਾਨ ਰਾਸ਼ਟਰਪਤੀ ਅਸ਼ਰਫ਼ ਗਨੀ ਨਾਲ ਕੈਂਪ ਡੇਵਿਡ 'ਚ ਹੋਣ ਵਾਲੀ ਗੁਪਤ ਮੀਟਿੰਗ ਰੱਦ ਕਰਨ ਦੀ ਜਾਣਕਾਰੀ ਦੇ ਕੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ ਸੀ। ਟਰੰਪ ਨੇ ਸੋਮਵਾਰ ਨੂੰ ਵ੍ਹਾਈਟ ਹਾਊਸ 'ਚ ਪੱਤਰਕਾਰਾਂ ਨੂੰ ਕਿਹਾ ਕਿ ਤਾਲਿਬਾਨ ਨਾਲ ਗੱਲਬਾਤ ਹੁਣ ਦਫ਼ਨ ਹੋ ਚੁੱਕੀ ਹੈ। ਹੁਣ ਅਸੀਂ ਅਫ਼ਗਾਨ ਸਰਕਾਰ ਤੇ ਹੋਰਨਾਂ ਨਾਲ ਗੱਲਬਾਤ ਕਰ ਰਹੇ ਹਾਂ। ਦੇਖਦੇ ਹਾਂ, ਕੀ ਹੁੰਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਤਾਲਿਬਾਨ ਸੋਚਦਾ ਹੈ ਕਿ ਲੋਕਾਂ ਨੂੰ ਮਾਰ ਕੇ ਇਹ ਗੱਲਬਾਤ 'ਚ ਆਪਣਾ ਪੱਖ ਮਜ਼ਬੂਤ ਕਰ ਸਕਦਾ ਹੈ ਪਰ ਉਨ੍ਹਾਂ (ਟਰੰਪ) ਨਾਲ ਉਹ ਅਜਿਹਾ ਨਹੀਂ ਕਰ ਸਕਦਾ। ਜ਼ਿਕਰਯੋਗ ਹੈ ਕਿ ਅਫ਼ਗਾਨਿਸਤਾਨ 'ਚ ਕਰੀਬ ਦੋ ਦਹਾਕਿਆਂ ਤੋਂ ਜਾਰੀ ਸੰਘਰਸ਼ ਖ਼ਤਮ ਕਰਨ ਲਈ ਅਮਰੀਕਾ ਤੇ ਤਾਲਿਬਾਨ ਵਿਚਕਾਰ ਸ਼ਾਂਤੀ ਸਮਝੌਤੇ ਦੇ ਖਰੜੇ 'ਤੇ ਸਹਿਮਤੀ ਬਣ ਚੁੱਕੀ ਸੀ। ਇਸ ਤਹਿਤ ਸਮਝੌਤਾ ਹੋਣ ਤੋਂ 130 ਦਿਨਾਂ ਅੰਦਰ ਅਮਰੀਕਾ ਨੇ ਆਪਣੇ 5400 ਫ਼ੌਜੀ ਵਾਪਸ ਸੱਦਣੇ ਸਨ।



ਅੱਤਵਾਦੀ ਜਮਾਤ ਤਾਲਿਬਾਨ ਨੇ ਵੀ ਟਰੰਪ ਦੇ ਐਲਾਨ ਦੇ ਜਵਾਬ ਵਿਚ ਹਮਲੇ ਜਾਰੀ ਰੱਖਣ ਦੀ ਧਮਕੀ ਦਿੱਤੀ ਹੈ। ਉਸ ਨੇ ਕਿਹਾ ਕਿ ਗੱਲਬਾਤ ਰੋਕਣ ਦੇ ਫ਼ੈਸਲੇ 'ਤੇ ਅਮਰੀਕਾ ਨੂੰ ਪਛਤਾਵਾ ਹੋਵੇਗਾ। ਤਾਲਿਬਾਨ ਦੇ ਬੁਲਾਰੇ ਨੇ ਕਿਹਾ ਕਿ ਸਾਡੇ ਕੋਲ ਅਫ਼ਗਾਨਿਸਤਾਨ 'ਚ ਜੰਗ ਖ਼ਤਮ ਕਰਨ ਦੇ ਦੋ ਰਾਹ ਸਨ।

ਪਹਿਲਾ ਜੇਹਾਦ ਤੇ ਸੰਘਰਸ਼। ਦੂਜਾ ਗੱਬਲਾਤ ਤੇ ਸਮਝੌਤਾ। ਜੇ ਟਰੰਪ ਗੱਲਬਾਤ ਬੰਦ ਕਰਨਾ ਚਾਹੁੰਦੇ ਹਨ ਤਾਂ ਅਸੀਂ ਪਹਿਲਾ ਰਾਹ ਚੁਣਾਂਗੇ। ਇਸ ਨਾਲ ਉਨ੍ਹਾਂ ਨੂੰ ਤੁਰੰਤ ਆਪਣੇ ਫ਼ੈਸਲੇ 'ਤੇ ਪਛਤਾਵਾ ਹੋ ਜਾਵੇਗਾ।



23 ਸਾਲਾ ਆਦਿਵਾਸੀ ਲੜਕੀ ਜੋ ਕਿ ਉੜੀਸਾ ਦੇ ਮਾਓਵਾਦੀ ਪ੍ਰਭਾਵਿਤ ਮਲਖਾਨਗਿਰੀ ਇਲਾਕੇ ਦੀ ਰਹਿਣ ਵਾਲੀ ਹੈ, ਭਾਰਤੀ ਏਅਰਫੋਰਸ ਵਿਚ ਪਹਿਲੀ ਮਹਿਲਾ ਪਾਇਲਟ ਬਣੀ ਹੈ। ਅਨੂਪ੍ਰਿਆ ਲਾਕਰਾਨਾਂ ਦੀ ਇਸ ਲੜਕੀ ਨੇ 2012 ਵਿਚ ਐਵੀਏਸ਼ਨ ਅਕੈਡਮੀ ਵਿਚ ਦਾਖਲਾ ਲਿਆ ਸੀ। ਉੜੀਸਾ ਦੇ ਮੁੱਖ ਮੰਤਰੀ ਨਵੀਨ ਪਟਨਾਇਕ ਨੇ ਲੜਕੀ ਅਤੇ ਉਸ ਦੇ ਪਰਿਵਾਰ ਵਾਲਿਆਂ ਨੂੰ ਵਧਾਈ ਦਿੱਤੀ ਹੈ।

# 85ਵੀਂ ਸੋਧ ਅਤੇ ਦਲਿਤ ਮਸਲੇ ਹੱਲ ਨਾ ਕੀਤੇ ਤਾਂ ਕਾਂਗਰਸ ਪਾਰਟੀ ਜਿਮਨੀ ਚੋਣਾਂ ਜਿੱਤ ਨਹੀਂ ਸਕੇਗੀ - ਇੰਪਲਾਇਜ ਫੈਡਰੇਸ਼ਨ

**ਫਗਵਾੜਾ (ਰੱਤੂ)–** ਗਜਟਿਡ ਐਂਡ ਨਾਨ ਗਜਟਿਡ ਐਸ.ਸੀ./ਬੀ.ਸੀ. ਇੰਪਲਾਇਜ ਵੈਲਫੇਅਰ ਫੈਡਰੇਸ਼ਨ ਪੰਜਾਬ ਦੇ ਸੂਬਾ ਚੇਅਰਮੈਨ ਜਸਬੀਰ ਸਿੰਘ ਪਾਲ, ਪ੍ਰਧਾਨ ਬਲਰਾਜ ਕੁਮਾਰ, ਸੀਨੀਅਰ ਮੀਤ ਪ੍ਰਧਾਨ ਹਰਮੇਸ਼ ਲਾਲ ਘੇੜਾ, ਸਲਵਿੰਦਰ ਸਿੰਘ ਜੱਸੀ ਜਿਲ੍ਹਾ ਪ੍ਰਧਾਨ ਜਲੰਧਰ ਅਤੇ ਸਤਵੰਤ ਸਿੰਘ ਟੂਰਾ ਜਿਲ੍ਹਾ ਪ੍ਰਧਾਨ ਕਪੂਰਥਲਾ ਨੇ ਅੱਜ ਰੈਸਟ ਹਾਉਸ ਫਗਵਾੜਾ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਪੰਜਾਬ ਸਰਕਾਰ ਦਲਿਤ ਅਤੇ ਪਛੜੇ ਵਰਗ ਦੇ ਮੁਲਾਜਮਾ ਅਤੇ ਸਮਾਜ ਨਾਲ ਕੀਤੇ ਚੋਣ ਵਾਅਦੇ ਪੂਰੇ ਕਰਨ ਵਿਚ ਅਸਫਲ ਰਹੀ ਹੈ। ਇੱਥੋਂ ਤਕ ਕਿ 85ਵੀਂ ਸੰਵਿਧਾਨਕ ਸੋਧ ਜੋ ਫੈਡਰੇਸ਼ਨ ਨੇ ਲੰਬੇ ਸੰਘਰਸ਼ ਤੋਂ ਬਾਅਦ ਪ੍ਰਾਪਤ ਕੀਤੀ ਸੀ ਜੋ ਕੇਂਦਰ ਦੀ ਸਰਕਾਰ ਨੇ ਜੂਨ 1995 ਤੋਂ ਅਤੇ ਸੂਬਾ ਸਰਕਾਰ ਨੇ ਨਵੰਬਰ 2005 ਨੂੰ ਲਾਗੂ ਕੀਤੀ ਸੀ ਪਰੰਤੂ ਕੈਪਟਨ ਸਰਕਾਰ ਉਸਨੂੰ ਬਹਾਲ ਨਹੀਂ ਕਰ ਰਹੀ। ਸੂਬੇ ਦੀ 42% ਅਬਾਦੀ ਨਾਲ ਸਰਕਾਰ ਧੱਕਾ ਕਰ ਰਹੀ ਹੈ। 28 ਲੱਖ ਸਕੂਲੀ ਵਿਦਿਆਰਥੀਆਂ ਦੇ ਵਜੀਫੇ, ਪੋਸਟ ਮੈਟ੍ਰਿਕ ਸਕਾਲਰਸ਼ਿਪ ਅਧੀਨ 5 ਲੱਖ ਵਿਦਿਆਰਥੀਆਂ ਨੂੰ ਸਹੂਲਤ ਨਾ ਦੇ ਕੇ ਸਿੱਖਿਆ ਤੋਂ ਵਾਂਝਾ ਕੀਤਾ ਜਾ ਰਿਹਾ ਹੈ। ਸੂਬੇ ਵਿਚ ਹਜਾਰਾਂ ਹੀ ਐਸ.ਸੀ./ ਬੀ.ਸੀ. ਅਧਿ- ਕਾਰੀਆਂ ਨੂੰ ਗੈਰ ਕਾਨੂੰਨੀ ਢੰਗ ਨਾਲ ਜਨਰਲ ਵਰਗ ਦੇ ਜੂਨੀਅਰ ਕਰਮਚਾਰੀਆਂ ਪਿੱਛੇ ਲਗਾ ਦਿੱਤਾ ਗਿਆ ਹੈ। 25 ਹਜਾਰ ਪੋਸਟਾਂ ਦਾ ਬੈਕਲਾਗ ਪੂਰਾ ਨਹੀਂ ਕੀਤਾ ਜਾ ਰਿਹਾ। ਆਉਟ ਸੋਰਸ ਭਰਤੀ ਵਿਚ ਰਾਖਵਾਂਕਰਣ ਨਾ ਦੇ ਕੇ ਦਲਿਤਾਂ ਦਾ ਹੱਕ ਮਾਰਿਆ ਜਾ ਰਿਹਾ ਹੈ। ਨਿਜੀ ਖੇਤਰ ਵਿਚ ਰਾਖਵਾਂਕਰਨ ਨਾ ਦੇਣ, ਲੱਖਾਂ ਬੇਰੁਜਗਾਰਾਂ ਨੂੰ ਰੁਜਗਾਰ ਜਾਂ ਬੇਰੁਜਗਾਰੀ ਭੱਤਾ ਨਹੀਂ ਦਿੱਤਾ ਜਾ ਰਿਹਾ। ਸ਼ਗੁਨ ਸਕੀਮ, ਬੁਢਾਪਾ ਪੈਨਸ਼ਨ ਅਤੇ ਐਡਹਾਕ ਕਰਮਚਾਰੀਆਂ ਨੂੰ ਰੈਗੂਲਰ ਨਾ ਕਰਨ ਕਾਰਨ ਦਲਿਤ ਅਤੇ ਪਛੜੇ ਸਮਾਜ ਵਿਚ ਅਸੰਤੋਸ਼ ਪਾਇਆ ਜਾ ਰਿਹਾ ਹੈ। ਇਸ ਤੋਂ ਇਲਾਵਾ ਉਹਨਾਂ ਮਿਡ ਡੇ ਮੀਲ ਵਰਕਰਾਂ ਦਾ ਮਾਣ ਭੱਤਾ ਦੋਗੁਣਾ ਕਰਨ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਐਸ.ਸੀ./ਬੀ.ਸੀ. ਵਿਦਿਆਰਥੀਆਂ ਨੂੰ ਡਿਗਰੀਆਂ ਬਿਨਾ ਫੀਸ ਜਾਰੀ ਕਰਵਾਉਣ ਦੀ ਮੰਗ ਵੀ ਜੋਰ ਦੇ ਕੇ ਕੀਤੀ। ਉਕਤ ਆਗੂਆਂ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਪੁਰਜੋਰ ਅਪੀਲ ਕੀਤੀ ਕਿ ਫੈਡਰੇਸ਼ਨ ਦੀ ਲੀਡਰਸ਼ਿਪ ਨਾਲ ਪੈਨਲ ਮੀਟਿੰਗ ਕਰਕੇ ਉਕਤ ਮੰਗਾਂ ਤੁਰੰਤ ਮੰਨੀਆ ਜਾਣ ਨਹੀਂ ਤਾਂ ਆਉਣ ਵਾਲੀਆਂ ਜਿਮਨੀ ਚੋਣਾਂ ਵਿਚ ਇਸ ਦਾ ਖਾਮਿਆਜਾ ਭੁਗਤਣਾ ਪਵੇਗਾ।




ਇਸ ਮੌਕੇ ਬਲਵਿੰਦਰ ਮਸੀਹ ਜਿਲ੍ਹਾ ਜਨਰਲ ਸਕੱਤਰ, ਪਰਮਜੀਤ ਜੌੜਾ ਜਨਰਲ ਸਕੱਤਰ ਜਲੰਧਰ, ਮੱਖਣ ਰੱਤੂ ਇੰਚਾਰਜ ਅੰਬੇਡਕਰ ਮਿਸ਼ਨ ਕਲੱਬ ਜਲੰਧਰ, ਗੋਪਾਲ, ਬੂਟਾ ਮਸਾਣੀ, ਗਿਆਨ ਚੰਦ ਵਾਹਦ, ਮਨਜੀਤ ਗਾਟ ਤਹਿਸੀਲ ਪ੍ਰਧਾਨ, ਕੁਲਦੀਪ ਕੁਮਾਰ ਪ੍ਰਧਾਨ ਅੰਬੇਡਕਰ ਮਿਸ਼ਨ ਕਲੱਬ ਫਗਵਾੜਾ, ਵਿਨੋਦ ਕੁਮਾਰ, ਲਵਦੀਪ ਸਿੰਘ, ਰਾਮਪਾਲ, ਧਰਮਪਾਲ, ਲਖਵੀਰ ਚੰਦ, ਸ਼ੀਤਲ ਕੁਮਾਰ, ਅਸ਼ੋਕ ਕੁਮਾਰ, ਬਲਵਿੰਦਰ ਕੁਮਾਰ, ਪ੍ਰਿੰਸੀਪਲ ਜਸਵਿੰਦਰ ਸਿੰਘ, ਪ੍ਰਿੰਸੀਪਲ ਸਤਪਾਲ ਸੋਢੀ, ਜਸਵੀਰ ਲਾਲ, ਜਗਦੀਸ਼ ਸਿੰਘ, ਚੇਤ ਰਾਮ, ਜੀਵਨ ਸਿੰਘ ਆਦਿ ਹਾਜਰ ਸਨ।

# ਵਾਲਮੀਕੀ ਭਾਈਚਾਰੇ ਦੇ ਸੱਦੇ ਤੇ ਪੰਜਾਬ ਬੰਦ ਰਿਹਾ ਸਫਲ















**ਚੰਡੀਗੜ੍ਹ–** ਪੰਜਾਬ ਵਿੱਚ ਵਾਲਮੀਕ ਭਾਈਚਾਰੇ ਵੱਲੋਂ ਦਿੱਤੇ ਬੰਦ ਦੇ ਸੱਦੇ ਦੌਰਾਨ ਦੁਆਬੇ ਦੇ ਕਈ ਸ਼ਹਿਰਾਂ 'ਚ ਸਥਿਤੀ ਤਣਾਅ ਪੂਰਨ ਬਣੀ ਰਹੀ। ਮਾਲਵੇ ਅਤੇ ਮਾਝੇ ਦੇ ਕਈ ਜ਼ਿਲ੍ਹਿਆਂ ਵਿੱਚ ਵੀ ਬੰਦ ਨੂੰ ਹੁੰਗਾਰਾ ਮਿਲਿਆ ਅਤੇ ਨੌਜਵਾਨਾਂ ਨੇ ਜ਼ਬਰਦਸਤੀ ਬਾਜ਼ਾਰ ਬੰਦ ਕਰਾਏ। ਕਲਰਸ ਟੀ. ਵੀ. ਵੱਲੋਂ ਦਿਖਾਏ ਜਾ ਰਹੇ ਸੀਰੀਅਲ ਰਾਮ ਸਿਆ ਕੇ ਲਵ ਕੁਸ਼ ਵਿਚ ਭਗਵਾਨ ਵਾਲਮੀਕ ਜੀ ਦੀ ਛਵੀ ਅਤੇ ਇਤਿਹਾਸ ਤੋੜ-ਮਰੋੜ ਕੇ ਪੇਸ਼ ਕੀਤਾ ਗਿਆ ਹੈ, ਜਿਸਦੇ ਵਿਰੋਧ ਵਿਚ ਵਾਲਮੀਕ ਸਭਾਵਾਂ, ਸਤਿਗੁਰੂ ਰਵਿਦਾਸ ਸਭਾਵਾਂ ਅਤੇ ਸਮੂਹ ਬਹੁਜਨ ਸਮਾਜ ਜਥੇਬੰਦੀਆਂ ਸਮੇਤ ਭਗਵਾਨ ਵਾਲਮੀਕ ਮਹਾਰਾਜ ਜੀ ਦੇ ਸਨਮਾਨ ਲਈ ਸੰਪੂਰਨ ਬਹੁਜਨ ਸਮਾਜ ਵੱਲੋਂ ਰੋਸ ਪ੍ਰਦਰਸ਼ਨ ਕਰਕੇ ਪੰਜਾਬ ਨੂੰ ਸੰਪੂਰਨ ਰੂਪ ਵਿਚ ਬੰਦ ਕੀਤਾ ਗਿਆ ਅਤੇ ਦਿੱਤੇ ਗਏ ਪੂਰੇ ਪੰਜਾਬ ਪ੍ਰਦੇਸ਼ ਵਿਚ ਡੀ. ਸੀ. ਨੂੰ ਮੰਗ ਪੱਤਰ। ਇਸ ਬੰਦ ਦੌਰਾਨ ਪ੍ਰਦਰਸ਼ਨ ਕਰ ਰਹੇ ਅਤੇ ਦੁਕਾਨਦਾਰਾਂ ਵਿਚ ਕਈ ਜਗ੍ਹਾ ਤੇ ਹਿੰਸਕ ਝੜੱਪਾਂ ਵੀ ਹੋਈਆਂ। ਨਕੋਦਰ ਵਿਖੇ ਹਿੰਸਕ ਝੜੱਪ ਦੌਰਾਨ ਚੱਲੀ ਗੋਲੀ ਜਿਸਦਾ ਕਾਰਨ ਵਾਲਮੀਕ ਭਾਈਚਾਰੇ ਦੇ ਆਗੂਆਂ ਵੱਲੋਂ ਇਹ ਦੱਸਿਆ ਗਿਆ ਕਿ ਪੰਜਾਬ ਬੰਦ ਦੌਰਾਨ ਨਕੋਦਰ ਵਿਖੇ ਖੁੱਲ੍ਹੀ ਹੋਈ ਦੁਕਾਨ ਨੂੰ ਬੰਦ ਕਰਵਾਉਣ ਲਈ ਪੁੱਜੇ ਪ੍ਰਦਰਸ਼ਨਕਾਰੀਆਂ ਨਾਲ ਦੁਕਾਨਦਾਰ ਦੀ ਦੁਕਾਨ ਬੰਦ ਕਰਨ ਲਈ ਬਹਿਸ ਹੋ ਗਈ ਅਤੇ ਹੱਥੋਪਾਈ ਤੱਕ ਨੌਬਤ ਆ ਗਈ।

ਦੁਕਾਨਦਾਰ ਨੇ ਪ੍ਰਦਰਸ਼ਨਕਾਰੀਆਂ ਤੇ ਆਪਣੀ ਪਿਸਤੌਲ ਨਾਲ ਹਵਾਈ ਫਾਇਰਿੰਗ ਕੀਤੀ ਜਿਸ ਵਿਚ ਗੋਪੀ ਨਾਮੀ ਨੌਜਵਾਨ ਜ਼ਖਮੀ ਹੋ ਗਿਆ। ਇਸ ਘਟਨਾਂ ਤੇ ਪੁਲਿਸ ਵੱਲੋਂ ਜਲਦੀ ਹੀ ਕਾਬੂ ਪਾ ਲਿਆ ਅਤੇ ਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ। ਜ਼ਖਮੀ ਨੌਜਵਾਨ ਦੀ ਹਾਲਤ ਹਸਪਤਾਲ ਵਿਚ ਡਾਕਟਰਾਂ ਵੱਲੋਂ ਸਥਿਰ ਦੱਸੀ ਜਾ ਰਹੀ ਹੈ ਅਤੇ ਇਲਾਜ ਤੋਂ ਬਾਅਦ ਉਸਨੂੰ ਛੁੱਟੀ ਦਿੱਤੀ ਗਈ। ਪੰਜਾਬ ਸਰਕਾਰ ਦੁਆਰਾ ਇਸ ਸੀਰੀਅਲ ਦਾ ਪੰਜਾਬ ਵਿਚ ਪ੍ਰਸਾਰਣ ਬੰਦ ਕਰ ਦਿੱਤਾ ਗਿਆ ਹੈ। ਪ੍ਰਦਰਸ਼ਨ ਕਰ ਰਹੇ ਬਹੁਜਨ ਸਮਾਜ ਦੇ ਆਗੂਆਂ ਦੀ ਮੰਗ ਹੈ ਕਿ ਇਸ ਸੀਰੀਅਲ ਦਾ ਪ੍ਰਦਰਸ਼ਨ ਪੂਰੇ ਭਾਰਤ ਵਿਚ ਬੰਦ ਹੋਣਾ ਚਾਹੀਦਾ ਹੈ।





**ਬੀਤੀ 10 ਸਤੰਬਰ ਨੂੰ ਜਲੰਧਰ ਦੇ ਐਸ. ਐਸ. ਪੀ. ਦਫਤਰ ਵਿਖੇ ਸਤਿਕਾਰ ਕਮੇਟੀ ਦੇ ਮੁਖੀ ਸੁਰਜੀਤ ਖੋਸਾ ਦੀ ਇਕ ਵੀਡੀਓ ਸਬੰਧੀ ਵਿਵਾਦ ਤੇ ਰਾਜੀਨਾਮਾ ਹੋ ਗਿਆ ਹੈ। ਸਮਾਜ ਨੇ ਉਸ ਵੀਡੀਓ ਸਬੰਧੀ ਰੋਸਪ੍ਰਗਟ ਕੀਤਾ, ਜਿਸ ਕਰਕੇ ਆਪਸੀ ਵਿਵਾਦ ਪੈਦਾ ਹੋ ਗਿਆ ਸੀ।**

# ਵਿਪਸਾ ਵਲੋਂ ਸੁਰਜੀਤ ਨਾਲ ਵਿਦਾਇਗੀ ਮਿਲਣੀ

**ਹੇਵਰਡ (ਬਿਊਰੋ)–** ਬੀਤੇ ਸੋਮਵਾਰ ਨੂੰ ਫੇਵਰਿਟ ਇੰਡੀਆ ਰੈਸਟੋਰੰਟ, ਹੇਵਰਡ ਵਿਖੇ ਵਿਪਸਾ ਵਲੋਂ ਕੈਨੇਡਾ ਨਿਵਾਸੀ ਸਾਹਿਤਕ ਸ਼ਖਸੀਅਤ ਸੁਰਜੀਤ ਨਾਲ ਇਕ ਵਿਸ਼ੇਸ਼ ਵਿਦਾਇਗੀ-ਮਿਲਣੀ ਕੀਤੀ ਗਈ। ਇਸ ਇੱਕਤਰਤਾ ਵਿਚ ਸੁਰਿੰਦਰ ਧਨੋਆ, ਜਸਵਿੰਦਰ ਕੌਰ ਧਨੋਆ, ਕੁਲਵਿੰਦਰ, ਰੇਸ਼ਮ ਸਿੱਧੂ, ਜਗਜੀਤ ਨੌਸ਼ਹਿਰਵੀ, ਤਾਰਾ ਸਾਗਰ, ਲਾਜ ਨੀਲਮ ਸੈਣੀ, ਗੁਲਸ਼ਨ ਦਿਆਲ ਅਤੇ ਸੁਰਜੀਤ ਦੇ ਨਾਲ ਨਾਲ ਸੁਰਿੰਦਰ ਸੀਰਤ ਵੀ ਸ਼ਾਮਿਲ ਹੋਏ।ਸਭ ਤੋਂ ਪਹਿਲਾਂ ਸੁਰਜੀਤ ਨੂੰ ਕੈਨੇਡਾ ਵਿਚ ਰਚੇ ਜਾ ਰਹੇ ਸਾਹਿਤ ਅਤੇ ਸਾਹਿਤ ਸਭਾਵਾਂ ਪ੍ਰਤੀ ਆਪਣੇ ਵਿਚਾਰ ਸਾਂਝੇ ਕਰਨ ਲਈ, ਸੁਰਿੰਦਰ ਸੀਰਤ ਵਲੋਂ ਬੇਨਤੀ ਕੀਤੀ ਗਈ।ਉਹਨਾਂ ਨੇ ਸਭ ਤੋਂ ਪਹਿਲਾਂ ਤਾਂ ਇਹ ਸਵੀਕਾਰ ਕੀਤਾ ਕਿ ਕਵਿਤਾ ਅਤੇ ਵਾਰਤਕ ਲਿਖਣ ਦੀ ਸਾਹਿਤਕ ਸ਼ੁਰੂਆਤ ਉਹਨਾਂ ਨੂੰ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਨਾਲ ਮੁਸਲਸਲ ਜੁੜਨ ਕਾਰਨ ਪ੍ਰਾਪਤ ਹੋਈ। ਇਸ ਦੇ ਕਾਰਨ ਹੀ ਜਦ ਉਹ ਕੈਨੇਡਾਦੇ ਵਸਨੀਕ ਬਣੇ ਤਾਂ ਉੱਥੋਂ ਦੀਆਂ ਸਾਹਿਤਕ ਸਭਾਵਾਂ ਵਿਚ ਪ੍ਰਵਾਨ ਚੜ੍ਹੇ।ਕੈਨੇਡਾ ਵਿਚ ਰਹਿੰਦਿਆਂ ਹੀ ਉਹਨਾਂ ਨੇ ਕਵਿਤਾ ਅਤੇ ਹੁਣ ਵਾਰਤਕ ਵਿਚ ਆਪਣਾ ਸਥਾਨ ਨਿਸਚਿਤ ਕੀਤਾ ਹੈ। ਉੱਥੋਂ ਦੀ ਕਵਿਤਾ ਬਾਰੇ ਦਸਦਿਆਂ ਉਹਨਾਂ ਨੇ ਕਿਹਾ ਕਿ ਖੁੱਲ੍ਹੀ ਕਵਿਤਾ ਨਾਲੋਂ ਗ਼ਜ਼ਲ ਵਧੇਰੇ ਲਿਖੀ ਜਾ ਰਹੀ ਹੈ ਅਤੇ ਚੰਗੇ ਮਿਆਰ ਦੀ ਲਿਖੀ ਜਾ ਰਹੀ ਹੈ ਪਰ ਉੱਥੋਂ ਦੀ ਵਾਰਤਕ ਕਵਿਤਾ ਨਾਲੋਂ ਜ਼ਿਆਦਾ ਚਰਚਿਤ ਹੈ। ਜਦ ਸੁਰਿੰਦਰ ਧਨੋਆ ਜੀ ਨੇ ਸਵਾਲ ਕੀਤਾ ਕਿ ਕੀ ਉੱਥੋਂ ਦੇ ਜੰਮਪਲਾਂ ਵਿਚੋਂ ਕੋਈ ਪੰਜਾਬੀ ਸਾਹਿਤ ਵਿਚ ਸ਼ਾਮਿਲ ਹੋ ਰਿਹਾ ਹੈ ਤਾਂ ਸੁਰਜੀਤ ਜੀ ਨੇ ਦੱਸਣਾ ਉੱਚਿਤ ਸਮਝਿਆ ਕਿ ਨਵੀਂ ਪੀੜ੍ਹੀ ਪੰਜਾਬੀ ਵਿਚ ਨਹੀਂ ਸਗੋਂ ਅੰਗਰੇਜ਼ੀ ਵਿਚ ਲਿਖ ਰਹੀ ਹੈ। ਦੂਜਾ ਇਹ ਕਿ ਰੋਮਨ ਲੈਟਰਜ਼ ਨੇ ਵੀ ਪੰਜਾਬੀ ਦਾ ਕੁਝ ਸੰਵਾਰਿਆ ਨਹੀਂ ਸਗੋਂ ਗੁਰਮੁਖੀ ਅੱਖਰਾਂ ਤੋਂ ਵੀ ਪਲਾਇਨ ਕਰਨ ਵਿਚ ਹਿੱਸਾ ਪਾਇਆ ਹੈ।



ਫਿਰ ਪੰਜਾਬੀ ਮਾਵਾਂ ਵੀ ਆਪਣਿਆਂ ਬੱਚਿਆਂ ਨੂੰ ਆਪਣੀ ਮਾਂ-ਬੋਲੀ ਕਿਸੇ ਹੀਣਤਾ ਕਾਰਨ ਪਹੁੰਚਾਉਣ ਵਿਚ ਅਸਮਰੱਥ ਹਨ। ਪੰਜਾਬੀ ਦਾ ਭਵਿੱਖ ਤਾਂ ਬਾਹਰੋਂ (ਭਾਰਤ ਆਦਿ ਤੋਂ) ਆਏ ਪਰਵਾਸ ਧਾਰੀਆਂ ਤੇ ਨਿਰਭਰ ਹੈ।ਇਸ ਵਿਸ਼ੇ ਤੇ ਭਖਵਾਂ ਵਿਚਾਰ ਵਟਾਂਦਰਾ ਹੋਇਆ ਪਰ ਇਹ ਗੱਲ ਨਿੱਖਰ ਕੇ ਸਾਹਮਣੇ ਆਈ ਕਿ ਕੈਨੇਡਾ ਵਿਚ ਪੰਜਾਬੀ ਭਾਸ਼ਾ ਨੂੰ ਪੂਰੇ ਗਲੋਬ ਵਿਚ ਸਭ ਤੋਂ ਜ਼ਿਆਦਾ ਵਰਤਿਆ ਗਿਆ ਪਰਤੀਤ ਹੁੰਦਾ ਹੈ।

ਬੈਠਕ ਦੇ ਦੂਜੇ ਚਰਨ ਵਿਚ ਸੁਰਜੀਤ ਨੇ ਆਪਣੀਆਂ ਨਵ ਸਿਰਜਿਤ ਚਾਰ ਕਵਿਤਾਵਾਂ ਦਾ ਪਾਠ ਕੀਤਾ ਜਿਨ੍ਹਾਂ ਵਿਚ 'ਸਫ਼ਓਮਪ;ਰ', 'ਮੁਹੱਬਤ','ਤੇਰੀ ਰੰਗ ਸ਼ਾਲਾ' ਅਤੇ 'ਮੈਂ, ਘਰ ਤੇ ਖਾਮੋਸ਼ੀ' ਸ਼ਾਮਿਲ ਸਨ। ਚੌਥੀ ਕਵਿਤਾ ਨੇ ਇਕ ਆਤਮਬੋਧ ਦੀ ਜਗਿਆਸਾ ਦੀ ਅਭਿਵਿਅਕਤੀ ਦੁਆਰਾ ਇਸ ਦਾ ਮੂਲ ਮੰਤਰ ਇੰਝ ਪ੍ਰਸਤੁਤ ਕੀਤਾ ਕਿ, 'ਤਇਸ ਘਰ ਵਿਚ ਇੰਝ ਜੀਵੀ ਹਾਂ ਕਿ ਬਸ ਅੰਦਰ ਬਾਹਰ ਮੈਂ ਹੀ ਮੈਂ ਹਾਂ' ਅਗਲੇ ਚਰਨ ਵਿਚ ਹਾਜ਼ਰ ਲੇਖਕਾਂ ਨੇ ਆਪੋ ਆਪਣੇ ਸਰੋਕਾਰ ਪ੍ਰਸਤੁਤ ਕੀਤੇ ਅਤੇ ਆਪਣੀਆਂ ਨਜ਼ਮਾਂ ਨਾਲ ਸਮਾਂ ਬੰਨ੍ਹਿਆ ਜਿੰਨਾਂ ਵਿਚ ਗੁਲਸ਼ਨ ਦਿਆਲ, ਤਾਰਾ ਸਾਗਰ, ਸੁਰਿੰਦਰ ਧਨੋਆ, ਰੇਸ਼ਮ ਸਿੱਧੂ, ਜਗਜੀਤ ਨੌਸ਼ਹਿਰਵੀ, ਲਾਜ ਨੀਲਮ ਸੈਣੀ ਅਤੇ ਕੁਲਵਿੰਦਰ ਪੇਸ਼ ਪੇਸ਼ ਰਹੇ।ਹਾਸ ਰਸ ਦੀ ਮਹਿਮਾਂ ਜਸਵਿੰਦਰ ਕੌਰ ਧਨੋਆ ਜੀ ਨੇ ਜਿਸ ਅੰਦਾਜ਼ ਵਿਚ ਉਤਪਨ ਕੀਤੀ ਉਸ ਨੇ ਮਾਹੌਲ ਦੀ ਸੰਜੀਦਗੀ ਵਿਚ ਉਲਾਸ ਰੰਗ ਬਖੇਰ ਦਿੱਤਾ। ਅੰਤ ਵਿਚ ਸੁਰਜੀਤ ਜੀ ਨੇ ਸਾਰਿਆ ਨਾਲ ਗਲਵੱਕੜੀ ਪਾਈ ਅਤੇ ਇਸ ਅਨੋਖੀ ਬੈਠਕ ਦੇ ਆਯੋਜਨ ਲਈ ਵਿਪਸਾ ਦਾ ਧੰਨਵਾਦ ਕੀਤਾ।

# ਪਾਕਿਸਤਾਨ 'ਚ ਪਹਿਲੀ ਵਾਰ ਹਿੰਦੂ ਕੁੜੀ ਪੁਲਿਸ ਅਫਸਰ ਬਣੀ

**ਇਸਲਾਮਾਬਾਦ –** ਪਾਕਿਸਤਾਨ ਵਿੱਚ ਪਹਿਲੀ ਵਾਰ ਇੱਕ ਹਿੰਦੂ ਕੁੜੀ ਪੁਲਸ ਅਧਿਕਾਰੀ ਬਣੀ ਹੈ। ਪੁਸ਼ਪਾ ਕੋਹਲੀ ਨਾਮੀ ਹਿੰਦੂ ਕੁੜੀ ਨੂੰ ਸਿੰਧ ਪੁਲਸ ਵਿੱਚ ਏ ਐੱਸ ਆਈ ਵਜੋਂ ਸ਼ਾਮਲ ਕੀਤਾ ਗਿਆ ਹੈ।

ਇਸ ਸੰਬੰਧੀ ਖਬਰ ਨੂੰ ਸਭ ਤੋਂ ਪਹਿਲਾਂ ਮਨੁੱਖੀ ਅਧਿਕਾਰ ਵਰਕਰ ਕਪਿਲ ਦੇਵ ਨੇ ਆਪਣੇ ਟਵਿੱਟਰ ਹੈਂਡਲ 'ਤੇ ਸਾਂਝਾ ਕੀਤਾ। ਕਪਿਲ ਦੇਵ ਨੇ ਕਿਹਾ ਕਿ ਪੁਸ਼ਪਾ ਕੋਹਲੀ ਹਿੰਦੂ ਭਾਈਚਾਰੇ ਨਾਲ ਸੰਬੰਧਤ ਪਹਿਲੀ ਕੁੜੀ ਹੈ, ਜਿਸ ਨੇ ਸਿੰਧ ਲੋਕ ਸੇਵਾ ਕਮਿਸ਼ਨ ਅਧੀਨ ਦਿੱਤੀ ਪ੍ਰੀਖਿਆ ਵਿੱਚ ਸਫਲਤਾ ਹਾਸਲ ਕੀਤੀ। ਇਸ ਤੋਂ ਪਹਿਲਾਂ ਇਸੇ ਸਾਲ ਜਨਵਰੀ ਵਿੱਚ ਇੱਕ ਹੋਰ ਹਿੰਦੂ ਔਰਤ ਸੁਮਨ ਨੂੰ ਸਿਵਲ ਅਤੇ ਜੁਡੀਸ਼ਲ ਮੈਜਿਸਟਰੇਟ ਬਣਾਇਆ ਗਿਆ ਸੀ। ਪਾਕਿਸਤਾਨ ਵਿੱਚ ਘੱਟ ਗਿਣਤੀ ਭਾਈਚਾਰੇ ਨਾਲ ਸੰਬੰਧਤ ਹਿੰਦੂ ਲੋਕਾਂ ਦੀ ਵੱਡੀ ਆਬਾਦੀ ਹੈ। ਇਸ ਦੌਰਾਨ ਪਾਕਿਸਤਾਨ ਦੇ ਸਿੰਧ ਸੂਬੇ ਵਿੱਚ ਇੱਕ ਹਿੰਦੂ ਕੁੜੀ ਨੂੰ ਅਗਵਾ ਕਰ ਕੇ ਉਸ ਦਾ ਧਰਮ ਤਬਦੀਲ ਕਰਨ ਦਾ ਕੇਸ ਸਾਹਮਣੇ ਆਇਆ ਹੈ। ਇੱਕ ਹਫਤੇ ਅੰਦਰ ਕਿਸੇ ਘੱਟ ਗਿਣਤੀ ਭਾਈਚਾਰੇ ਨਾਲ ਸੰਬੰਧਤ ਕੁੜੀ ਦਾ ਧਰਮ ਤਬਦੀਲ ਕਰਨ ਦਾ ਦੂਜਾ ਮਾਮਲਾ ਹੈ। ਇੱਕ ਗੈਰ ਲਾਭਕਾਰੀ ਸੰਗਠਨ ਆਲ ਪਾਕਿਸਤਾਨ ਹਿੰਦੂ ਪੰਚਾਇਤ ਨੇ ਆਪਣੀ ਫੇਸਬੁਕ ਪੋਸਟ ਵਿੱਚ ਦਾਅਵਾ ਕੀਤਾ ਹੈ ਕਿ ਰੇਣੂਕਾ ਕੁਮਾਰੀ ਨੂੰ 29 ਅਗਸਤ ਨੂੰ ਅਗਵਾ ਕੀਤਾ ਗਿਆ ਸੀ।





# ਡਾ.ਭੀਮਰਾਓ ਅੰਬੇਡਕਰ ਦੇ ਸੁਪਨਿਆਂ ਦਾ ਭਾਰਤ ਹੀ ਸਭ ਦਾ ਭਾਰਤ ਹੈ: ਲਕਸ਼

**ਮਿਰਜਾਪੁਰ (ਯੂ. ਪੀ.)–** ਲਕਸ਼ ਦੀ ਮਿਰਜਾਪੁਰ ਟੀਮ ਨੇ 'ਲਕਸ਼ੈ ਗਾਓਂ ਕੀ ਔਰ' ਮੁਹਿੰਮ ਦ ਤਹਿਤ ਇਕ ਭੀਮ ਚਰਚਾ ਦਾ ਆਯੋਜਨ ਲਕਸ਼ੈ ਕਮਾਂਡਰ ਪ੍ਰਦੀਪ ਕੁਮਾਰ ਸ਼ਿਲਪੀ ਨੇ ਕੀਤਾ, ਜਿਸ ਵਿਚ ਗਰਮੀ ਦੇ ਬਾਵਜੂਦ ਪਿੰਡ ਦੇ ਲੋਕਾਂ ਨੇ ਵੱਧ-ਚੜ੍ਹ ਕੇ ਭਾਗ ਲਿਆ। ਡਾ. ਭੀਮਰਾਓ ਅੰਬੇਡਕਰ ਦੇ ਸੁਪਨਿਆਂ ਦਾ ਭਾਰਤ ਹੀ ਸਭ ਦਾ ਭਾਰਤ ਹੈ, ਜਿਸ ਵਿਚ ਸਾਰੇ ਨਾਗਰਿਕਾਂ ਨੂੰ ਬਰਾਬਰ ਅਧਿਕਾਰ ਹਨ, ਜੋ ਸਮਾਨਤਾ, ਭਾਈਚਾਰਾ, ਆਜ਼ਾਦੀ ਤੇ ਆਧਾਰਿਤ ਹੈ, ਜਿੱਥੇ ਭੇਦਭਾਵ ਦੀ ਕੋਈ ਜਗ੍ਹਾ ਨਹੀਂ ਹੈ। ਇਹ ਗੱਲ ਲਕਸ਼ੈ ਕਮਾਂਡਰ ਸੁਰੇਸ਼ ਪ੍ਰਸਾਦ, ਸ਼ਿਵਲੋਚਨ ਬਾਗੀ ਨੇ ਪ੍ਰੋਗਰਾਮ ਦਰਮਿਆਨ ਕਹੀ। ਲਕਸ਼ੈ ਕਮਾਂਡਰ ਯਸ਼ਵੰਤ ਰਾਓ, ਬੀ. ਡੀ. ਗੌਤਮ ਅਤੇ ਸੰਤ ਲਾਲ (ਅਧਿਆਪਕ) ਨੇ ਸਿੱਖਿਆ 'ਤੇ ਜ਼ੋਰ ਦਿੰਦੇ ਹੋਏ ਕਿਹਾ ਕਿ ਬਹੁਜਨ ਸਮਾਜ ਆਪਣੇ ਬੱਚਿਆਂ ਨੂੰ ਵਿਸ਼ੇਸ਼ ਤੌਰ ਤੇ ਬੇਟੀਆਂ ਨੂੰ ਲਾਜ਼ਮੀ ਸਿੱਖਿਆ ਕਰਨ। ਉਹਨਾਂ ਨੇ ਕਿਹਾ ਕਿ ਸਿੱਖਿਆ 'ਤੇ ਬਹੁਤ ਜ਼ੋਰ ਦਿੱਤਾ ਹੈ ਅਤੇ ਉਹਨਾਂ ਦਾ ਪਹਿਲਾ ਮੂਲ ਮੰਤਰ ਵੀ ਸਿੱਖਿਆ ਹੀ ਹੈ ਅਤੇ ਉਹਨਾਂ ਨੇ ਆਪਣੀ ਸਿੱਖਿਆ ਦੇ ਬਲਬੂਤੇ ਹੀ ਬਹੁਜਨ ਸਮਾਜ ਅਤੇ ਔਰਤਾਂ ਨੂੰ ਮਨੁੱਖੀ ਅਧਿਕਾਰ ਦਿਵਾਏ। ਲਕਸ਼ੈ ਦੀ ਟੀਮ ਨੇ ਪ੍ਰਦੀਪ ਕੁਮਾਰ ਅਤੇ ਰਾਜਪਤੀ ਠਾਕਰੇ ਨੂੰ ਲਕਸ਼ੈ ਕਮਾਂਡਰ ਦੇ ਰੂਪ ਵਿਚ ਜ਼ਿੰਮੇਵਾਰੀ ਦਿੱਤੀ ਅਤੇ ਉਹਨਾਂ ਨੂੰ ਮਿਰਜਾਪੁਰ ਦੀ ਲਕਸ਼ੈ ਟੀਮ ਵਿਚ ਸ਼ਾਮਲ ਕੀਤਾ।




## 'ਦੇਸ਼ ਦੁਆਬਾ'

### ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?

ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?

ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।

ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ

ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**1-916-947-8920 (ਫੋਨ), 1-916-238-1393 (ਫੈਕਸ)**

**E-mail : deshdoaba@yahoo.com**

www.deshdoaba.com www.ambedkartimes.com




Dr Ronki Ram at Sri Guru Ravidass Temple at Wolverhampton, UK

# 15 ਸਤੰਬਰ ਦੇ ਵਿਸ਼ਵ ਕਬੱਡੀ ਕੱਪ 'ਚ ਪਹੁੰਚ ਕੇ ਇਤਿਹਾਸ ਦੇ ਗਵਾਹ ਬਣੋ- ਗਾਖ਼ਲ

(ਸਫਾ 1 ਦੀ ਬਾਕੀ)

ਦਿਖਾਉਣਗੇ ਸਗੋਂ ਚਾਰ ਪ੍ਰਮੁੱਖ ਕਲੱਬਾਂ ਬੇਏਰੀਆ ਸਪੋਰਟਸ ਕਲੱਬ, ਯੰਗ ਸਪੋਰਟਸ ਕਬੱਡੀ ਕਲੱਬ, ਨਿਊਯਾਰਕ ਮੈਟਰੋ ਕਲੱਬ ਅਤੇ ਟੀਮ ਨੌਰਥ ਅਮੈਰਿਕਾ (ਕਨੇਡਾ) ਵਿਚ ਬਰਾਬਰ ਦੇ ਖਿਡਾਰੀ ਫਸਵੇਂ ਮੁਕਾਬਲਿਆਂ ਵਿਚ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕਰਨਗੇ। ਉਨ੍ਹਾਂ ਸਮੂਹ ਕਬੱਡੀ ਪ੍ਰੇਮੀਆਂ ਅਤੇ ਸੰਗਤਾਂ ਨੂੰ ਅਪੀਲ ਕਰਦਿਆਂ ਕਿਹਾ ਕਿ 15 ਸਤੰਬਰ ਦਾ ਇਕ ਦਿਨ ਇਸ ਇਤਿਹਾਸਕ ਕਬੱਡੀ ਕੱਪ ਦੇ ਲੇਖੇ ਲਾਓ ਅਤੇ ਇਹ ਸਾਡੀ ਪਹਿਚਾਣ ਤੇ ਭਾਈਚਾਰਕ ਸਾਂਝ ਦਾ ਪ੍ਰਤੀਕ ਵੀ ਹੋਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਇਸ ਮੇਲੇ ਦੌਰਾਨ ਜਿੱਥੇ ਕਬੱਡੀ ਨੂੰ ਬੁਲੰਦੀਆਂ ਦੇਣ ਵਾਲੇ ਨੇਕੀ ਸਿੱਧਵਾਂ, ਮੰਗੀ ਬੱਗਾ ਪਿੰਡ, ਸੰਦੀਪ ਨੰਗਲ ਅੰਬੀਆਂ, ਪਾਲਾ ਜਲਾਲਪੁਰ, ਖੁਸ਼ੀ ਦੁੱਗਾਂ ਅਤੇ ਸੁਲਤਾਨ ਸ਼ਮਸ਼ਪੁਰ ਨੂੰ ਗਾਖਲ ਪਰਿਵਾਰ ਆਪਣੇ ਪਿਤਾ ਸ. ਨਸੀਬ ਸਿੰਘ ਗਾਖਲ ਦੀ ਯਾਦ 'ਚ ਗੋਲਡ ਮੈਡਲਾਂ ਨਾਲ ਸਨਮਾਨ ਦੇਵੇਗਾ ਉੱਥੇ ਇਸ ਸਿੱਖ ਜਗਤ ਦੇ ਇਤਿਹਾਸਕ ਵਰ੍ਹੇ 'ਤੇ ਸਮਾਜਿਕ, ਸਾਹਿਤਕ ਅਤੇ ਧਾਰਮਿਕ ਖੇਤਰ ਦੀਆਂ 5 ਅਹਿਮ ਸਖਸ਼ੀਅਤਾਂ ਡਾ. ਹਰਕੇਸ਼ ਸੰਧੂ, ਉਲੰਪੀਅਨ ਮਹਿੰਦਰ ਸਿੰਘ ਗਿੱਲ, ਯੂਨੀਅਨ ਸਿਟੀ ਦੇ ਡਿਪਟੀ ਮੇਅਰ ਗੈਰੀ ਸਿੰਘ, ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਅਤੇ ਤਰਲੋਚਨ ਸਿੰਘ ਦੁਪਾਲਪੁਰ ਨੂੰ ਵੀ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਜਾ ਰਿਹਾ ਹੈ। ਕਲੱਬ ਦੇ ਚੇਅਰਮੈਨ ਸ. ਮੱਖਣ ਸਿੰਘ ਬੈਂਸ ਨੇ ਕਿਹਾ ਕਿ ਸਕਿਉਰਿਟੀ, ਲੰਗਰ, ਪਾਰਕਿੰਗ ਦੇ ਪ੍ਰਬੰਧ ਵੀ ਮੁਕੰਮਲ ਕਰ ਲਏ ਗਏ ਹਨ ਤੇ ਇਸ ਗੱਲ ਦਾ ਧਿਆਨ ਰੱਖਿਆ ਗਿਆ ਹੈ ਕਿ ਇਸ ਇਤਿਹਾਸ ਕਬੱਡੀ ਕੱਪ ਨੂੰ ਵੇਖਣ ਆਉਣ ਵਾਲੇ ਕਿਸੇ ਵੀ ਕਬੱਡੀ ਪ੍ਰੇਮੀ ਨੂੰ ਕਿਸੇ ਤਰ੍ਹਾਂ ਦੀ ਕੋਈ ਅਸੁਵਿਧਾ ਨਾ ਹੋਵੇ। ਉਨ੍ਹਾਂ ਕਿਹਾ ਕਿ ਪਿਛਲੇ ਲੰਬ ਅਰਸੇ ਤੋਂ ਸੱਚੀ ਮੁੱਚੀਂ ਹੀ ਇਸ ਕਬੱਡੀ ਕੱਪ ਨੂੰ ਸਫਲਤਾ ਦੇਣ ਲਈ ਹਰ ਸੰਭਵ ਯਤਨ ਕੀਤਾ ਗਿਆ ਹੈ ਅਤੇ ਡਰੱਗ ਫ੍ਰੀ ਇਸ ਕੱਬਡੀ ਕੱਪ ਵਿਚ ਡਰੱਗ ਫ੍ਰੀ ਸਰਟੀਫਿਕੇਟ ਪ੍ਰਾਪਤ ਖਿਡਾਰੀਆਂ ਨੂੰ ਹੀ ਖੇਡਣ ਦਾ ਮੌਕਾ ਦਿੱਤਾ ਜਾ ਰਿਹ ਹੈ। ਇਸ ਕਬੱਡੀ ਕੱਪ 'ਚ ਜਿੱਥੇ ਵੱਡੀਆਂ ਚਾਰ ਕਲੱਬਾਂ ਭਾਗ ਲੈ ਰਹੀਆਂ ਹਨ ਉੱਥੇ ਸਥਾਨਕ ਨੌਜਵਾਨਾਂ ਨੂੰ ਉਤਸ਼ਾਹਿਤ ਕਰਨ ਲਈ ਆਲ ਓਪਨ ਮੁਕਾਬਲਿਆਂ ਵਿਚ ਦੋ ਕਬੱਡੀ ਟੀਮਾਂ ਯੂਨਾਈਟਡ ਸਪੋਰਟਸ ਕਲੱਬ ਅਤੇ ਯੰਗ ਸਪੋਰਟਸ ਕਲੱਬ ਖੇਡਣਗੀਆਂ ਜਦੋਂਕਿ ਅੰਡਰ-21 ਮੁਕਾਬਲਿਆਂ ਵਿਚ ਬਿਲਕੁਲ ਨਵੇਂ ਖਿਡਾਰੀਆਂ ਦੀਆਂ ਦੋ ਟੀਮਾਂ ਦਰਸ਼ਕਾਂ ਨੂੰ ਨਵੀਂ ਪੀੜ੍ਹੀ ਦੇ ਨਵੇਂ ਕਬੱਡੀ ਰੰਗ ਦਿਖਾਉਣਗੀਆਂ।

ਸ. ਮੱਖਣ ਸਿੰਘ ਬੈਂਸ ਨੇ ਸਮੂਹ ਸੰਗਤਾਂ, ਕਬੱਡੀ ਪ੍ਰੇਮੀਆਂ ਨੂੰ ਇਸ ਇਤਿਹਾਸ ਕਬੱਡੀ ਕੱਪ 'ਤੇ ਪਹੁੰਚਣ ਦੀ ਅਪੀਲ ਕਰਦਿਆਂ ਇਹ ਵੀ ਦੱਸਿਆ ਕਿ ਜਿੱਥੇ ਗੁਰੂਘਰ ਸੈਨਹੋਜ਼ੇ, ਫਰੀਮਾਂਟ, ਮਿਲਪੀਟਸ ਤੇ ਸਟਾਕਟਨ ਸੰਗਤਾਂ ਲਈ ਲੰਗਰ ਦੀ ਸੇਵਾ ਕੀਤੀ ਜਾਵੇਗੀ ਉੱਥੇ ਰਾਜਾ ਸਵੀਟਸ ਵਲੋਂ ਮੁਫਤ ਚਾਹ, ਪਕੌੜੇ, ਛੋਲੇ ਪੂਰੀਆਂ ਅਤੇ ਜਲੇਬੀਆਂ ਦਾ ਲੰਗਰ ਵੀ ਲਗਾਇਆ ਜਾਵੇਗਾ। ਸ਼ਿਕਾਗੋ ਪੀਜ਼ਾ ਅਤੇ ਵੇਰਕਾ ਵਲੋਂ ਲੱਸੀ ਅਤੇ ਆਪਣੇ ਹੋਰ ਪ੍ਰੋਡਕਟ ਮੁਫਤ ਦਰਸ਼ਕਾਂ 'ਚ ਵੰਡੇ ਜਾਣਗੇ। ਹੋਰ ਜਾਣਕਾਰੀ ਲਈ ਫੋਨ ਨੰਬਰ 510 415 3315 'ਤੇ ਸੰਪਰਕ ਕੀਤਾ ਜਾ ਸਕਦਾ ਹੈ।



ਸ੍ਰੀ ਗੁਰੂ ਰਵਿਦਾਸ ਪ੍ਰਬੰਧਕ ਕਮੇਟੀ ਜਲੰਧਰ ਦੇ ਮੈਂਬਰਾਨ ਸਾਹਿਬਾਨ ਵੱਲੋਂ ਲੋਹੀਆਂ ਖਾਸ (ਜਲੰਧਰ) ਦੇ ਹੜ੍ਹ ਪੀੜਤ ਹਲਕੇ ਦਾ ਦੌਰਾ ਕੀਤਾ ਅਤੇ ਪ੍ਰਭਾਵਿਤ ਵਿਅਕਤੀਆਂ ਨਾਲ ਦੁੱਖ ਸਾਂਝਾ ਕਰਦਿਆਂ ਕੁਝ ਖਾਣ6ਪੀਣ ਅਤੇ ਜ਼ਰੂਰਤ ਦੀਆਂ ਵਸਤਾਂ ਮੁਹੱਈਆ ਕਰਵਾਉਂਦੇ ਹੋਏ ਫੂਡ ਅਤੇ ਸਿਵਲ ਸਪਲਾਈ ਅਧਿਕਾਰੀ ਉਪੇਂਦਰ ਕੁਮਾਰ, ਵਰਿੰਦਰ ਕੁਮਾਰ, ਰਾਕੇਸ਼ ਕੁਮਾਰ ਅਤੇ ਭੁਪਿੰਦਰ ਕੁਮਾਰ ਆਦਿ ਤਸਵੀਰ 'ਚ ਦਿਖਾਈ ਦੇ ਰਹੇ ਹਨ। **ਫੋਟੋ ਤੇ ਵੇਰਵਾ: ਭੁਪਿੰਦਰ ਕੁਮਾਰ**

# ਸ੍ਰੀ ਗੁਰੂ ਰਵਿਦਾਸ ਮੰਦਰ ਦੀ ਮੁੜ ਉਸਾਰੀ ਲਈ ਚਲ ਰਹੀ ਭੁੱਖ ਹੜਤਾਲ ਦੇ ਆਖਰੀ ਦਿਨ 101 ਸੰਗਤਾਂ ਬੈਠੀਆਂ ਭੁੱਖ ਹੜਤਾਲ 'ਤੇ

**ਫਗਵਾੜਾ (ਰੱਤੂ)–** ਦਿੱਲੀ ਦੇ ਤੁਗਲਕਾਬਾਦ ਸਥਿਤ ਪ੍ਰਾਚੀਨ ਗੁਰੂ ਰਵਿਦਾਸ ਮੰਦਰ ਦੀ ਮੁੜ ਉਸਾਰੀ ਦੀ ਮੰਗ ਨੂੰ ਲੈ ਕੇ ਸ੍ਰੀ ਗੁਰੂ ਰਵਿਦਾਸ ਸੰਪ੍ਰਦਾਇ ਸੁਸਾਇਟੀ ਅਤੇ ਸੰਤ ਸਮਾਜ ਦੇ ਸੱਦੇ ਤੇ ਬਹੁਜਨ ਫਰੰਟ ਵਲੋਂ ਐਸ.ਡੀ.ਐਮ. ਦਫਤਰ ਤਹਿਸੀਲ ਕਿ ਮੋਦੀ ਸਰਕਾਰ ਲਾਰੇ ਵਾਲੀ ਨੀਤੀ ਤੇ ਕੰਮ ਕਰ ਰਹੀ ਹੈ। ਮੰਦਰ ਬਨਾਉਣ ਬਾਰੇ ਸਰਕਾਰ ਵਲੋਂ ਕੋਈ ਠੋਸ ਕਦਮ ਨਹੀਂ ਚੁੱਕਿਆ ਗਿਆ। ਉਹਨਾਂ ਦੱਸਿਆ ਕਿ ਸਰਕਾਰ ਦੇ ਨੁਮਾਇੰਦਿਆਂ ਨੇ 13 ਸਤੰਬਰ ਤਕ ਦਾ ਸਮਾਂ ਲਿਆ ਸੀ। ਫਿਰ ਐਡਵੋਕੇਟ ਕੁਲਦੀਪ ਭੱਟੀ ਨੇ ਭੁੱਖ ਹੜਤਾਲ 'ਚ ਸਹਿਯੋਗ ਦੇਣ ਵਾਲੀਆਂ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਬਾਬਾ ਮੋਤੀ ਰਾਮ ਅਠੌਲੀ, ਡੇਰਾ 108 ਸੰਤ ਫੂਲ ਨਾਥ ਚਹੇੜੂ ਤੋਂ ਸੇਵਾਦਾਰ ਭੁੱਲਾਰਾਮ, ਸਰਪੰਚ ਕਮਲਜੀਤ, ਇੰਜੀਨੀਅਰ ਪ੍ਰਦੀਪ ਮੱਲ, ਗੁਰਦੇਵ ਪਾਲ, ਚਰਨਜੀਤ ਜੱਖੂ, ਹਰਦੀਪ ਬੇਗਮਪੁਰਾ, ਨਰਿੰਦਰ ਬਿੱਲਾ, ਅਮਰੀਕ ਪੰਡਵਾ, ਕੁਲਵਿੰਦਰ ਵਿਰਕ, ਹਰਬੰਸ, ਪਿਆਰਾ ਸੰਧੂ, ਧਰਮਪਾਲ, ਲਹਿੰਬਰ ਬਲਾਲੋਂ, ਕੁਲਵਿੰਦਰ ਭੁੱਲਾਰਾਈ, ਪਰਸ ਰਾਮ ਸ਼ਿਵਪੁਰੀ, ਅਰੁਣ ਪਲਾਹੀ





ਕੰਪਲੈਕਸ ਦੇ ਸਾਹਮਣੇ 2 ਤੋਂ 7 ਸਤੰਬਰ ਤੱਕ ਕੀਤੀ ਜਾ ਰਹੀ ਭੁੱਖ ਹੜਤਾਲ ਦੇ ਆਖਰੀ ਦਿਨ ਅੱਜ ਜਿੱਥੇ ਗੁਰੂ ਰਵਿਦਾਸ ਨਾਮਲੇਵਾ 101 ਸੰਗਤਾਂ ਭੁੱਖ ਹੜਤਾਲ ਤੇ ਬੈਠੀਆਂ ਉੱਥੇ ਹੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਆਰ.ਐਸ.ਐਸ. ਦਾ ਪੁਤਲਾ ਫੂਕਿਆ ਗਿਆ ਅਤੇ ਜੋਰਦਾਰ ਨਾਅਰੇਬਾਜੀ ਕੀਤੀ। ਇਸ ਮੌਕੇ ਵਿਸ਼ੇਸ਼ ਤੌਰ ਤੇ ਪੁੱਜੇ ਸ੍ਰੀ ਗੁਰੂ ਰਵਿਦਾਸ ਸਾਧੂ ਸੰਪ੍ਰਦਾਇ ਸੁਸਾਇਟੀ ਦੇ ਪ੍ਰਧਾਨ ਸੰਤ ਕੁਲਵੰਤ ਰਾਮ ਨੇ ਕਿਹਾ ਵੀ ਉਹ ਆਪਣੇ ਤੌਰ ਤੇ 17 ਸਤੰਬਰ ਤਕ ਦਾ ਸਮਾਂ ਦੇ ਰਹੇ ਹਨ ਜੇਕਰ ਸਰਕਾਰ ਨੇ 17 ਸਤੰਬਰ ਤਕ ਮਸਲਾ ਹਲ ਨਾ ਕੀਤਾ ਤਾਂ ਆਰ-ਪਾਰ ਦਾ ਸੰਘਰਸ਼ ਹੋਵੇਗਾ ਜਿਸਦੀ ਜਿੰਮੇਵਾਰੀ ਕੇਂਦਰ ਅਤੇ ਪੰਜਾਬ ਸਰਕਾਰ ਦੀ ਹੋਵੇਗੀ। ਸ਼ਾਮ ਨੂੰ ਸਾਂਈ ਪੱਪਲ ਸ਼ਾਹ ਭਰੋਮਜਾਰਾ ਨੇ ਧਰਨੇ ਵਾਲੀ ਜਗ੍ਹਾ ਤੇ ਪੁੱਜ ਕੇ ਭੁੱਖ ਹੜਤਾਲ ਆਂਦੋਲਨ ਦਾ ਸਮਾਪਨ ਕਰਵਾਇਆ। ਇਸ ਮੌਕੇ ਹਰਭਜਨ ਸੁਮਨ, ਸੁਰਿੰਦਰ ਢੰਡਾ, ਚਿਰੰਜੀ ਲਾਲ ਕਾਲਾ, ਹਰਭਜਨ ਖਲਵਾੜਾ, ਸ੍ਰੀਮਤੀ ਸੀਮਾ ਰਾਣੀ ਮੈਂਬਰ ਬਲਾਕ ਸੰਮਤੀ, ਸੂਬੇਦਾਰ ਸਤਪਾਲ, ਪਰਮਜੀਤ ਖਲਵਾੜਾ, ਡਾ. ਜਗਦੀਸ਼ ਸ਼ਿਵਪੁਰੀ, ਅਸ਼ੋਕ ਸੰਧੂ, ਲੇਖਰਾਜ ਜਮਾਲਪੁਰ, ਅਮਰਜੀਤ ਖੁੱਤਣ, ਲਖਵੀਰ ਚੌਧਰੀ, ਯਸ਼ ਖਲਵਾੜਾ, ਪਰਮਿੰਦਰ ਪਲਾਹੀ, ਮਨੋਹਰ ਲਾਲ ਜੱਖੂ, ਰਾਮ ਮੂਰਤੀ ਖੇੜਾ, ਜਸਵਿੰਦਰ ਢੱਡਾ, ਤੇਜਪਾਲ ਬਸਰਾ, ਮੁਖਤਿਆਰ ਮਹਿਮੀ, ਜਤਿੰਦਰ ਕੁਮਾਰ ਸਾਬਕਾ ਸਰਪੰਚ, ਡਾ. ਹੁਸਨ ਲਾਲ, ਡਾ. ਗੇਟ, ਧਰਮਵੀਰ, ਸੁਰਿੰਦਰ, ਸੁਰਿੰਦਰ ਵਿਰਦੀ, ਤਰਸੇਮ ਚੁੰਬਰ, ਪਰਮਜੀਤ ਬੰਗੜ, ਗੁਰਮੀਤ ਸੁੰਨੜਾ, ਮੇਜਰ ਰਾਮਪੁਰ ਸੁੰਨੜਾ, ਤੀਰਥ ਨੰਗਲ, ਪ੍ਰਕਾਸ਼ ਰਾਮ, ਸਤਵੀਰ ਸੰਧੂ, ਗੀਤਕਾਰ ਮਹਿੰਦਰ ਸੰਧੂ, ਬਾਬਾ ਸੋਖੀ ਸੁੰਨੜੇ ਵਾਲਾ, ਸਤਨਾਮ ਬਿਰਹਾ, ਗੋਰਾ ਚੱਕ ਪ੍ਰੇਮਾ, ਸ਼ਰਧਾ ਰਾਮ ਅਠੌਲੀ, ਸੁਨੀਲ ਨਿਗਾਹ, ਸਰਬਜੀਤ ਕਾਕਾ, ਹਰਪ੍ਰੀਤ ਕੌਰ, ਜਿੰਦਰ ਵਿਰਕ, ਰਾਮ ਸਰੂਪ ਸਾਬਕਾ ਸਰਪੰਚ ਆਦਿ ਹਾਜਰ ਸਨ।



ਕੇਂਦਰੀ ਮੰਤਰੀ ਸ੍ਰੀ ਸੋਮ ਪ੍ਰਕਾਸ਼, ਸ੍ਰੀ ਰਾਜੇਸ਼ ਬਾਘਾ ਅਤੇ ਸ੍ਰੀ ਜੀਵਨ ਸਿੰਘ ਸੰਤਾਂ ਨਾਲ ਵਿਚਾਰ ਵਟਾਂਦਰਾ ਕਰਦੇ ਹੋਏ। ਮਿਸ਼ਨ ਤੁਗਲਕਾਬਾਦ ਲਈ ਸੰਤਾਂ ਮਹਾਪੁਰਖਾਂ ਵੱਲੋ ਹਰ ਸੰਭਵ ਕੋਸ਼ਿਸਾਂ ਕੀਤੀਆਂ ਜਾ ਰਹੀਆਂ ਹਨ।

# 27 ਸਤੰਬਰ ਹੋ ਰਹੇ ਨਾਟਕ ਅਤੇ ਸੰਗੀਤ ਮੇਲੇ 'ਚ ਦਸ ਹਜ਼ਾਰ ਲੋਕ ਸ਼ਾਮਲ ਹੋਣਗੇ: ਪਲਸ ਮੰਚ

**ਜਲੰਧਰ–** ਪੰਜਾਬ ਲੋਕ ਸਭਿਆਚਾਰਕ ਮੰਚ (ਪਲਸ ਮੰਚ) ਦੇ ਸੂਬਾ ਪ੍ਰਧਾਨ ਅਮੋਲਕ ਸਿੰਘ ਦੀ ਪ੍ਰਧਾਨਗੀ 'ਚ ਅੱਜ ਦੇਸ਼ ਭਗਤ ਯਾਦਗਾਰ ਹਾਲ ਵਿਖੇ ਹੋਈ ਸੂਬਾ ਕਮੇਟੀ ਦੀ ਮੀਟਿੰਗ 'ਚ ਫੈਸਲਾ ਕੀਤਾ ਗਿਆ ਕਿ ਫ਼ਿਰਕੂ ਫਾਸ਼ੀ ਹੱਲੇ ਦੇ ਖਿਲਾਫ਼, ਗੁਰਸ਼ਰਨ ਭਾਅ ਜੀ ਅਤੇ ਪ੍ਰੋ. ਅਜਮੇਰ ਸਿੰਘ ਔਲਖ਼ ਦੀ ਯਾਦ 'ਚ ਸੂਬਾਈ ਸਾਲਾਨਾ ਸਮਾਗਮ 27 ਸਤੰਬਰ ਸ਼ਾਮ 7 ਵਜੇ ਤੋਂ ਤੜਕੇ 4 ਵਜੇ ਤੱਕ ਦਾਣਾ ਮੰਡੀ ਬਰਨਾਲਾ ਵਿਖੇ ਕੀਤਾ ਜਾਏਗਾ।

ਪਲਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਅਤੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਪ੍ਰੈਸ ਨਾਲ ਸਮਾਗਮ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਇਸ ਨਾਟਕ ਅਤੇ ਗੀਤ-ਸੰਗੀਤ ਮੇਲੇ ਨੂੰ ਪ੍ਰੋ.ਮਨਜੀਤ ਕੌਰ ਔਲਖ, ਡਾ. ਨਵਸ਼ਰਨ ਅਤੇ ਅਮੋਲਕ ਸਿੰਘ ਸੰਬੋਧਨ ਕਰਨਗੇ।

ਮੇਲੇ 'ਚ 'ਹਨੇਰ ਕੋਠੜੀ', 'ਸੰਮਾਂ ਵਾਲੀ ਡਾਂਗ', 'ਗਾਨੀ', 'ਸਾਂਝ' ਅਤੇ 'ਕਸ਼ਮੀਰ' ਨਾਟਕ ਖੇਡੇ ਜਾਣਗੇ। ਲੋਕ ਸੰਗੀਤ ਮੰਡਲੀ ਭਦੌੜ, ਜੀਦਾ, ਧੌਲਾ ਅਤੇ ਕਵੀਸ਼ਰੀ ਜੱਥਾ ਰਸੂਲਪੁਰ ਗੀਤ-ਸੰਗੀਤ ਪੇਸ਼ ਕਰਨਗੇ।

ਭਦੌੜ ਅਤੇ ਆਜ਼ਾਦ ਰੰਗ ਮੰਚ ਬਰਨਾਲਾ ਕੋਰਿਓਗਰਾਫ਼ੀਆਂ ਪੇਸ਼ ਕਰੇਗਾ। ਇਸ ਰਾਤ ਸ਼ਹੀਦ ਭਗਤ ਸਿੰਘ ਦੇ ਜਨਮ ਦਿਹਾੜੇ ਨੂੰ ਯਾਦ ਕਰਦਿਆਂ ਨਵਾਂ ਸਮਾਜ ਸਿਰਜਣ ਨੂੰ ਪ੍ਰਨਾਏ ਸਭਿਆਚਾਰ ਨੂੰ ਹਰ ਪੱਖੋਂ ਮਜ਼ਬੂਤ ਕਰਨ ਦਾ ਅਹਿਦ ਲਿਆ ਜਾਏਗਾ।

ਸੂਬਾ ਕਮੇਟੀ ਨੇ ਦਾਅਵਾ ਕੀਤਾ ਹੈ ਕਿ ਲੋਕ ਜੱਥੇਬੰਦੀਆਂ ਦੇ ਨਿੱਗਰ ਸਹਿਯੋਗ ਨਾਲ ਇਸ ਸਭਿਆਚਾਰਕ ਰਾਤ 'ਚ ਕੋਈ 10 ਹਜ਼ਾਰ ਮਰਦ-ਔਰਤਾਂ ਸ਼ਿਰਕਤ ਕਰਨਗੇ।


SKY TRANSPORT SOLUTIONS

STRIVE FOR MORE

WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376

# ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਪੂਰੀ ਦੁਨੀਆਂ ਵਿੱਚ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਜਾ ਰਿਹਾ ਹੈ-ਪਰਮਜੀਤ ਸਿੰਘ ਸਰੋਆ

**ਨਾਭਾ (ਕਰਮਜੀਤ ਸਿੰਘ)–** ਸ੍ਰੀ ਗੁਰ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਪੂਰੀ ਦੁਨੀਆਂ ਵਿੱਚ ਬੜੀ ਸ਼ਰਧਾ ਅਤੇ ਸਤਿਕਾਰ ਅਤੇ ਪੂਰੇ ਰਵਾਇਤੀ ਢੰਗ ਨਾਲ ਮਨਾਇਆ ਜਾ ਰਿਹਾ ਹੈ1ਇਸ ਸਬੰਧੀ ਸੁਲਤਾਨ-ਪੁਰ ਲੋਧੀ ਵਿਖੇ ਜੰਗੀ ਪੱਧਰ ਵਿੱਚ ਤਿਆਰੀਆਂ ਚੱਲ ਰਹੀਆਂ ਹਨ1 ਇਹ ਗੱਲ ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਮਾਲਵਾ ਜੋਨ ਪਰਮਜੀਤ ਸਿੰਘ ਸਰੋਆ ਨੇ ਪੱਤਰਕਾਰਾਂ ਗੱਲਬਾਤ ਕਰਦਿਆਂ ਕਹੀ1 ਉਨ੍ਹਾਂ ਇਹ ਵੀ ਦੱਸਿਆ ਕਿ 12 ਅਕਤੂਬਰ ਤੋਂ 12 ਨਵੰਬਰ ਤੱਕ ਸ੍ਰੀ ਗੁਰੂ ਨਾਨਕ ਦੇਵ ਦੇ ਜੀਵਨ ਅਤੇ ਸਿੱਖਿਆਵਾਂ ਦੇ ਆਧਾਰ ਤੇ ਨਿਊ ਕੈਂਸਰ ਕਾਉਂਟੀ ਸੂਬਾ ਡੇਲਾਵੇਅਰ



ਵਿਖੇ ਲਗਾਈ ਜਾ ਰਹੀ ਹੈ 1 ਜਿਸ ਦਾ ਉ ਦ ਘ ਾ ਟ ਨ ਗਵਰਨਰ ਜੋਨ ਕੈਨੀ ਵੱਲੋਂ ਕੀਤਾ ਜਾਵੇਗਾ1 ਪ੍ਰਦਰਸ਼ਨੀ ਵਿੱਚ ਪੰਜਾਬ ਵਿੱਚੋਂ ਵੱਖ ਵੱਖ ਥਾਵਾਂ ਤੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸਬੰਧਤ ਤਸਵੀਰਾ ਇਕੱਠੀਆਂ ਕੀਤੀਆਂ ਜਾ ਰਹੀਆਂ ਹਨ 1 ਇਸ ਮੌਕੇ ਬਾਬਾ ਅਜਾਪਾਲ ਸਿੰਘ ਸੇਵਾ ਸੁਸਾਇਟੀ ਦੇ ਪ੍ਰਧਾਨ ਮਾਸਟਰ ਅਜਮੇਰ ਸਿੰਘ ਨੇ ਦੱਸਿਆ ਕਿ ਇਸ ਸਬੰਧੀ ਇੱਕ ਸੈਮੀਨਾਰ ਸਥਾਨਕ ਇਤਿਹਾਸਕ ਗੁਰਦੁਆਰਾ ਬਾਬਾ ਅਜਾਪਾਲ ਸਿੰਘ ਵਿਖੇ 30 ਸਤੰਬਰ ਨੂੰ ਕਰਵਾਇਆ ਜਾ ਰਿਹਾ ਹੈ ਜਿਸ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਵਿਸ਼ੇਸ਼ ਤੌਰ ਤੇ ਪਹੁੰਚਣਗੇ1 ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਦੁਆਰਾ ਸਾਹਿਬ ਦੇ ਮੈਨੇਜਰ ਨਰਿੰਦਰਜੀਤ ਸਿੰਘ ਭਵਾਨੀਗੜ੍ਹ, ਜਥੇਦਾਰ ਸ਼ਮਸ਼ੇਰ ਸਿੰਘ ਚੌਧਰੀਮਾਜਰਾ, ਜਸਵੀਰ ਸਿੰਘ ਛਿੰਦਾ, ਯੂਥ ਆਗੂ ਜੱਸਾ ਖੋਖ, ਗਮਦੂਰ ਸਿੰਘ, ਪ੍ਰਿਤਪਾਲ ਸਿੰਘ ਕਪੂਰ ਆਦਿ ਹਾਜ਼ਰ ਸਨ1

# ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਮਹਾਨ ਨਗਰ ਕੀਰਤਨ ਚੱਲਕੇ ਗੁਰਦੁਆਰਾ ਨਾਡਾ ਸਾਹਿਬ ਸਮਾਪਤੀ

**ਚੰਡੀਗੜ–** ਸ਼ਹੀਦ ਬਾਬਾ ਜੀਵਨ ਸਿੰਘ ਜੀ (ਭਾਈ ਜੈਤਾ ਜੀ) ਦੇ 358 ਵੇਂ ਜਨਮ ਦਿਹਾੜੇ ਦੀ ਖੁਸ਼ੀ ਵਿੱਚ ਮਿਤੀ 4 ਸਤੰਬਰ ਦਿਨ ਬੁੱਧਵਾਰ ਨੂੰ ਸਿਰੀ ਅੰਮ੍ਰਿਤਸਰ ਸਾਹਿਬ ਤੋਂ ਮਹਾਨ ਨਗਰ ਕੀਰਤਨ ਚੱਲ ਕੇ ਫਤਿਹਗੜ ਸਾਹਿਬ ਅਤੇ ਬਡਾਲੀ ਆਲਾ ਸਿੰਘ, ਚੁੰਨੀ ਤੋਂ ਹੁੰਦਾ ਹੋਇਆ ਗੁਰਦੁਆਰਾ ਨਾਭਾ ਸਾਹਿਬ ਤੋਂ ਨਾਡਾ ਸਾਹਿਬ ਤੇ ਸਮਾਪਤੀ ਹੋਈ।

ਰਸਤੇ ਵਿਚ ਪਿੰਡ ਚੁੰਨੀ ਖੁਰਦ ਦੀ ਸਮੂਹ ਨਾਮਧਾਰੀ ਸੰਗਤ ਵੱਲੋਂ ਸਤਿਗੁਰੂ ਦਲੀਪ ਸਿੰਘ ਜੀ ਦੀ ਅਪਾਰ ਕਿਰਪਾ ਸਦਕਾ ਨਗਰ ਕੀਰਤਨ ਦਾ ਬਹੁਤ ਹੀ ਸ਼ਰਧਾ ਨਾਲ ਸੁਆਗਤ ਕੀਤਾ ਗਿਆ। ਜਿਹਨਾ ਵਿਚ ਸੁਰਮੱਖ ਸਿੰਘ (ਪੰਚ), ਬਲਵਿੰਦਰ ਸਿੰਘ ਸੋਨੂੰ (ਪੰਚ), ਜਸਵਿੰਦਰ ਸਿੰਘ (ਜਿਲਾ ਕਾਂਗਰਸ ਕਮੇਟੀ ਫਤਹਿਗੜ ਸਾਹਿਬ ਜਨਰਲ ਸੈਕਟਰੀ), ਸਮਾਜ- ਸੇਵੀ ਅਤੇ ਵਿਸ਼ੇਸ਼ ਸਹਿਯੋਗ ਦੇਣ ਵਾਲਾ ਗੋਬਿੰਦ ਸਿੰਘ ਨਾਮਧਾਰੀ, ਕੁਲਦੀਪ ਸਿੰਘ ਸਹੋਤਾ ਮਾਧੋਪੁਰ (ਰਾਸ਼ਟਰੀਆ ਵਾਲਮੀਕਿ ਸਭਾ ਦਾ ਚੇਅਰਮੈਨ), ਮੋਹਣ ਸਿੰਘ ਨੰਬਰਦਾਰ ਬਾਬਾ ਜੀਵਨ ਸਿੰਘ ਟਰੱਸਟ ਫਤਹਿਗੜ ਸਾਹਿਬ ਦੇ ਪਰਧਾਨ, ਸੰਤ ਤੇਜਿੰਦਰ ਸਿੰਘ





ਜੀ ਮੋਹਾਲੀ, ਸੰਤ ਮਦਨ ਸਿੰਘ ਜੀ ਮੋਹਾਲੀ, ਹਕੀਮ ਸੁਰਿੰਦਰ ਸਿੰਘ ਬਾਸੀਆਂ, ਦਲਜੀਤ ਸਿੰਘ ਨਾਮਧਾਰੀ, ਗੁਰਬਾਲ ਸਿੰਘ, ਬੂਟਾ ਸਿੰਘ, ਰਾਮ ਸਿੰਘ ਜੀ ਗਰੰਥੀ, ਜੋਗਾ ਸਿੰਘ ਨਾਮਧਾਰੀ, ਬਲਵਿੰਦਰ ਸਿੰਘ ਪੰਮਾ, ਅਵਤਾਰ ਸਿੰਘ, ਨੈਬ ਸਿੰਘ, ਤੇਜਿੰਦਰ ਸਿੰਘ ਪੇਂਟਰ ਆਦਿ ਵਿਸ਼ੇਸ਼ ਜਿਕਰ ਯੋਗ ਹਨ। ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਪੱਤਰਕਾਰ ਤੇ ਗੀਤਕਾਰ ਰਾਜੂ ਨਾਹਰ ਨੇ ਦੱਸਿਆ ਕਿ ਸਮੂੰਹ ਨਾਮਧਾਰੀ ਸੰਗਤਾਂ ਵੱਲੋਂ ਕੇਲਿਆਂ ਦਾ ਪਸ਼ਾਦ ਵਰਤਾਇਆ ਗਿਆ ਅਤੇ ਸਤਿਗੁਰਾਂ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ।

**– ਪ੍ਰੀਤਮ ਲੁਧਿਆਣਵੀ**

# ਬਸਪਾ ਵੱਲੋਂ ਹੁਸ਼ਿਆਰਪੁਰ ਸ਼ਹਿਰ ਵਿੱਚ ਰੋਸ ਪ੍ਰਦਰਸ਼ਨ ਫੂਕੇ ਪੁਤਲੇ

**ਹੁਸ਼ਿਆਰਪੁਰ–** ਸੂਬਾ ਹਾਈ ਕਮਾਂਡ ਦੇ ਦਿਸ਼ਾ ਨਿਰਦੇਸ਼ ਅਨੁਸਾਰ ਜਨਰਲ ਸਕੱਤਰ ਬਸਪਾ ਪੰਜਾਬ ਠੇਕੇਦਾਰ ਭਗਵਾਨ ਦਾਸ ਸਿੱਧੂ ਜੀ ਦੀ ਅਗਵਾਈ ਹੇਠ ਸੈਂਟਰ ਦੀ ਭਾਜਪਾ ਸਰਕਾਰ ਵੱਲੋਂ ਦਿੱਲੀ ਵਿਖੇ ਤੁਗਲਗਾਬਾਦ ਗੁਰੂ ਘਰ ਤੋੜਨ ਦੇ ਰੋਸ ਵਿੱਚ ਤੇ ਜੇਲ ਵਿੱਚ ਬੰਦ ਨੌਜਵਾਨਾ ਦੀ ਰਿਹਾਈ ਲਈ, ਤੇ ਕਾਗਰਸ ਸਰਕਾਰ ਵਲੋ ਲੁਧਿਆਣਾ ਜਮਾਲਪੁਰ ਵਿਖੇ ਸ਼ੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਗੁਰੂ ਘਰ ਢਾਹੁਣ ਦੇ ਹੁਕਮ ਜਾਰੀ ਕੀਤੇ ਹਨ ਉਸ ਖਿਲਾਫ ਤੇ ਭਗਵਾਨ ਵਾਲਮੀਕਿ ਜੀ ਦੇ ਮਾਨ ਸਨਮਾਨ ਲਈ ਤੇ ਸੰਗਤਾ ਦੀਆ ਧਾਰਮਿਕ ਭਾਵਨਾਵਾ ਨੂੰ ਠੇਸ ਪਹੁੰਣ ਦੇ ਵਿਰੋਧ ਵਿੱਚ ਅੱਜ ਰੋਸ ਪ੍ਰਦਰਸ਼ਨ ਕੀਤਾ ਗਿਆ ਜਿਸ ਦੀ ਪ੍ਰਧਾਨਗੀ ਜਿਲ੍ਹਾ ਪ੍ਰਧਾਨ ਪ੍ਰਸ਼ੋਤਮ ਅਹੀਰ ਨੇ ਕੀਤੀ ਤੇ ਰੋਸ ਪ੍ਰਦਰਸ਼ਨ ਸ਼ਹਿਰ ਵਿੱਚੋਂ ਦੀ ਲੰਘ ਕੇ ਪ੍ਰਭਾਤ ਚੌਕ ਵਿਖੇ ਸਰਕਾਰ ਦਾ ਪੁਤਲਾ ਸਾੜਿਆ ਗਿਆ ਤੇ ਮੈਮਰੋਡੰਮ ਦਿੱਤਾ ਗਿਆ।



ਇਸ ਮੌਕੇ ਬੀਬੀ ਮਹਿੰਦਰ ਕੋਰ ਜਿਲ੍ਹਾ ਪ੍ਰਧਾਨ ਮਹਿਲਾ ਵਿੰਗ ਹੁਸ਼ਿਆਰਪੁਰ, 'ਤੇ ਜੋਨ ਕਮੇਟੀ ਇੰ: ਮਹਿੰਦਰ ਸਿੰਘ, ਮਨਿੰਦਰ ਸ਼ੇਰਪੁਰੀ, ਮਨਦੀਪ ਕਲਸੀ, ਉਂਕਾਰ ਝੱਮਟ, ਦਲਜੀਤ, ਜਿਲ੍ਹੇ ਦੀ ਟੀਮ, ਸੰਤੋਖ, ਸੁਖਦੇਵ, ਗੁਰਮੁਖ ,ਨਿਸ਼ਤਰ , ਮੋਹਨ ਭਟੋਆ, ਡਾ. ਰਤਨ, ਮੋਹਨ ਅਤੇ ਹਲਕੇ ਦੀ ਸਮੁੱਚੀ ਲੀਡਰਸ਼ਿਪ ਯਸ਼ ਭੱਟੀ, ਹੰਸਰਾਜ, ਇੰ: ਕਰਮਜੀਤ, ਪਲਵਿੰਦਰ ਮਾਨਾ, ਬਿੰਦਰ ਸਰੋਆ, ਵਰਿੰਦਰ ਬਧਣ, ਜਗਦੀਸ਼ ਲਾਲ, ਸ਼੍ਰੀ ਸੋਹਣ ਸੁੰਨੀ, ਹਸੀਨ ਚੰਦ, ਰਾਮਜੀ ਦਾਸ, ਦਰਸ਼ਨ ਲੱਧੜ, ਲਾਡੀ, ਸਿਟੀ ਸੰਨੀ ਭੀਲੋਵਾਲ, ਹੈਪੀ ਫੰਬੀਆ, ਸੋਨੂੰ ਸਿੰਲੀਵਾਲ, ਹਰਦੀਪ ਹਰੀ, ਅਮਰਜੀਤ ਭੱਟੀ ਯੂਥ ਆਗੂ, ਦਵਿੰਦਰ ਬੋਦਲ, ਮਨਜੀਤ ਸਹੋਤਾ, ਸੋਡੀ ਖਾਨਪੁਰੀਆ, ਉਂਕਾਰ ਨਲੋਇਆ, ਮਦਨ ਬੈਂਸ, ਪ੍ਰੇਮ ਤੇ ਹੋਰ ਬਸਪਾ ਆਗੂ ਆਪਣੇ ਅਪਣੇ ਸਾਥੀਆਂ ਨੂੰ ਨਾਲ ਲੈ ਕੇ ਵੱਡੀ ਗਿਣਤੀ ਵਿਚ ਪਹੁੰਚੀ।

**– ਅਮਰਜੀਤ ਭੱਟੀ**

# ਭਾਈ ਮਰਦਾਨਾ ਨਾਲ ਸਬੰਧਤ ਲੋੜਵੰਦ ਪਰਿਵਾਰ ਦਾ ਭਾਟ ਸਿੱਖ ਇੰਟਰਟੇਨਮੈਂਟ ਗਰੁੱਪ ਬਣਿਆ ਸਹਾਰਾ


**ਫਗਵਾੜਾ (ਰੱਤੂ) –** ਭਾਟ ਸਿੱਖ ਇੰਟਰਟੇਨਮੈਂਟ ਗਰੁੱਪ ਵਲੋਂ ਭਾਈ ਮਰਦਾਨਾ ਜੀ ਦੇ ਖਾਨਦਾਨ ਨਾਲ ਸਬੰਧ ਰੱਖਣ ਵਾਲੇ ਲੁਧਿਆਣਾ ਦੇ ਪਿੰਡ ਵਰਮੀ (ਰਾਏਕੋਟ) ਵਿਖੇ ਰਹਿੰਦੇ ਜੁਲਫੀ ਅਲੀ ਦੇ ਪਰਿਵਾਰ ਦੀ ਵਢਮੁੱਲੀ ਸਹਾਇਤਾ ਕਰਦੇ ਹੋਏ ਜਿੱਥੇ ਉਹਨਾਂ ਦੇ ਮਕਾਨ ਦੀ ਮੁੜ ਉਸਾਰੀ ਕਰਵਾਈ ਗਈ ਉੱਥੇ ਹੀ ਘਰੇਲੂ ਰਸੋਈ ਆਦਿ ਦਾ ਸਮਾਨ ਵੀ ਲੈ ਕੇ ਦਿੱਤਾ ਗਿਆ। ਇਸ ਸਬੰਧੀ ਅੱਜ ਫਗਵਾੜਾ ਵਿੱਚ ਗੱਲਬਾਤ ਕਰਦੇ ਹੋਏ ਗਰੁੱਪ ਦੇ ਸੀਨੀਅਰ ਮੈਂਬਰਾਂ ਗੁਰਚਰਨ ਸਿੰਘ, ਜਸਵਿੰਦਰ ਸਿੰਘ ਅਤੇ ਹਰਜੀਤ ਸਿੰਘ ਨੇ ਦੱਸਿਆ ਕਿ ਉਹਨਾਂ ਦੇ ਗਰੁੱਪ ਨੂੰ ਇਸ ਪਰਿਵਾਰ ਵਾਰੇ ਪਤਾ ਲੱਗਣ ਤੇ 16 ਮੈਂਬਰੀ ਟੀਮ ਨੇ ਜੁਲਫੀ ਅਲੀ ਦੇ ਘਰ ਦਾ ਦੌਰਾ ਕੀਤਾ। ਘਰ ਦੀ ਹਾਲਤ ਬਹੁਤ ਹੀ ਤਰਸਯੋਗ ਸੀ। ਇਹ ਪਰਿਵਾਰ ਬਹੁਤ ਤੰਗੀ ਵਿਚ ਜਿੰਦਗੀ ਵਤੀਤ ਕਰ ਰਿਹਾ ਸੀ। ਜਿਸ ਤੇ ਸਮੂਹ ਮੈਂਬਰਾਂ ਅਤੇ




ਸਹਿਯੋਗੀਆਂ ਵਲੋਂ ਲਗਭਗ ਡਿਗਣ ਤੇ ਕੰਡੇ ਤੇ ਖੜੇ ਜੁਲਫੀ ਅਲੀ ਦੇ ਮਕਾਨ ਦੀ ਮੁਰੰਮਤ ਕਰਵਾਈ ਗਈ ਅਤੇ ਹੋਰ ਘਰੇਲੂ ਵਰਤੋਂ ਦਾ ਸਮਾਨ ਜਿਵੇਂ ਗੈਸ ਸਲੰਡਰ ਤੇ ਚੁੱਲ੍ਹਾ ਆਦਿ ਲੈ ਕੇ ਦਿੱਤਾ ਗਿਆ। ਉਹਨਾਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਗੁਰਪੁਰਬ ਸਮੇਂ ਬਾਬਾ ਨਾਨਕ ਦੇ ਸਾਥੀ ਭਾਈ ਮਰਦਾਨਾ ਨਾਲ ਸਬੰਧ ਰੱਖਣ ਵਾਲੇ ਜੁਲਫੀ ਅਲੀ ਦੇ ਲੋੜਵੰਦ ਪਰਿਵਾਰ ਦੀ ਸਹਾਇਤਾ ਕਰਕੇ ਉਹਨਾਂ ਨੂੰ ਬਹੁਤ ਖੁਸ਼ੀ ਅਤੇ ਮਨ ਦੀ ਸ਼ਾਂਤੀ ਮਹਿਸੂਸ ਹੋਈ ਹੈ। ਇਸ ਮੌਕੇ ਹਰਦੀਪ ਸਿੰਘ ਸੋਢੀ, ਸੁਖਦੇਵ ਸਿੰਘ, ਗੁਰਦੀਪ ਸਿੰਘ, ਜਗਵਿੰਦਰ ਸਿੰਘ, ਨਰਿੰਦਰਪਾਲ ਸਿੰਘ, ਹਰਦੀਪ ਸਿੰਘ, ਚਰਨਜੀਤ ਸਿੰਘ, ਭੁਪਿੰਦਰ ਸਿੰਘ, ਗੱਬਰ ਸਿੰਘ, ਜਗਮੋਹਨ ਸਿੰਘ, ਗੁਰਪ੍ਰੀਤ ਸਿੰਘ, ਹਰਦੀਪ ਰਾਠੌੜ, ਕੀਮਤ ਸਿੰਘ, ਲਵ ਸਿੰਘ, ਸਰਬਜੋਤ ਸਿੰਘ, ਹੀਰਾ ਸਿੰਘ ਅਤੇ ਬਲਕਾਰ ਸਿੰਘ ਆਦਿ ਹਾਜਰ ਸਨ।

# 82 ਸਾਲਾ ਸ. ਜਗਜੀਤ ਸਿੰਘ ਕਥੂਰੀਆ ਨੇ ਓਸ਼ੀਆਨਾ ਮਾਸਟਰਜ਼ ਐਥਲੈਟਿਕਸ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਅਸਟਰੇਲੀਆ ਵਿਖੇ 31 ਅਗਸਤ ਤੋਂ 6 ਸਤੰਬਰ ਤੱਕ ਹੋਈ ਓਸ਼ੀਆਨਾ ਮਾਸਟਰ ਐਥਲੈਟਿਕਸ ਚੈਂਪੀਅਨਸ਼ਿੱਪ ਵਿਚ ਨਿਊਜ਼ੀਲੈਂਡ ਤੋਂ ਗਏ 82 ਸਾਲਾ ਸ. ਜਗਜੀਤ ਸਿੰਘ ਕਥੂਰੀਆ ਨੇ ਦੋ ਚਾਂਦੀ ਦੇ ਤਮਗੇ ਜਿੱਤ ਕੇ ਪੰਜਾਬੀਆਂ ਦਾ ਨਾਂਅ ਉਚਾ ਕੀਤਾ। ਪਹਿਲਾਂ ਤਮਗਾ ਉਨ੍ਹਾਂ 31 ਅਗਸਤ ਨੂੰ ਟ੍ਰਿਪਲ ਜੰਪ



ਦੇ ਵਿਚ ਹਾਸਿਲ ਕੀਤਾ ਜਦ ਕਿ ਦੂਜਾ ਚਾਂਦੀ ਦਾ ਤਮਗਾ ਬੀਤੇ ਕੱਲ੍ਹ 3 ਕਿਲੋਮੀਟਰ ਪੈਦਲ ਕਦਮੀ ਦੇ ਵਿਚ ਹਾਸਿਲ ਕੀਤਾ। ਇਹ ਤਗਮੇ ਜਿੱਤ ਕੇ ਬਹੁਤ ਸਾਰਿਆਂ ਨੂੰ ਹੈਰਾਨ ਕਰ ਦਿੱਤਾ ਹੈ ਤੇ ਲੋਕਾਂ ਕਿਹਾ ਵਾਹ! ਬਾਪੂ ਜੀ ਤੁਸੀਂ ਤਾਂ ਆਸਟਰੇਲੀਆ ਪਹੁੰਚ ਨਿਊਜ਼ੀਲੈਂਡ ਦੇ ਝੰਡੇ ਗੱਡ ਦਿੱਤੇ। ਬਹੁਤ ਸਾਰੇ ਟੀ.ਵੀ. ਚੈਨਲਜ਼ ਨੇ ਇਨ੍ਹਾਂ ਦੀ ਇੰਟਰਵਿਊ ਕੀਤੀ ਹੈ।

# ਨੈਸ਼ਨਲ ਬਿਲਡਰ ਅਵਾਰਡ ਨਾਲ ਸਨਮਾਨਿਤ ਕੀਤਾ ਸ਼੍ਰੀਮਤੀ ਜਗਜੀਤ ਕੌਰ ਸਾਇੰਸ ਮਿਸਟ੍ਰੈਸ ਨੂੰ

**ਨਾਭਾ:** ਅਧਿਆਪਕ ਦਿਵਸ਼ ਨੂੰ ਸਮਰਪਿਤ ਰੋਟਰੀ ਕਲੱਬ ਨਾਭਾ ਗਰੇਟਰ ਨਾਭਾ ਵਲੋਂ ਹਰੇਕ ਸਾਲ ਇੱਕ ਪ੍ਰੋਗਰਾਮ ਕਰਾਇਆ ਜਾਂਦਾ ਹੈ ਜਿਸ ਵਿੱਚ ਇਲਾਕੇ ਦੇ ਵਧੀਆਂ ਸੇਵਾਵਾਂ ਨਿਭਾਉਣ ਵਾਲੇ ਅਧਿਆਪਕਾਂ ਨੂੰ ਸਰਟੀਫਿਕੇਟ ਅਤੇ ਸਨਮਾਨ ਚਿੰਨ੍ਹ ਦੇਕੇ ਸਨਮਾਨਿਤ ਕੀਤਾ ਜਾਂਦਾ ਹੈ ਜੋ ਕਿ ਵਧੀਆ ਸੋਚ ਦਾ ਵਧੀਆ ਉਪਰਾਲਾ ਹੈ। ਸਮਾਜ ਵਿੱਚ ਅਧਿਆਪਕਾਂ ਦਾ ਰੁਤਬਾ ਉੱਚਾ ਅਤੇ ਸਨਮਾਣਯੋਗ ਬਣਾਉਣ ਲਈ ਇਹ ਕਲੱਬ ਅਹਿਮ ਰੋਲ ਨਿਭਾ ਰਿਹਾ ਹੈ।ਨਾਭੇ ਅਤੇ ਇਲਾਕੇ ਦੇ ਮਾਣਮੱਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਦੇ ਸਾਇੰਸ ਮਿਸਟ੍ਰੈਸ ਸ਼੍ਰੀਮਤੀ ਜਗਜੀਤ ਕੌਰ ਜਿਹੜੇ ਲੰਬੇ ਸਮੇਂ ਤੋਂ ਇਸ ਸਕੂਲ ਵਿੱਚ ਲੜਕੀਆਂ ਨੂੰ ਇਮਾਨਦਾਰੀ ਅਤੇ ਨਿਵੇਕਲੇ ਢੰਗ ਨਾਲ ਪੜ੍ਹਾ ਰਹੇ ਹਨ ਅਤੇ ਉਨ੍ਹਾਂ ਦੇ ਨਤੀਜੇ ਹਮੇਸ਼ਾਂ ਵਧੀਆ ਰਹੇ ਹਨ। ਉਨ੍ਹਾਂ ਦੀਆਂ ਸੇਵਾਵਾਂ ਨੂੰ ਦੇਖਦਿਆਂ ਰੋਟਰੀ ਕਲੱਬ ਨਾਭਾ,ਗਰੇਟਰ ਨਾਭਾ ਵਲੋਂ ਇਸ ਸਾਲ ਅਧਿਆਪਕ ਦਿਵਸ਼ ਤੇ ਉਨ੍ਹਾਂ ਨੂੰ 'ਨੈਸ਼ਨਲ ਬਿਲਡਰ ਅਵਾਰਡ' ਦੇ ਕੇ ਸਨਮਾਨਿਤ ਕੀਤਾ ਗਿਆ। ਸਮਾਜ ਵਿੱਚ ਅਧਿਆਪਕਾਂ ਦਾ ਰੁਤਬਾ ਉੱਚਾ ਅਤੇ ਸਨਮਾਣਯੋਗ ਬਣਾਉਣ ਲਈ ਇਸ ਕਲੱਬ ਦਾ ਇਸ ਸਮੇਂ ਉਨ੍ਹਾਂ ਦੇ ਪਤੀ ਸ਼੍ਰ. ਭਜਨ ਸਿੰਘ ਪੰਜਾਬੀ ਮਾਸਟਰ ਵੀ ਨਾਲ ਮੌਜੂਦ ਸਨ।




# ਇੰਡੋ-ਅਮਰੀਕਨ ਕਲਚਰਲ ਆਰਗੇਨਾਈਜੇਸ਼ਨ ਵੱਲੋਂ ਕਰਵਾਇਆ ਮੇਲਾ ਗਦਰੀ ਬਾਬਿਆਂ ਦਾ ਅਮਿੱਟ ਛਾਪ ਛੱਡ ਗਿਆ



















ਫੋਟੋ ਅਤੇ ਵੀਡੀਓ- ਓਮਨੀ ਵੀਡੀਓ
(661) 703-6664

(ਖਬਰ ਸਫਾ 20 'ਤੇ ਦੇਖੋ)














# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸ੍ਰੀ ਸਹਿਜ ਪਾਠ ਦੇ ਭੋਗ ਪਾਏ


















**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਗੁਰੂ ਘਰ ਦੇ ਬੜੇ ਹੀ ਸ਼ਰਧਾਲੂ ਪਰਿਵਾਰ ਬੀਬੀ ਰਵਿੰਦਰ ਕੌਰ ਮਾਨ ਵੱਲੋਂ ਆਪਣੇ ਪਤੀ ਸਵ. ਸ. ਅਮਰੀਕ ਸਿੰਘ ਜੀ ਦੇ ਨਮਿਤ ਆਰੰਭ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਮਿਤੀ 8 ਸਤੰਬਰ ਦਿਨ ਐਤਵਾਰ ਨੂੰ ਪਾਏ ਗਏ, ਜਿਸ ਵਿਚ 8 ਸਤੰਬਰ ਦਿਨ ਐਤਵਾਰ ਨੂੰ ਸੇਵਕ ਪਰਿਵਾਰ ਵੱਲੋਂ ਸ੍ਰੀ ਸਹਿਜ ਪਾਠ ਆਰੰਭ ਕੀਤੇ ਗਏ, ਜਿਹਨਾਂ ਦੇ ਭੋਗ ਉਸੇ ਦਿਨ ਪਾਏ ਗਏ। ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਗਏ, ਜਿਸ ਵਿਚ ਭਾਈ ਗੁਰਦਿਆਲ ਸਿੰਘ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਸਮਾਗਮ ਵਿਚ ਵਿਸ਼ੇਸ਼ ਤੌਰ 'ਤੇ ਭਾਰਤ ਤੋਂ 108 ਸੰਤ ਸਵਾਮੀ ਗੁਰਦੀਪ ਗਿਰੀ ਜੀ (ਪਠਾਨਕੋਟ ਵਾਲੇ) ਵਿਸ਼ੇਸ਼ ਤੌਰ 'ਤੇ ਪਹੁੰਚੇ, ਜਿਹਨਾਂ ਨੇ ਗੁਰਬਾਣੀ ਕਥਾ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਨੇ ਮਹਾਂਪੁਰਸ਼ਾਂ ਨੂੰ ਸਿਰੋਪਾਓ ਬਖਸ਼ਿਸ਼ ਕੀਤੇ। ਇਸ ਤੋਂ ਇਲਾਵਾ ਸ. ਗੁਰਦੀਪ ਸਿੰਘ ਹੀਰਾ, ਭਾਈ ਸਤਨਾਮ ਸਿੰਘ ਜੀ ਨੇ ਆਪਣੇ ਵਿਚਾਰ ਸੰਗਤਾ ਦੇ ਸਨਮੁਖ ਰੱਖੇ। ਸਟੇਜ ਸੈਕਟਰੀ ਦੀ ਸੇਵਾ ਸ੍ਰੀ ਰਾਮ ਸੇਵਕਾ ਭਾਟੀਆ (ਹੈਡ ਕੈਸ਼ੀਅਰ ਗੁਰੂ ਘਰ) ਨੇ ਨਿਭਾਈ। ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਣਗੇ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਦਲਵਿੰਦਰ ਰੱਲੂ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ। ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੇ ਸਮੂਹ ਗ੍ਰੰਥੀ ਸਿੰਘਾਂ ਵੱਲੋਂ ਗ੍ਰੰਥੀ ਦਿਵਸ ਧੰਨ ਧੰਨ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਪਾਵਨ ਛਤਰ ਛਾਇਆ ਹੇਠ ਮਿਤੀ 13, 14, 15 ਸਤੰਬਰ ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਬੜੀ ਧੂੰਮ-ਧਾਮ ਨਾਲ ਮਨਾਇਆ ਜਾ ਰਿਹਾ ਹੈ, ਜਿਸ ਵਿਚ 13 ਸਤੰਬਰ ਦਿਨ ਸ਼ੁੱਕਰਵਾਰ ਨੂੰ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਕੀਤੇ ਜਾਣਗੇ, ਜਿਹਨਾਂ ਦੇ ਭੋਗ ਮਿਤੀ 15 ਸਤੰਬਰ ਦਿਨ ਐਤਵਾਰ ਨੂੰ ਪਾਏ ਜਾਣਗੇ। ਭੋਗ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਜਾਣਗੇ, ਜਿਸ ਵਿਚ ਪੰਥ ਪ੍ਰਸਿੱਧ ਰਾਗੀ, ਢਾਡੀ, ਕਥਾਵਾਚਕ ਹਰਿ ਜੱਸ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਮੌਕੇ ਅਦਾਰਾ 'ਦੇਸ਼ ਦੁਆਬਾ' ਅਤੇ 'ਅੰਬੇਦਕਰ ਟਾਈਮਜ਼' ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਨੇ ਸੰਤ ਬਾਬਾ ਗੁਰਦੀਪ ਗਿਰੀ ਜੀ ਨੂੰ ਪ੍ਰੋਫੈਸਰ ਜ਼ਰਜ਼ਨਜ਼ ਮੇਅਰ ਦੀ ਇਤਿਹਾਸਕ ਕਿਤਾਬ ਭੇਟ ਕੀਤੀ।



# ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ 13 ਅਕਤੂਬਰ 2019 ਦਿਨ ਐਤਵਾਰ ਨੂੰ




**ਗੁਰੂ ਪਿਆਰੀ ਸਾਧ ਸੰਗਤ ਜੀਓ**

ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ) ਕੈਲੇਫੋਰਨੀਆ ਵੱਲੋਂ ਆਪ ਸਭ ਦੇ ਚਰਨਾਂ 'ਚ ਨਿਮਰਤਾ ਸਹਿਤ ਬੇਨਤੀ ਹੈ ਕਿ ਹਰ ਸਾਲ ਵਾਂਗ ਇਸ ਸਾਲ ਵੀ ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ ਆਪ ਸਭ ਸੰਗਤਾਂ ਦੇ ਸਹਿਯੋਗ ਅਤੇ ਪਿਆਰ ਨਾਲ, ਮਹਾਂਰਿਸ਼ੀ ਵਾਲਮੀਕ ਟੈਂਪਲ 84/86 ਪਰਸੀ ਐਵਨਿਊ ਯੂਬਾ ਸਿਟੀ (ਕੈਲੇਫੋਰਨੀਆ) ਵਿਖੇ 13 ਅਕਤੂਬਰ 2019 ਦਿਨ ਐਤਵਾਰ ਨੂੰ ਬਹੁਤ ਹੀ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਜਾ ਰਿਹਾ ਹੈ।

ਮਹਾਂਰਿਸ਼ੀ ਵਾਲਮੀਕ ਸੰਗੀਤ ਮੰਡਲੀ ਤੇ ਹੋਰ ਪ੍ਰਸਿੱਧ ਕਲਾਕਾਰ ਭਗਵਾਨ ਵਾਲਮੀਕ ਜੀ ਦਾ ਸ਼ਬਦ ਗੁਣਗਾਨ ਕਰਕੇ ਅਤੇ ਕਥਾਵਾਚਕ ਕਥਾ ਕਰਕੇ ਸੰਗਤਾਂ ਨੂੰ ਨਿਹਾਲ ਕਰਨਗੇ।

## ਪ੍ਰੋਗਰਾਮ ਦਾ ਵੇਰਵਾ

| ਆਰੰਭ ਪਾਠ ਸ੍ਰੀ ਰਮਾਇਣ ਸਾਹਿਬ | ਨਿਸ਼ਾਨ ਸਾਹਿਬ ਚੜ੍ਹਾਏ ਜਾਣਗੇ | ਪਾਠ ਦੇ ਭੋਗ |
|---|---|---|
| 11 ਅਕਤੂਬਰ 2019, ਦਿਨ ਸ਼ੁੱਕਰਵਾਰ | 12 ਅਕਤੂਬਰ 2019 ਦਿਨ ਸ਼ਨਿੱਚਰਵਾਰ | 13 ਅਕਤੂਬਰ 2019 ਦਿਨ ਐਤਵਾਰ |
| ਸਵੇਰੇ 10 ਵਜੇ | ਸਵੇਰੇ 11.00 ਵਜੇ | ਸਵੇਰੇ 11.00 ਵਜੇ |

**12 ਵਜੇ ਤੋਂ ਸ਼ਾਮ 4 ਵਜੇ ਤੱਕ ਗੀਤ ਸੰਗੀਤ, ਕਥਾ ਤੇ ਬੁਲਾਰੇ ਆਪਣੇ ਵਿਚਾਰ ਸਾਂਝੇ ਕਰਨਗੇ।**
**ਤਿੰਨੇ ਦਿਨ ਗੁਰੂ ਕੇ ਲੰਗਰ ਅਤੁੱਟ ਵਰਤਣਗੇ।**

**ਸਮੂਹ ਸੰਗਤਾਂ ਦੇ ਚਰਨਾਂ 'ਚ ਬੇਨਤੀ ਹੈ ਕਿ ਪ੍ਰਗਟ ਦਿਵਸ ਦੇ ਪ੍ਰੋਗਰਾਮ 'ਚ ਤਿੰਨੇ ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ (11, 12 ਅਤੇ 13 ਅਕਤੂਬਰ) ਨੂੰ ਪਰਿਵਾਰਾਂ ਸਮੇਤ ਪਹੁੰਚ ਕੇ ਪ੍ਰਗਟ ਦਿਵਸ ਦੀਆਂ ਖੁਸ਼ੀਆਂ ਮਨਾਉਂਦੇ ਹੋਏ ਗੁਰੂ ਚਰਨਾਂ 'ਚ ਹਾਜ਼ਰੀਆਂ ਲਗਵਾ ਕੇ ਆਸ਼ੀਰਵਾਦ ਪ੍ਰਾਪਤ ਕਰੋ ਜੀ।**

## ਦਾਨੀ ਪਰਿਵਾਰਾਂ ਨੂੰ ਬੇਨਤੀ ਹੈ ਕਿ ਮੰਦਰ ਦੀ ਡਿਵੈਲਪਮੈਂਟ ਲਈ ਵੱਧ ਤੋਂ ਵੱਧ ਯੋਗਦਾਨ ਪਾਓ ਜੀ।

**ਸੇਵਾਦਾਰ:-** ਪ੍ਰੇਮ ਸੌਂਧੀ (ਪ੍ਰਧਾਨ), ਸੰਤੋਖ ਸਿੰਘ ਗਿੱਲ (ਸੀਨੀਅਰ ਵਾਈਸ ਪ੍ਰਧਾਨ), ਕੁਲਦੀਪ ਥਾਪਰ (ਮੀਤ ਪ੍ਰਧਾਨ), ਪਲਵਿੰਦਰ ਸਿੰਘ ਸਹੋਤਾ (ਸੀਨੀਅਰ ਵਾਈਸ ਚੇਅਰਮੈਨ), ਅਵਿਨਾਸ਼ ਸੋਂਦੀ (ਵਾਈਸ ਚੇਅਰਮੈਨ), ਬਲਵੀਰ ਧਾਰੀਵਾਲ (ਜਨਰਲ ਸਕੱਤਰ), ਵਿਸ਼ਾਲ ਸ਼ਰਬਤੀ (ਸਕੱਤਰ), ਗੁਰਪਾਲ ਸਿੰਘ (ਚੇਅਰਮੈਨ), ਵਿਨੋਦ ਗਿੱਲ, ਬਲਵੀਰ ਥਾਪਰ, ਵਰੁਣ ਗਿੱਲ (ਖਜਾਨਚੀ), ਨਰਿੰਦਰ ਕੁਮਾਰ ਗਿੱਲ (ਚੀਫ ਆਰਗੇਨਾਈਜਰ), ਜਗਜੀਤ ਗਿੱਲ, ਪ੍ਰਕਾਸ਼ ਸਿੰਘ ਗਿੱਲ (ਮੇਨਟੀਨੈਂਸ ਆਰਗੇਨਾਈਜਰ) ਆਰਗੇਨਾਈਜ਼ਰਜ਼- ਸੁਰਜੀਤ ਗਿੱਲ, ਕੁੰਦਨ ਲਾਲ ਸੌਂਧੀ, ਦਵਿੰਦਰ ਸ਼ੁੱਭ, ਅੰਮ੍ਰਿਤਪਾਲ, ਰਵੀਪਾਲ, ਰਾਮਪਾਲ ਮੱਟੂ, ਸਾਧੂ ਰਾਮ ਭੱਟੀ, ਦੀਪਕ ਸਹੋਤਾ, ਤਰਸੇਮ ਲਾਲ ਥਾਪਰ, ਰਾਜ ਕੁਮਾਰ ਪੰਡੋਰੀ, ਪ੍ਰਸ਼ੋਤਮ ਲਾਲ ਸੌਂਧੀ, ਰੋਹਤਾਸ਼ ਸਿੰਘ ਭਗਾਣੀਆਂ, ਅਮਰਜੀਤ ਸਿੰਘ ਲਾਲੀ, ਜਸਪਾਲ ਮਾਲੜੀ, ਰਕੇਸ਼ ਕੁਮਾਰ ਸਲਹੋਤਰਾ, ਸ਼ਾਮ ਲਾਲ ਸੌਂਧੀ।

**ਕਲਾਕਾਰ-** ਗਾਇਕਾ ਜਸਪਿੰਦਰ ਰੈਨ੍ਹਾ ਜੀ ਵਿਸ਼ੇਸ਼ ਤੌਰ 'ਤੇ ਪ੍ਰੋਗਰਾਮ 'ਚ ਪਹੁੰਚ ਕੇ ਹਾਜ਼ਰੀ ਲਗਵਾਉਣਗੇ।
ਭੁਪਿੰਦਰ ਭਿੰਦਾ, ਅਮਰਜੀਤ ਲਾਲੀ, ਵਿਸ਼ਾਲ ਸ਼ਰਬਤੀ, ਜੋਗਿੰਦਰ ਸਿੰਘ ਸ਼ੌਂਕੀ, ਰੋਹਤਾਸ਼ ਸਿੰਘ ਭਗਾਣੀਆਂ, ਬਲਬੀਰ ਧਾਰੀਵਾਲ, ਰਾਜ ਕੁਮਾਰ ਪੰਡੋਰੀ, ਦੇਸ ਰਾਜ ਸ਼ੁੱਭ, ਜੀਵਨ ਰੱਤੂ, ਸੋਨੂੰ ਸਿੰਘ (ਢੋਲੀ), ਅੰਮ੍ਰਿਤਪਾਲ, ਗੁਰਦੀਪ ਸਿੰਘ ਹੀਰਾ, ਅਸ਼ੋਕ ਕੁਮਾਰ, ਰਾਜਿੰਦਰ ਸਿੰਘ ਸਹੋਤਾ

**ਸੰਪਰਕ ਕਰੋ-** ਪ੍ਰੇਮ ਸੌਂਧੀ (530-813-3877), ਸੰਤੋਖ ਸਿੰਘ ਗਿੱਲ (530-740-3056), ਵਿਸ਼ਾਲ ਸ਼ਰਬਤੀ (530-933-5915), ਬਲਵੀਰ ਥਾਪਰ (916-607-4650), ਬਲਵੀਰ ਧਾਰੀਵਾਲ (916-243-9017), ਵਿਨੋਦ ਗਿੱਲ 530-218-3969

**ਮਹਾਂਰਿਸ਼ੀ ਵਾਲਮੀਕ ਸਭਾ ਯੂ.ਐਸ.ਏ.(ਯੂਬਾ ਸਿਟੀ) ਕੈਲੇਫੋਰਨੀਆ**
**ਸਥਾਨ:- ਮਹਾਂਰਿਸ਼ੀ ਵਾਲਮੀਕ ਟੈਂਪਲ, 84/86 ਪਰਸੀ ਐਵਨਿਊ, ਯੂਬਾ ਸਿਟੀ, ਕੈਲੇਫੋਰਨੀਆ 95991**


Thinking of Buying or Selling a Home? I Can Help!
COMMERCIAL & RESIDENTIAL REAL ESTATE
JOHN SINGH BANGA
Honest & Experienced Realtor
916-271-5404
banga.realtor@gmail.com
www.banga.bhhser.com
FOR OVER 15 YEARS A TOP PRODUCER
CALBRE#01397975
MLS
BERKSHIRE HATHAWAY HomeServices Elite Real Estate
Buying or Selling any Business? Call Now 916-271-5404
ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ ਤਾਂ ਅੱਜ ਹੀ ਕਾਲ ਕਰੋ 916-271-5404
AVAILABLE
Indian Restaurant
For Sale In Stockton
All Equipment & Fixtures Included
Listing Price: $149,900
AVAILABLE
2 Bedroom, 2 Bathroom
Sqft: 1280*, Lot Size: 3920*
Listing Price: $295,000
Sacramento, CA
Price Reduced
AVAILABLE
Smoke Shop for Sale in Sacramento
Monthly Gross Sales: $50K
Listing Price: $89,000
AVAILABLE
Inside Monthly Gross Sale $180K
Gas Station, Liquor Store,
Deli, & Laundromat!
In Contra Costa County, CA
Listing Price: $1,200,000
AVAILABLE
Auto Repair & Lube Shop
Lot Size: 2000, Rent is ONLY
$1500/mo.
Listing Price to $139,000
Sacramento, CA
AVAILABLE
Liquor Store for Sale in Santa Clara
Monthly Gross Sale: $90K
Listing Price: $649,000 plus Inventory
AVAILABLE
3 Bedroom, 3 Bathroom
Sqft: 1567*, Lot Size: 2448*
Listing Price: $325,000
Sacramento, CA
AVAILABLE
5 Bedroom, 4 Bathroom
Sqft: 3006, Lot Size: 8276*
Listing Price: $599,000
Sacramento, CA
AVAILABLE
Price Reduced
Subway
for Sale in Sacramento
Listing Price: $224,900
AVAILABLE
Indian Restaurant
for Sale in Sacramento
Listing Price: $149,000
AVAILABLE
Price Reduced
Liquor Store for Sale in Sacramento
Monthly Gross Sale: 80K
Down Payment: 350K (Seller will carry Rest)
Listing Price: $499,000 plus Inventory
AVAILABLE
Net $5, 3.0 Monthly
Absentee Owner
Coffee Shop for Sale
Monthly Gross Sales: $25,000
Listing Price: $150,000
AVAILABLE
4 Bedroom, 3 Bathroom
Sqft: 2476*, Lot Size: 6617*
Listing Price: $549,900 Elk Grove, CA
AVAILABLE
5 Bedroom, 4 Bathroom
Sqft: 2725*, Lot Size: 5249*
Listing Price: $489,000 Elk Grove, CA
AVAILABLE
3 Bedroom, 2 Bathroom
Sqft: 1675*, Lot Size: 4792*
Listing Price: $398,000 Sacramento, CA
BERKSHIRE HATHAWAY
Home Services
Elite Real Estate
OFFICE: 7412 ELSIE AVE., SACRAMENTO, CA 95828

# ਜਸਵੰਤ ਸਿੰਘ ਖਾਲੜਾ ਨੇਬਰਹੁੱਡ ਪਾਰਕ ਵਿਖੇ ਸ਼ਰਧਾਂਜਲੀ ਸਮਾਗਮ ਦੌਰਾਨ ਸ.ਖਾਲੜਾ ਦੀ ਸਿੱਖ ਸੰਘਰਸ਼ ਦੌਰਾਨ ਮਹਾਨ ਕੁਰਬਾਨੀ ਨੂੰ ਯਾਦ ਕੀਤਾ

**ਫਰੈਜ਼ਨੋਂ (ਬਿਊਰੋ)–** ਪੰਜਾਬ ਦੇ ਸਿੱਖ ਸੰਘਰਸ਼ ਦੌਰਾਨ ਮਨੁੱਖੀ ਅਧਿਕਾਰਾਂ ਦੇ ਮੁਦਈ ਸ. ਜਸਵੰਤ ਸਿੰਘ ਖਾਲੜਾ ਦੀ ਮਹਾਨ ਕੁਰਬਾਨੀ ਨੂੰ ਸਿੱਜਦਾ ਕਰਨ ਲਈ ਸ਼ਹੀਦੀ ਸਮਾਗਮ 7 ਸਤੰਬਰ ਸ਼ਨਿਚਰਵਾਰ ਨੂੰ ਇੱਥੋਂ ਦੇ ਜਸਵੰਤ ਸਿੰਘ ਖਾਲੜਾ ਨੇਬਰਹੁੱਡ ਪਾਰਕ ਵਿਖੇ ਕੀਤਾ ਗਿਆ। ਸ਼ਹੀਦ ਖਾਲੜਾ ਦੀ ਬਰਸੀ ਦੇ ਸਬੰਧ ਵਿੱਚ ਕੀਤੇ ਇਸ ਸੰਖੇਪ ਪਰ ਪ੍ਰਭਾਵਸ਼ਾਲੀ ਸ਼ਰਧਾਂਜਲੀ ਸਮਾਗਮ ਦੀ ਸ਼ੁਰੂਆਤ ਸ੍ਰੀ ਜਪੁਜੀ ਸਾਹਿਬ ਦੇ ਪਾਠ ਨਾਲ ਕੀਤੀ ਗਈ। ਜਪੁਜੀ ਸਾਹਿਬ ਦਾ ਪਾਠ ਸ. ਮਹਿੰਗਾ ਸਿੰਘ ਗਿੱਲ ਵਲੋਂ ਕੀਤਾ ਗਿਆ, ਇਸਤੋਂ ਬਾਅਦ ਦੇਗ ਵਰਤਾਈ ਗਈ ਬੁਲਾਰਿਆਂ ਨੇ ਸ. ਖਾਲੜਾ ਵਲੋਂ ਸਿੱਖ ਸੰਘਰਸ਼ ਦੌਰਾਨ ਪੁਲੀਸ ਵਲੋਂ ਹਜ਼ਾਰਾਂ ਨੌਜਵਾਨਾਂ ਦੇ ਅੰਨ੍ਹੇ ਕਤਲਾਂ ਅਤੇ ਬੇਪਛਾਣੀਆਂ ਲਾਸ਼ਾਂ ਕਹਿ ਕੇ ਕੀਤੇ ਸਸਕਾਰਾਂ ਦੀ ਸੂਹ ਲਾਉਣ ਸਦਕਾ ਦੁਨੀਆ ਸਾਹਮਣੇ ਸਰਕਾਰ ਦੇ ਜ਼ੁਲਮਾਂ ਦਾ ਭਾਂਡਾ ਭੰਨ ਕੇ ਸੱਚ ਸਾਹਮਣੇ ਲਿਆਉਣ ਬਦਲੇ ਦਿੱਤੀ ਸ਼ਹਾਦਤ ਨੂੰ ਭਰੇ ਮਨਾਂ ਨਾਲ ਯਾਦ ਕੀਤਾ। ਪੰਜਾਬੀ ਕਲਚਰਲ ਸੈਂਟਰ ਯੂ.ਐੱਸ.ਏ. ਤੇ ਪੰਜਾਬੀ ਰੇਡੀਓ ਯੂ.ਐੱਸ.ਏ. ਦੀ ਤਰਫੋਂ ਕੋਆਰਡੀਨੇਟਰ ਦਲਜੀਤ ਸਿੰਘ ਸਰਾਂ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਮਹਾਨ ਕੁਰਬਾਨੀਆਂ ਨਾਲ ਭਰੇ ਸਿੱਖ ਇਤਿਹਾਸ ਵਿੱਚ ਸ. ਜਸਵੰਤ ਸਿੰਘ ਖਾਲੜਾ ਦਾ ਵਿਸ਼ੇਸ਼ ਸਥਾਨ ਹੈ। ਪੰਜਾਬ ਵਿੱਚ ਮਨੁੱਖੀ ਅਧਿਕਾਰਾਂ ਦੀਆਂ ਧੱਜੀਆਂ ਉਡਾਏ ਜਾਣ ਦਾ ਪਰਦਾਫਾਸ਼ ਕਰਕੇ ਉਨ੍ਹਾਂ ਨੇ ਭਾਰਤੀ ਨਿਆਂਪਾਲਿਕਾ ਨੂੰ ਕੁੰਭਕਰਨੀ ਨੀਂਦ 'ਚੋਂ ਉਠਾਉਣ ਦਾ ਵੱਡਾ ਕਾਰਜ ਕੀਤਾ।



ਖਾਲੜਾ ਪਰਿਵਾਰ ਨਾਲ ਨਿੱਜੀ ਸਬੰਧਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਖਾਲੜਾ ਪਰਿਵਾਰ ਉਨ੍ਹਾਂ ਦੀ ਧਰਮ-ਪਤਨੀ ਬੀਬੀ ਪਰਮਜੀਤ ਕੌਰ ਖਾਲੜਾ, ਧੀ ਬੀਬੀ ਨਵਕਿਰਨ ਕੌਰ ਖਾਲੜਾ ਅਤੇ ਪੁੱਤਰ ਜਨਮੀਤ ਸਿੰਘ ਖਾਲੜਾ ਵਲੋਂ ਮੌਜੂਦਾ ਸਮੇਂ 'ਚ ਵੀ ਪੰਜਾਬ ਅਤੇ ਸਿੱਖਾਂ ਲਈ ਨਿਆਂ ਵਾਸਤੇ ਘਾਲੀ ਜਾ ਰਹੀ ਘਾਲਣਾ ਵੀ ਸਰਾਹੁਣਯੋਗ ਹੈ। ਸ਼ਹੀਦੀ ਸਮਾਗਮ ਦੇ ਪ੍ਰਬੰਧਕਾਂ ਦੇ ਯਤਨ ਦੀ ਦਾਦ ਦਿੰਦਿਆਂ ਉਨ੍ਹਾਂ ਕਿਹਾ ਕਿ ਇਸ ਯਾਦਗਾਰੀ ਪਾਰਕ ਵਿੱਚ ਅੱਗੋਂ ਅਜਿਹਾ ਸਮਾਗਮ ਵੱਡੀ ਪੱਧਰ ਉੱਤੇ ਕਰਵਾਉਣ ਲਈ ਪੰਜਾਬੀ ਕਲਚਰਲ ਸੈਂਟਰ ਯੂ.ਐੱਸ.ਏ. ਤੇ ਪੰਜਾਬੀ ਰੇਡੀਓ ਯੂ.ਐੱਸ.ਏ. ਵੱਧ ਸਹਿਯੋਗ ਦੇਵੇਗਾ।

ਮੁੱਖ ਪ੍ਰਬੰਧਕ ਹਰਦੇਵ ਸਿੰਘ ਸਿੱਧੂ ਦੇ ਉੱਦਮ ਅਤੇ ਅਗਵਾਈ ਹੇਠ ਹੋਏ ਇਸ ਸ਼ਰਧਾਂਜਲੀ ਸਮਾਗਮ ਵਿੱਚ ਪੁੱਜਣ ਵਾਲਿਆਂ ਵਿੱਚ ਸੁਲੱਖਣ ਸਿੰਘ ਗਿੱਲ , ਹਰਦੀਪ ਸਿੰਘ (ਪੱਪੂ) ਬਰਾੜ, ਅਵਤਾਰ ਸਿੰਘ ਸਰਪੰਚ, ਗੁਰਮੀਤ ਸਿੰਘ ਅਟਵਾਲ, ਬਿੱਲੂ ਢੀਂਡਸਾ, ਦਵਿੰਦਰ ਸਿੰਘ ਗਰੇਵਾਲ, ਮਨਜੀਤ ਸਿੰਘ ਦੀਵਾਨਾ, ਸਰਵਨ ਸਿੰਘ, ਪ੍ਰੀਤਮ ਸਿੰਘ ਸਿੱਧੂ, ਬੀਬੀ ਹਰਜਿੰਦਰ ਕੌਰ ਅਤੇ ਇੰਦਰਜੀਤ ਸਿੰਘ ਬਰਾੜ ਸ਼ਾਮਲ ਸਨ। ਪ੍ਰਬੰਧਕਾਂ ਦੀ ਤਰਫੋਂ ਸਾਰਿਆਂ ਦਾ ਧੰਨਵਾਦ ਕਰਦਿਆਂ ਸ. ਕੁਲਵੰਤ ਸਿੰਘ ਖਹਿਰਾ ਨੇ ਕਿਹਾ ਕਿ ਸ. ਖਾਲੜਾ ਨੇ ਅਪਣਿਆਂ ਨੂੰ ਇਨਸਾਫ਼ ਦਿਵਾਉਣ ਲਈ ਵੱਡੀ ਘਾਲਣਾ ਘਾਲੀ। ਦੁੱਖ ਹੈ ਕਿ ਉਨ੍ਹਾਂ ਦੇ ਕਾਤਲ ਵੀ ਅਪਣੀ ਹੀ ਕੌਮ ਵਿੱਚੋਂ ਸਨ। ਸ. ਖਾਲੜਾ ਸਮੇਤ ਸਮੂਹ ਸ਼ਹੀਦਾਂ ਦੇ ਨਿਸ਼ਾਨੇ ਦੀ ਪੂਰਤੀ ਲਈ ਕੌਮ ਲਈ ਇੱਕਮੁਠ ਤੇ ਸੁਚੇਤ ਹੋਣਾ ਜਰੂਰੀ ਹੈ। ਸ਼ਰਧਾਂਜਲੀ ਸਮਾਗਮ ਦੇ ਅਖ਼ੀਰ ਉੱਤੇ ਪ੍ਰਣ ਅਤੇ ਐਲਾਨ ਕੀਤਾ ਗਿਆ ਕਿ ਅਗਾਂਹ ਤੋਂ ਹਰ ਸਾਲ ਸ. ਖਾਲੜਾ ਦੀ ਬਰਸੀ ਵਾਲੇ ਹਫ਼ਤੇ ਦੇ ਸ਼ਨਿਚਰਵਾਰ ਨੂੰ ਪਾਰਕ ਵਿੱਚ ਅਤੇ ਐਤਵਾਰ ਨੂੰ ਗੁਰਦੁਆਰਾ ਸਾਹਿਬ ਵਿੱਚ ਵੱਡੀ ਪੱਧਰ ਉੱਤੇ ਸ਼ਹੀਦੀ ਸਮਾਗਮ ਕੀਤਾ ਜਾਇਆ ਕਰੇਗਾ।





ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਸਨਮਾਨ ਲਈ ਬਹੁਜਨ ਫਰੰਟ ਵੱਲੋਂ 2 ਸਤੰਬਰ 2019 ਨੂੰ ਭੁੱਖ ਹੜਤਾਲ ਜਾਰੀ ਹੈ। ਭੁੱਖ ਹੜਤਾਲ ਕਰ ਰਹੇ ਬਹੁਜਨ ਫਰੰਟ ਦੇ ਮੈਂਬਰਾਂ ਦੀ ਮੰਗ ਹੈ ਕਿ 21 ਅਗਸਤ 2018 ਨੂੰ ਦਿੱਲੀ ਵਿਖੇ ਕੀਤੇ ਗਏ ਅੰਦੋਲਨ ਵਿਚ ਝੂਠੇ ਪਰਚੇ ਪਾ ਕੇ ਗ੍ਰਿਫਤਾਰ ਕੀਤੇ 96 ਬਹੁਜਨ ਸਾਥੀਆਂ ਸਮੇਤ ਸ੍ਰੀ ਸ਼ਿੰਗਾਰਾ ਰਾਮ ਸਹੂੰਗੜਾ ਨੂੰ ਰਿਹਾਅ ਕਰਵਾਉਣ ਲਈ ਇਹ ਭੁੱਖ ਹੜਤਾਲ ਡੀ. ਸੀ. ਦਫਤਰ ਦੇ ਸਾਹਮਣੇ ਕੀਤੀ ਜਾ ਰਹੀ ਹੈ। ਇਸ ਭੁੱਖ ਹੜਤਾਲ ਵਿਚ ਸਾਧੂ ਸੰਪਰਦਾਇ ਅਤੇ ਬਸਪਾ ਸਮੇਤ ਕਈ ਸਮਾਜਿਕ ਆਗੂ ਵੀ ਸ਼ਾਮਲ ਹਨ। ਆਗੂਆਂ ਦਾ ਕਹਿਣਾ ਹੈ ਕਿ ਜੇਕਰ 13 ਸਤੰਬਰ 2019 ਨੂੰ ਸੁਪਰੀਮ ਕੋਰਟ ਦਾ ਫੈਸਲਾ ਸਾਡੇ ਗੁਰੂ ਘਰ ਦੇ ਹੱਕ ਵਿਚ ਨਹੀਂ ਆਉਂਦਾ ਤਾਂ ਇਹ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ ਅਤੇ ਇਸ ਅੰਦੋਲਨ ਵਿਚ ਪੰਜਾਬ ਦੀ ਸਾਧੂ ਸੰਪਰਦਾਇ ਸੁਸਾਇਟੀ ਦੇ ਸੰਤਾਂ ਦਾ ਵੀ ਇਹ ਕਹਿਣਾ ਹੈ।

## Sri Guru Ravidass Sabha Sacramento celebrates Gurughar's 27th Anniversary




Waheguru Jee Ka Khalsa Waheguru Jee Kee Fateh! This message is to inform the Sangat that the 27th Anniversary of Shri Guru Ravidass Temple Sacramento will be celebrated **September 27, 28 and 29, 2019**. Sri Akhand Paath Sahib will begin on Friday, September 27, 2019 at 10AM. Kirtan will be conducted 6PM to 8PM by Bhai Jaspal Singh And Bhai Gurdeep Singh.

Nishan Sahib Sewa will be conducted on Saturday, September 28, 2019 at 4PM. Gurbani Kirtan will be conducted by Bhai Amritpal Singh Sangrur Wale and Bhai Jaspal Singh from 6PM to 9PM.

Bhog of Sri Akhand Paath Sahib will take place on Sunday, September 29, 2019 at 10AM followed by Gurbani Kirtan by Bhai Tajvinder Singh (Hazoori Raagi Sri Darbar Sahib) and Bhai Jaspal Singh.

Sewa of Sri Akhand Paath Sahib will be by the Families of Sh. Subash Banga and Sh. Avtar Singh Jassal. Nishan Sahib Sewa will be by the Family of Sh. Jaswant Sheemar. Humble request to all Sangat to attend with you family and friends.

**For any Sewa for Gurdwara Sahib Anniversary or New Gurdwara Sahib Building, please contact:**
Teja Virk (Chairman): 916-912-5678, Raj Badhan (President): 916-601-3842

**Shri Guru Ravidass Temple Sacramento**
**6221 16th Street Rio Linda, CA 95673**
**916-992-1710**

## ਵਲੇਹੋ 'ਚ ਮਨਾਇਆ ਜਾਵੇਗਾ ਭਗਵਾਨ ਵਾਲਮੀਕ ਜੀ ਦਾ ਪ੍ਰਗਟ ਉਤਸਵ 20 ਅਕਤੂਬਰ ਨੂੰ




ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸ਼ਰਧਾਲੂਆਂ ਵੱਲੋਂ ਗੁਰੂ ਵਾਲਮੀਕ ਜੀ ਦਾ ਪ੍ਰਗਟ ਦਿਵਸ ਸ਼ਰਧਾ ਪੂਰਵਕ ਮਨਾਇਆ ਜਾ ਰਿਹਾ ਹੈ। ਆਪ ਸਭ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਆਪ ਆਪਣੇ ਘਰੇਲੂ ਰੁਝੇਵਿਆਂ 'ਚੋਂ ਕੁਝ ਸਮਾਂ ਕੱਢ ਕੇ ਇਸ ਸ਼ੁਭ ਉਤਸਵ ਮੌਕੇ ਸ਼ਾਮਲ ਹੋ ਕੇ ਗੁਰੂ ਚਰਨਾਂ 'ਚ ਹਾਜ਼ਰੀ ਲਗਵਾਓ ਜੀ। ਗੁਰੂ ਵਾਲਮੀਕ ਜੀ ਆਪ ਸਭ ਦੇ ਕਾਰਜ ਸਿੱਧ ਕਰਨ ਤੇ ਪਰਿਵਾਰਾਂ 'ਚ ਸੁੱਖ-ਸ਼ਾਂਤੀ ਰਹੇ। ਖੁਸ਼ੀਆਂ ਦਾ ਖੇੜਾ ਹਮੇਸ਼ਾ ਆਪ ਜੀ ਦੇ ਦਰ 'ਤੇ ਦਸਤਕ ਦਿੰਦਾ ਰਹੇ। ਗੁਰੂ ਜੀ ਦੀ ਮਹਿਮਾ ਦੇ ਗੁਣਗਾਨ ਕਰਕੇ ਭੁਪਿੰਦਰ ਭਿੰਦਾ, ਸੁਲਤਾਨ ਅਖਤਰ-ਹਰਜੀਤ ਜੀਤੀ, ਅਮਰਜੀਤ ਲਾਲੀ, ਰੋਹਿਤਾਸ ਭੰਗਾਣੀ, ਰਾਜ ਕੁਮਾਰ ਪੰ-ਡੋਰੀ ਅਤੇ ਹੋਰ ਸੱਜਣ ਆਪਣੀ ਹਾਜ਼ਰੀ ਲਗਵਾਉਣਗੇ।

ਪ੍ਰੋਗਰਾਮ ਦਾ ਸਮਾਂ ਅਤੇ ਸਥਾਨ

**October 20, 2019,**
**Time: 9:00AM to 5:00PM**

**Dan Foley Cultural Center, 1499 N. Camino Alto, Vallejo, CA-94590 Phone: (707) 648-4630**

ਹੋਰ ਜਾਣਕਾਰੀ ਲਈ ਸੰਪਰਕ ਕਰੋ

Sodhi Nahar (707) 704-5216 Shiv Sidhu (707) 656-1205
Dr. Gurjit Singh (925) 321-0117 Gurpal Singh (916) 873-0311
Bhupinder Bhinda (916) 613-3311 Balbir Thapar (916) 607-4650,
Kulwinder Gill (510) 458-6146, Baljivan Dass (408) 394-6729

**ਜਾਰੀ ਕਰਤਾ- ਸਮੂਹ ਭਗਵਾਨ ਵਾਲਮੀਕ ਜੀ ਦੇ ਸ਼ਰਧਾਲੂ (ਕੈਲੇਫੋਰਨੀਆ)**

# Desh Doaba Congratulates

## S. Joginder Singh Kanwal on his Happy Birth Day



**Sitting Left to right: Tarlochan Singh, Joginder Singh Kanwal**

**Standing: Dr. Jaswinder Singh Kanwal with his wife Jasvir Kaur and his mother Surinder Kaur, and Chander Mohan & Erleen (Son-In-Law & Grand Daughter of Joginder Singh Kanwal) & Garry**


# SUNSHINE AUTO CARE INC.

DBA

# PHILLIPS AUTO CARE

**Auto Services:**

* Oil Change Services
* Fectory Scheduled Maintenance
* Transmission Repair / Replacement
* 4WD Repairs Clutch Replacement
* Power Door Lock & Windows Repairs
* Electrical / Battery Service & Repair
* Engine Diagnostic Service
* Air Conditioning Service & Repair
* Cooling System Service & Repair
* Major Engine Repair
* Brake Repairs
* And Much More...

**Trucks & Trailers Services:**

* DPF Filter Cleaning
* Clutch
* Computer Check
* Transmission
* Differential
* New / Use Tires
* Inspections
* Oil changes
* Van/Reefer Work
* Wheel Balancing
* Truck & Trailer Repair
* All Major & Minor Repairs
* We Do Aluminium Welding




ਅਸੀਂ ਕਸਟਮਰ ਨੂੰ ਪਿਕ ਅਪ ਅਤੇ ਡਰੌਪ ਵੀ ਕਰਦੇ ਹਾਂ

ਅਸੀਂ ਪੰਜਾਬੀ ਤੇ ਸਪੈਨਿਸ਼ ਵੀ ਬੋਲਦੇ ਹਾਂ

hablamos español

We Speak English, Spanish & Punjabi

We Provide Towing &
24/7 Mobile Road Services
For All Autos, Trucks & Trailers

Open Monday to Saturday

ACCEPTED HERE
Com-Check
T-Check
EFS Check
VISA

We Provide All Autos, Trucks & Trailers Repair





Contact: Deep Suman: (408) 561-1846, (209) 239-1551 (24/7 Available)

Address: 1003 Moffat Blvd, Manteca CA 95336

# ਹਾਏ! ਲੋਕ ਕੀ ਕਹਿਣਗੇ



ਸ਼ਿਨਾਗ ਸਿੰਘ ਸੰਧੂ, ਸ਼ਮਿੰਦਰ ਕੌਰ ਰੰਧਾਵਾ
91-97816-93300

ਸਮਾਂ ਬਦਲ ਗਿਆ, ਹਾਲਾਤ ਬਦਲ ਗਏ,ਤਕਨੀਕ ਬਦਲ ਗਈ, ਰਹਿਣ ਸਹਿਣ ਬਦਲ ਗਿਆ ਪਰ ਅੱਜ ਵੀ ਬਹੁਤ ਸਾਰੇ ਲੋਕਾਂ ਦੀ ਸੋਚ ਇਸੇ ਗੱਲ ਤੇ ਅੜੀ ਹੋਈ ਹੈ ਕਿ ਲੋਕ ਕੀ ਕਹਿਣਗੇ। ਕੰਮ ਨੂੰ ਵੀ ਆਪਣਾ ਮਿਸ਼ਨ ਬਣਾ ਕੇ ਨਹੀਂ ਸਗੋਂ ਲੋਕਾਂ ਨੂੰ ਮੁੱਖ ਰੱਖ ਕੇ ਕੀਤਾ ਜਾਂਦਾ ਹੈ।ਆਪਣੇ ਰੁਤਬੇ ਨੂੰ ਲੋਕਾਂ ਤੋਂ ਉੱਚਾ ਰੱਖਣ ਦੀ ਖਾਤਰ ਕਰਜ਼ੇ ਦੀ ਬਿਨ੍ਹਾਂ ਪਰਵਾਹ ਕੀਤੇ ਲਗਜ਼ਰੀ ਚੀਜ਼ਾਂ ਖ਼੍ਰੀਦੀਆਂ ਜਾਂਦੀਆ ਭਾਵੇ ਉਹਨਾਂ ਦੀ ਜਰੂਰਤ ਤੋਂ ਬਿਨ੍ਹਾਂ ਵੀ ਸਰਦਾ ਹੋਵੇ। ਪੜ੍ਹ ਲਿਖ ਕੇ ਨੋਜਵਾਨਾ ਨੂੰ ਛੋਟਾ ਕੰਮ ਕਰਨ ਲੱਗਿਆ ਸ਼ਰਮ ਮਹਿਸੂਸ ਹੁੰਦੀ ਕਿ ਜੇ ਉਹਨਾਂ ਨੇ ਛੋਟਾ ਕੰਮ ਕੀਤਾ ਤਾ ਲੋਕ ਕਹਿਣਗੇ ਕਿ ਪੜ੍ਹ ਲਿਖ ਕੇ ਇਹ ਕੰਮ ਕਰ ਰਿਹਾ ਜਦ ਕਿ ਬਾਹਰਲੇ ਦੇਸ਼ ਜਾ ਕੇ ਇਹੋ ਨੋਜਵਾਨ ਹਰ ਨਿੱਕੇ ਤੋਂ ਨਿੱਕਾ ਕੰਮ ਕਰਨ ਲਈ ਤਿਆਰ ਹੋ ਜਾਂਦਾ ਪ੍ਰੰਤੂ ਇਥੇ ਲੋਕਾਂ ਦਾ ਕਰਕੇ ਕੰਮ ਕਰਨ ਦੀ ਬਜਾਏ ਵਿਹਲਾ ਬਹਿਣਾ ਚੰਗਾ ਸਮਝਦੇ। ਲੋਕਾਂ ਦੀ ਫਿਤਰਤ ਹੈ ਕਿ ਛੋਟੇ ਦੇਸ਼ ਵਿੱਚ ਬੱਚਿਆਂ ਨੂੰ ਨਹੀਂ ਭੇਜਣਾ ਭਾਵੇ ਏਜੰਟਾਂ ਕੋਲ ਦਸ-ਵੀਹ ਲੱਖ ਰੁਪਿਆ ਫਸ ਜਾਵੇ ਪਰ ਭੇਜਣਾ ਕਨੇਡਾ ਈ ਆ।ਸਿਹਤ ਭਾਵੇ ਜਵਾਬ ਦੇ ਜਾਵੇ ਪ੍ਰੰਤੂ ਡਾਕਟਰ ਦੇ ਕਹਿਣ ਦੇ ਬਾਵਜੂਦ ਵੀ ਸਾਈਕਲ ਤੇ ਜਾਂਦੇ ਜਾਂ ਤੁਰ ਕੇ ਜਾਣ 'ਚ ਬੜੀ ਸ਼ਰਮ ਆਉਦੀਂ। ਅੱਜਕੱਲ ਕੁੜੀ ਵਿਆਉਣ ਵੇਲੇ ਸਿਰਫ ਅਮੀਰ ਪਰਿਵਾਰ ਹੀ ਵੇਖਿਆ ਜਾਂਦਾ, ਚੰਗਾ ਘਰਾਣਾ ਨਹੀਂ। ਵਿਆਹ ਸ਼ਾਦੀ ਕਰਨ ਲੱਗਿਆ ਲੋਕ ਆਪਣੀ ਹੈਸੀਅਤ ਤੋਂ ਬਾਹਰ ਜਾ ਕੇ ਕਰਜ਼ਾ ਚੁੱਕ ਕੇ ਖਰਚ ਕਰਦੇ ਹਨ ਸਿਰਫ ਲੋਕ ਵਿਖਾਵੇ ਲਈ। ਫਿਰ ਭਾਵੇ ਸਾਰੀ ਉਮਰ ਕਰਜ਼ੇ 'ਚ ਡੁੱਬੇ ਰਹਿਣ ਤੇ ਅਖੀਰ ਗੱਲ ਆਤਮ ਹੱਤਿਆ ਤੇ ਆਣ ਮੁੱਕਦੀ। ਵਿਆਹ ਦੌਰਾਨ ਸੂਟ-ਬੂਟ ਅਤੇ ਗਹਿਣਾ-ਗੱਟਾ ਵੀ ਏਸੇ ਕਰਕੇ ਹੀ ਮਹਿੰਗੇ ਤੋਂ ਮਹਿੰਗਾ ਪਾਇਆ ਜਾਂਦਾ ਹੈ ਤਾਂ ਕਿ ਅਸੀਂ ਕਿਸੇ ਤੋਂ ਘੱਟ ਨਾ ਦਿਸੀਏ ਅਤੇ ਸ਼ਰੀਕਾਂ ਵਿੱਚ ਨੱਕ ਉੱਚਾ ਰਹੇ। ਆਮ ਕਰਕੇ ਵੇਖਣ ਨੂੰ ਮਿਲਦਾ ਹੈ ਕਿ ਅਜੇ ਵੀ ਲੋਕਾਂ ਦੀ ਸੋੜੀ ਸੋਚ ਤੋ ਡਰਦਿਆਂ ਪਿੰਡਾਂ ਵਿੱਚ ਬੱਚਿਆਂ ਦੇ ਵਿਆਹ ਜਲਦੀ ਕਰ ਦਿੱਤੇ ਜਾਂਦੇ ਹਨ। ਰਿਸ਼ਤੇਦਾਰ ਵੀ ਇਹੋ ਕਹਿਣਾ ਸ਼ੁਰੂ ਕਰ ਦਿੰਦੇ ਕਿ ਬੱਚੇ ਵਿਆਹੁਣ ਦੀ ਕਰੋ ਅੱਜਕੱਲ੍ਹ ਜ਼ਮਾਨਾ ਨਹੀਂ ਚੰਗਾ। ਜਿਆਦਾ ਪੜ੍ਹਾ ਲਿਖਾਕੇ ਕੀ ਕਰਨਾ।ਕਰਨਾ ਤਾਂ ਘਰ ਦਾ ਕੰਮ ਈ ਆਂ। ਛੋਟੀ ਉਮਰੇ ਹੀ ਜਿੰਮੇਵਾਰੀਆਂ ਦੇ ਬੋਝ ਹੇਠਾ ਦੱਬੇ ਜਾਣ ਕਾਰਨ ਉਹਨਾਂ ਨੂੰ ਆਪਣਾ ਉਦੇਸ਼ ਪੂਰਾ ਕਰਨ ਲਈ ਅੱਗੇ ਵਧਣ ਦਾ ਮੌਕਾ ਹੀ ਨਹੀਂ ਮਿਲਦਾ। ਗਰੀਬ ਕੋਲ ਕੋਈ ਬੈਠ ਕੇ ਰਾਜ਼ੀ ਨਹੀਂ। ਸ਼ਾਨ 'ਚ ਫਰਕ ਪੈਂਦਾ। ਅਮੀਰ ਲੋਕ ਗਰੀਬ ਨੂੰ ਮਿਲਣ 'ਚ ਸ਼ਰਮ ਮਹਿਸੂਸ ਕਰਦੇ। ਆਮ ਕਰਕੇ ਸਰਕਾਰੀ ਮਹਿਕਮਿਆਂ 'ਚ ਵੇਖਣ ਵਿੱਚ ਆਉਂਦਾ ਹੈ ਕਿ ਪੱਕੇ ਮੁਲਾਜ਼ਮ ਕੱਚੇ ਮੁਲਾਜ਼ਮਾਂ ਤੋਂ ਦੂਰੀ ਬਣਾ ਕੇ ਰੱਖਦੇ। ਇਥੋ ਤੱਕ ਕਿ ਹੱਥ ਮਿਲਾਉਣਾ ਵੀ ਮੁਨਾਸਿਬ ਨਹੀਂ ਸਮਝਦੇ ਜਿਵੇਂ ਉਹਨਾਂ ਨੇ ਕੋਈ ਗੁਨਾਹ ਕੀਤਾ ਹੋਵੇ।ਆਪਣਾ ਰੁਤਬਾ ਉੱਚਾ ਸਮਝਦੇ ਨੇ ਤਾਂ ਹੀ ਤਾਂ ਧੜੇਬਾਜ਼ੀਆਂ ਬਣਦੀਆਂ। ਨਤੀਜੇ ਵਜੋਂ ਆਪਸੀ ਰੰਜ਼ਿਸ ਉਤਪੰਨ ਹੁੰਦੀ ਹੈ। ਸਮਾਜ ਵਿੱਚ ਬਹੁਤੇ ਚੌਧਰ ਪ੍ਰਧਾਨ ਲੋਕ ਇਨਸਾਨ ਨੂੰ ਇਨਸਾਨੀਅਤ ਪੱਖੋ ਨਹੀ ਸਗੋਂ ਪੈਸੇ ਪੱਖੋ ਦੇਖਦੇ। ਦੂਜਿਆ ਤੋਂ ਚੰਗੇ ਕੱਪੜੇ ਪਾਉਣੇ, ਉਧਾਰ ਚੁੱਕ ਕੇ ਬੁਲਟ ਤੇ ਵੱਡੀ ਗੱਡੀ



ਲੈਣਾ ਸ਼ਾਨ ਸਮਝਿਆ ਜਾਂਦਾ ।ਲੋਕ ਫੋਕੀ ਟੋਹਰ ਅਤੇ ਵਾਹ ਵਾਹ ਖੱਟਣ ਦੀ ਖਾਤਰ ਆਪਣਾ ਝੁੱਗਾ ਚੌੜ ਕਰਾ ਲੈਂਦੇ।

ਲੋਕ ਤਾਂ ਕਿਸੇ ਪਾਸੇ ਨਹੀਂ ਲੱਗਣ ਦਿੰਦੇ। ਜੇ ਕੋਈ ਵਿਦੇਸ਼ ਕੰਮ ਕਰਨ ਚਲਾ ਜਾਵੇ ਤਾਂ ਪੁੱਛਣਗੇ ਕਿ ਕਦੋ ਆ ਰਿਹਾ ਵਾਪਸ ਅਤੇ ਜੇ ਆ ਜਾਵੇ ਤਾਂ ਉਸ ਦਿਨ ਤੋਂ ਹੀ ਪੁੱਛਣਾ ਸ਼ੁਰੂ ਕਰ ਦਿੰਦੇ ਨੇ ਕਦੋਂ ਵਾਪਸੀ ਫਿਰ। ਇੱਥੇ ਰਹਿ ਕੇ ਕਿਹੜਾ ਗੁਜ਼ਾਰਾ ਉਥੇ ਤਾਂ ਪੈਸੇ ਚਾਰ ਬਣਦੇ। ਜੇ ਕੋਈ ਘਰ ਰਹੇ ਤਾਂ ਵੀ ਲੋਕ ਕਹਿਣਗੇ ਕੋਈ ਕੰਮ ਧੰਦਾ ਈ ਕਰ ਲਿਆ ਕਰ ਸਾਰਾ ਦਿਨ ਵਿਹਲਾ ਰੋਟੀਆਂ ਈ ਪਾੜੀ ਜਾਣਾ ਤੇ ਜੇ ਕੋਈ ਕੰਮ ਕਰਦਾ ਉਸਨੂੰ ਕਹਿੰਦੇ ਕਿ ਕਦੇ ਬਹਿ ਵੀ ਜਾਇਆ ਕਰ ਐਨੇ ਪੈਸੇ ਕਮਾ ਕੇ ਕੀ ਕਰਨਾ।ਆਰੀ ਨੂੰ ਇੱਕ ਪਾਸੇ ਦੰਦੇ, ਜਹਾਨ ਨੂੰ ਦੋ ਪਾਸੇ ਨਹੀਂ, ਚਾਰ ਪਾਸੇ ਦਿੰਦੇ। ਲੋਕਾਂ ਵੱਲ ਵੇਖ ਕੇ ਤਰੱਕੀਆਂ ਨਹੀਂ ਹੁੰਦੀਆਂ। ਕਦੇ ਸੋਚੋ ਕਿ ਜੋ ਵੱਡੇ-ਵੱਡੇ ਬਿਜ਼ਨਸਮੈਨ ਤੇ ਧਨਾਢ ਬਣੇ ਕੀ ਉਹ ਇੱਕ ਦਿਨ 'ਚ ਹੀ ਆਪਣੀ ਮੰਜ਼ਿਲ ਤੇ ਪਹੁੰਚ ਗਏ ਸਨ।ਉਹਨਾਂ ਨੂੰ ਵੀ ਬਹੁਤ ਸਾਰੀਆ ਮੁਸ਼ਕਿਲਾਂ ਤੇ ਤਾਹਨਿਆਂ ਮਿਹਣਿਆਂ ਦਾ ਸਾਹਮਣਾ ਕਰਨਾ ਪਿਆ। ਬਹੁਤੇ ਲੋਕ ਤਾਂ ਆਪਣੇ ਇਸਤਰੀ ਪਰਿਵਾਰਕ ਮੈਂਬਰ ਨੂੰ ਵੀ ਨਾਲ ਲਿਜਾਣ ਤੇ ਕਹਿ ਦਿੰਦੇ ਕਿ ਪਤਾ ਨਹੀਂ ਅੱਜ ਕਿਸ ਨੂੰ ਬਿਠਾਈ ਜਾ ਰਿਹਾ ਸੀ।

ਸਾਡੇ ਮਨਾਂ 'ਚ ਈ ਡਰ ਹੁੰਦਾ, ਜਿਵੇਂ ਕੋਈ ਸਾਨੂੰ ਦੇਖ ਰਿਹਾ ਹੋਵੇ ਤੇ ਸਾਡੀ ਕਿਸੇ ਗੱਲ ਤੇ ਹੱਸ ਰਿਹਾ ਹੋਵੇ ਪ੍ਰੰਤੂ ਜਰੂਰੀ ਨਹੀਂ ਕਿ ਉਹ ਸਾਡੇ ਤੇ ਹੱਸ ਰਿਹਾ ਹੋਵੇ। ਹੋ ਸਕਦਾ ਉਹ ਆਪਣੇ ਮਨ ਦੇ ਵਿਚਾਰਾ ਕਰਕੇ ਖੁਸ਼ ਹੋ ਰਿਹਾ ਹੋਵੇ। ਹਕੀਕਤ 'ਚ ਇੱਕ ਵਾਰ ਅਸੀਂ ਜਾ ਰਹੇ ਸੀ ਤਾਂ ਰਸਤਾ ਤੰਗ ਹੋਣ ਕਰਕੇ ਇੱਕ ਅੱਗੇ ਜਾ ਰਹੇ ਵਿਅਕਤੀ ਦੀ ਕਾਰ ਚਿੱਕੜ ਵਿੱਚ ਫਸ ਗਈ ਤਿਲਕਣ ਹੋਣ ਕਾਰਨ ਬਹੁਤ ਕੋਸ਼ਿਸ਼ ਕਰਨ ਦੇ ਬਾਵਜੂਦ ਵੀ ਡਰਾਈਵਰ ਕੋਲੋ ਕਾਰ ਬਾਹਰ ਨਹੀਂ ਸੀ ਨਿਕਲ ਰਹੀ ਨਜ਼ਦੀਕ ਹੀ ਇੱਕ ਖੜ੍ਹਾ ਵਿਅਕਤੀ ਬਹੁਤ ਜ਼ੋਰ ਨਾਲ ਬਾਂਹਾ ਹਿਲਾ ਕੇ ਕਹਿ ਰਿਹਾ ਸੀ ਕਿ ਜੇ ਮੈਂ ਹੁੰਦਾ ਤਾਂ ਹੁਣ ਨੂੰ ਕਾਰ ਬਾਹਰ ਕੱਢ ਲੈਣੀ ਸੀ। ਉਸ ਦੀ ਗੱਲ ਸੁਣ ਕੇ ਡਰਾਇਵਰ ਨਰਵਸ ਹੋ ਗਿਆ। ਇਹ ਦੇਖ ਕੇ ਅਸੀਂ ਡਰਾਇਵਰ ਕੋਲੋ ਚਾਬੀ ਲੈ ਕੇ ਉਸ ਵਿਅਕਤੀ ਨੂੰ ਚਾਬੀ ਦਿੱਤੀ ਤਾਂ ਉਸ ਵਿਅਕਤੀ ਦੇ ਚਿਹਰੇ ਦਾ ਰੰਗ ਉੱਡ ਗਿਆ ਤੇ ਕਹਿੰਦਾ ਮੈਨੂੰ ਤਾਂ ਗੱਡੀ ਚਲਾਉਣ ਦੀ ਜਾਚ ਹੀ ਨਹੀਂ। ਇਸ ਬੀਤੀ ਘਟਨਾ ਤੋਂ ਪਤਾ ਚੱਲਦਾ ਹੈ ਕਿ ਅਕਸਰ ਅਸੀਂ ਆਪਣੇ ਮਨ ਵਿੱਚ ਦੂਜੇ ਵੱਲ ਵੇਖ ਕੇ ਹੀ ਆਪਣੀ ਯੋਗਤਾ ਘੱਟ ਹੋਣ ਦਾ ਗਲਤ ਅੰਦਾਜ਼ਾ ਲਾ ਲੈਂਦੇ ਹਾਂ। ਕੀ ਕਦੇ ਸੋਚਿਆ ਕਿ ਜਿਹਨਾਂ ਲੋਕਾਂ ਤੋਂ ਡਰਦੇ ਅਸੀ ਕੁੱਝ ਨਹੀਂ ਕਰ ਰਹੇ। ਉਹਨਾਂ ਤਾਂ ਆਪਣੀ ਜਿੰਦਗੀ ਵਿੱਚ ਕਦੇ ਕੁਝ ਨਹੀਂ ਕੀਤਾ। ਜੋ ਮਾੜਾ ਕਹਿੰਦਾ ਉਸਦਾ ਪਿਛੋਕੜ ਜਰੂਰ ਫਰੋਲੋ। ਘਰ ਲਈ ਤਾਂ ਹਰ ਕੋਈ ਕਮਾਉਂਦਾ। ਇਹ ਦੇਖੋ ਕਿ ਉਸਦੀ ਸਮਾਜ ਨੂੰ ਕੀ ਦੇਣ।ਕੀ ਕੀਤਾ ਸਮਾਜ ਦੇ ਲੋਕਾਂ ਲਈ। ਘਰੇ ਖਾਕੇ ਮਤ ਨਹੀਂ ਆਉਂਦੀ ।ਜਦੋਂ ਕਿਸੇ ਦੇ ਅਤੀਤ ਵਿੱਚ ਕੀਤੇ ਕੰਮਾਂ ਤੇ ਝਾਤ ਪਾਈ ਜਾਵੇ ਤਾਂ ਉਸਦੀ ਅਸਲੀ ਤਸਵੀਰ ਸਾਹਮਣੇ ਆ ਜਾਵੇਗੀ। ਜੇ ਕੋਈ ਤਕੜਾ ਤਾਂ ਆਪਣੇ ਘਰ ਹੋਉ। ਕਿਸੇ ਨੂੰ ਕੁਝ ਨਹੀਂ ਦਿੰਦਾ। ਰੋਟੀ ਆਪਣੀ ਹੀ ਕਮਾ ਕੇ ਖਾਣੀ ਪੈਂਦੀ ਭਾਵੇ ਚੰਗੀ ਹੋਵੇ ਜਾਂ ਮਾੜੀ। ਜੇ ਸੋਚਿਆ ਜਾਵੇ ਤਾਂ ਇਹਨਾਂ ਲੋਕਾਂ ਨੇ ਤਾਂ ਪੀਰ, ਪੈਗੰਬਰਾਂ, ਰਿਸ਼ੀਆਂ ਮੁਨੀਆਂ ਅਤੇ ਅਵਤਾਰਾਂ ਨੂੰ ਵੀ ਕਦੇ ਚੰਗਾਂ ਨਹੀਂ ਕਿਹਾ ਸਗੋਂ ਕੋਈ ਨਾ ਕੋਈ ਨੁਕਸ ਉਹਨਾਂ 'ਚ ਵੀ ਕੱਢ ਦਿੱਤਾ ਫਿਰ ਅਸੀਂ ਕਿਸ ਬਾਗ ਦੀ ਮੂਲੀ ਹਾਂ।

ਸਮੇਂ ਦੀ ਚਾਲ ਦੇ ਨਾਲ-ਨਾਲ ਚੱਲਦਿਆ ਸਾਨੂੰ ਆਪਣੀਆ ਪੀੜੀਆਂ ਨੂੰ ਇਸ ਭਿਆਨਕ ਕੋਹੜ ਵਰਗੀ ਬਿਮਾਰੀ ਤੋਂ ਬਚਾਉਣ ਦੀ ਲੋੜ ਹੈ। ਹਮੇਸ਼ਾ ਚਾਦਰ ਵੇਖ ਕੇ ਪੈਰ ਪਸਾਰਨੇ ਚਾਹੀਦੇ। ਫੋਕੀ ਟੌਹਰ, ਅਡੰਬਰ ਅਤੇ ਰਿਸ਼ਤੇਦਾਰਾਂ ਤੋਂ ਵੱਡਾ ਦਿਸਣ ਦੀ ਚਾਹਤ ਨੂੰ ਤਿਆਗ ਕੇ ਸਾਨੂੰ ਆਪਣੇ ਬੱਚਿਆਂ ਨੂੰ ਉਹਨਾਂ ਦੇ ਮਿਸ਼ਨ ਵਿੱਚ ਕਾਮਯਾਬ ਹੋਣ ਲਈ ਲਗਨ ਅਤੇ ਮਿਹਨਤ ਕਰਨ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ।ਬਹੁਤ ਸਾਰੇ ਹੋਣਹਾਰ ਵੀ ਇਹੀ ਰੋਗੀ ਸੋਚ ਦਾ ਸ਼ਿਕਾਰ ਹੋਣ ਕਰਕੇ ਆਪਣੀ ਜਿੰਦਗੀ ਦਾ ਕੋਈ ਉਦੇਸ਼ ਪੂਰਾ ਨਹੀਂ ਕਰ ਪਾਉਂਦੇ ।ਕਲਾ ਉਹਨਾਂ ਦੇ ਮਨਾਂ ਵਿੱਚ ਹੀ ਦੱਬ ਕੇ ਰਹਿ ਜਾਂਦੀ । ਲੋਕਾਂ ਤੋਂ ਡਰਦੇ ਹੀ ਉੱਪਰ ਨਾ ਉਠ ਕੇ ਆਪਣੀ ਜਿੰਦਗੀ ਨਰਕ ਬਣਾ ਲੈਂਦੇ ।

ਜ਼ਿੰਦਗੀ ਇੱਕ ਸ਼ੰਘਰਸ਼ ਹੈ। ਜੇ ਅਸੀਂ ਜਾਨਵਰਾਂ ਦੀ ਤਰ੍ਹਾਂ ਰੋਟੀ ਖਾਕੇ ਹੀ ਸਾਰੀ ਉਮਰ ਬੋਝ ਬਣ ਕੇ ਮਰ ਗਏ ਤਾਂ ਮਨੁੱਖ ਹੋਣ ਦਾ ਕੀ ਫਾਈਦਾ। ਗਰੀਬ ਹੋਣਾ ਕੋਈ ਪਾਪ ਨਹੀਂ। ਇਨਸਾਨ ਜਨਮ ਤੋਂ ਗਰੀਬ ਜਾਂ ਅਮੀਰ ਪੈਦਾ ਹੋ ਸਕਦਾ ਹੈ ਪਰ ਸਾਰੀ ਉਮਰ ਉਸ ਗਰੀਬੀ ਵਿੱਚ ਹੀ ਕੱਟ ਕੇ ਬਿਨ੍ਹਾਂ ਮਿਹਨਤ ਅਤੇ ਸ਼ੰਘਰਸ਼ ਕੀਤੇ ਮਰ ਜਾਣਾ ਪਾਪ ਹੈ। ਆਉ ਸਮਾਜ ਵਿੱਚ ਪਈਆਂ ਹੋਈਆਂ ਰੂੜੀਵਾਦੀ ਪਗਡੰਡੀਆਂ ਛੱਡ ਕੇ ਸਮਾਜ ਨੂੰ ਇੱਕ ਨਵਾਂ ਦ੍ਰਿਸ਼ਟੀਕੋਣ ਦਿੰਦੇ ਹੋਏ ਨਵੀਨ ਪੈੜਾਂ ਪਾਈਏ ਜੋ ਆਉਣ ਵਾਲੇ ਸਮੇਂ ਵਿੱਚ ਇੱਕ ਮਿਸਾਲ ਬਣ ਸਕਣ ਅਤੇ ਆਉਣ ਵਾਲੀ ਨਵੀਂ ਪੀੜੀ ਨੂੰ ਨਮੂਨਾ ਨਹੀਂ ਸਗੋਂ ਉਦਾਹਰਣ ਬਣਾਉਂਦੇ ਹੋਏ ਆਪਣੀ ਜਿੰਦਗੀ ਦਾ ਇੱਕ ਮਿਸ਼ਨ ਬਣਾਕੇ ਬੇਝਿਜਕ ਆਪਣੇ ਹੁਨਰ ਦੀ ਵਰਤੋਂ ਕਰਨ ਲਈ ਪ੍ਰੇਰਿਤ ਕਰੀਏ ਤਾਂ ਜੋ ਭਵਿੱਖ ਅੰਦਰ ਨਵੀਂ ਸੋਚ ਦੀ ਪਿਰਤ ਪੈ ਸਕੇ।






## ਆਜ਼ਾਦੀ ਦੇ ਇਤਿਹਾਸ ਦੇ ਅਣਗੌਲੇ ਮਹਾਨ ਕ੍ਰਾਂਤੀਕਾਰੀ ਦੇ ਸ਼ਹੀਦੀ ਦਿਵਸ ਨੂੰ ਯਾਦ ਕਰਦਿਆਂ..

# ਮਹਾਨ ਕ੍ਰਾਂਤੀਕਾਰੀ ਯੋਧਾ ਜਤਿੰਦਰ ਨਾਥ ਮੁਖਰਜੀ ਉਰਫ਼ ਬਾਘਾ ਜਤਿਨ

ਆਜ਼ਾਦੀ ਦੀ ਲੜਾਈ ਦਾ ਇਤਿਹਾਸ ਲਿਖਣ ਸਮੇਂ ਨਾਇਨਸਾਫ਼ੀ ਦਾ ਸ਼ਿਕਾਰ ਹੋਣ ਵਾਲਿਆਂ 'ਚ, ਇਕ ਐਸਾ ਕ੍ਰਾਂਤੀਕਾਰੀ ਵੀ ਸੀ, ਅਗਰ ਉਸ ਦੀ ਯੋਜਨਾ ਸਫਲ ਹੋਈ ਹੁੰਦੀ, ਉਸ ਦੇ ਸਾਥੀਆਂ ਨੇ ਉਸ ਨਾਲ ਗੱਦਾਰੀ ਨਾ ਕੀਤੀ ਹੁੰਦੀ ਤਾਂ ਦੇਸ਼ ਨੂੰ ਨਾ ਗਾਂਧੀ ਦੀ ਜ਼ਰੂਰਤ ਹੁੰਦੀ ਤੇ ਨਾ ਹੀ ਸੁਭਾਸ਼ ਚੰਦਰ ਬੋਸ ਦੀ। ਦੇਸ਼ ਵੀ 32 ਸਾਲ ਪਹਿਲਾਂ ਯਾਨਿ 1915 ਈਸਵੀ ਨੂੰ ਹੀ ਆਜ਼ਾਦ ਹੋ ਗਿਆ ਹੁੰਦਾ। ਉਸ ਦੌਰ ਦਾ ਹੀਰੋ ਸੀ ਉਹ, ਜਦੋਂ ਲੋਕ ਸਰਕਾਰੀ ਜ਼ੁਲਮ ਤੋਂ ਡਰਦੇ ਹੋਏ ਘਰਾਂ 'ਚੋਂ ਹੀ ਨਹੀਂ ਨਿਕਲਦੇ ਸਨ। ਉਹ ਇਕੱਲਾ ਹੀ ਅੰਗਰੇਜ਼ਾਂ ਨੂੰ ਜਿੱਥੇ ਦੇਖਦਾ ਸੀ, ਉਹਨਾਂ ਦੀ ਪਿਟਾਈ ਕਰ ਦਿੰਦਾ ਸੀ, ਜਤਿੰਦਰ ਨਾਥ ਮੁਖਰਜੀ ( ਉਰਫ ਬਾਘਾ ਜਤਿਨ) ਬਾਰੇ ਇਹੀ ਗੱਲ ਮਸ਼ਹੂਰ ਸੀ।

ਇਕ ਵਾਰ ਤਾਂ ਇਕੱਲੇ ਜਤਿੰਦਰ ਨਾਥ ਮੁਖਰਜੀ ਨੇ ਰੇਲਵੇ ਸਟੇਸ਼ਨ ਤੇ ਅੱਠ ਅੰਗਰੇਜ਼ਾਂ ਦੀ ਪਿਟਾਈ ਕਰ ਦਿੱਤੀ। ਇਕ ਬਲਵਾਨ ਸਿਹਤ ਦੇ ਮਾਲਕ ਜਤਿੰਦਰ ਨਾਥ ਮੁਖਰਜੀ ਇਸੇ ਕਰਕੇ ਹੀ ਬਾਘਾ ਜਤਿਨ ਦੇ ਨਾਂ ਨਾਲ ਮਸ਼ਹੂਰ ਸਨ। ਜਤਿਨ ਦਾ ਜਨਮ ਬੰਗਾਲ ਪ੍ਰਾਂਤ ਦੇ ਪਿੰਡ ਕਾਇਆਗ੍ਰਾਮ, ਸਬ-ਡਵੀਜ਼ਨ ਕੁਸ਼ਤੀਆਂ, ਜ਼ਿਲ੍ਹਾ ਨਾਡੀਆ, ਬੰਗਾਲ ਪ੍ਰਾਂਤ (ਹੁਣ ਬੰਗਾਲਦੇਸ਼) ਬ੍ਰਿਟਿਸ਼ ਇੰਡੀਆ 'ਚ 8 ਦਸੰਬਰ, 1879 ਈਸਵੀ ਨੂੰ ਹੋਇਆ। ਪਿਤਾ ਦੀ ਮੌਤ ਤੋਂ ਬਾਅਦ ਉਹਨਾਂ ਦੀ ਮਾਤਾ ਸ੍ਰੀਮਤੀ ਸ਼ਰਤਸ਼ਸ਼ੀ ਨੇ ਉਹਨਾਂ ਦਾ ਪਾਲਣ ਪੋਸ਼ਣ ਮਾਈਕੇ 'ਚ ਰਹਿ ਕੇ ਕੀਤਾ। ਜਤਿਨ ਮੁਖਰਜੀ ਦੀ ਬਚਪਨ ਤੋਂ ਹੀ ਰੁਚੀ ਸਰੀਰਕ ਖੇਡਾਂ 'ਚ ਹੀ ਸੀ, ਤੈਰਾਕੀ ਤੇ ਘੋੜ ਸਵਾਰੀ 'ਚ ਡੂੰਘੀ ਦਿਲਚਸਪੀ ਲੈਂਦਿਆਂ ਤੇ ਸਰੀਰਕ ਕਸਰਤ ਕਰਦਿਆਂ ਉਹ ਇਕ ਤਕੜੇ ਹੱਟੇ-ਕੱਟੇ ਸਰੀਰ ਦਾ ਮਾਲਕ ਬਣ ਗਿਆ।

ਬਾਘਾ ਜਤਿਨ ਦਾ ਹਰ ਕੋਈ ਦੀਵਾਨਾ ਸੀ। ਉਸ ਨੇ 11 ਸਾਲ ਦੀ ਉਮਰ 'ਚ ਹੀ ਸ਼ਹਿਰ ਦੀਆਂ ਗਲੀਆਂ 'ਚ ਲੋਕਾਂ ਨੂੰ ਘਾਇਲ ਕਰਨ ਵਾਲੇ ਇਕ ਅੱਥਰੇ ਘੋੜੇ ਨੂੰ ਕਾਬੂ 'ਚ ਕਰ ਲਿਆ ਸੀ, ਇਸ 'ਤੇ ਲੋਕਾਂ ਨੇ ਉਸ ਦੀ ਬਹੁਤ ਤਾਰੀਫ਼ ਕੀਤੀ। ਉਸ ਦੇ ਮਾਤਾ ਜੀ ਬਹੁਤ ਅਜ਼ਬ ਸੁਭਾਅ ਦੇ ਸਨ ਤੇ ਵਕੀਲ ਮਾਮੇ ਦੇ ਕਲਾਇੰਟ, ਭਾਰਤ ਦੇ ਮਹਾਨ ਕਵੀ ਸ੍ਰੀ ਰਵਿੰਦਰ ਨਾਥ ਟੈਗੋਰ ਨਾਲ ਪਰਿਵਾਰਕ ਸਬੰਧ ਸਨ ਤੇ ਉਹਨਾਂ ਦੇ ਪਰਿਵਾਰਾਂ ਦਾ ਮਿਲਣਾ-ਜੁਲਣਾ ਅਕਸਰ ਹੀ ਕਾਫੀ ਰਹਿੰਦਾ ਸੀ। ਜਤਿਨ 'ਤੇ ਉਹਨਾਂ ਦੇ ਵਿਅਕਤਿਤਵ ਦਾ ਕਾਫੀ ਪ੍ਰਭਾਵ ਪਿਆ। ਉਸ ਦੇ ਵਧੀਆ ਸਰੀਰਕ ਤੇ ਚੈਰੀਟੇਬਲ ਕੰਮਾਂ ਦੀ ਬੜੀ ਚਰਚਾ ਹੋਣ ਲੱਗ ਪਈ। ਇਕ ਬਜ਼ੁਰਗ ਔਰਤ ਹਰ ਰੋਜ਼ ਉਸ ਦੇ ਘਰ ਘਾਹ ਦੀ ਇਕ ਗਠੜੀ ਲਿਆਉਂਦੀ ਸੀ। ਉਹ ਰੋਜ਼ ਉਸ ਨਾਲ ਬੈਠ ਕੇ ਖਾਣਾ ਖਾਂਦਾ ਸੀ ਤੇ ਹਰ ਮਹੀਨੇ ਉਸ ਦੀ ਮਦਦ ਲਈ, ਉਸ ਨੂੰ ਪੈਸੇ ਦਿੰਦਾ ਸੀ ਤੇ ਅਕਸਰ ਇਸ ਗੱਲ ਦੀ ਆਮ ਲੋਕਾਂ 'ਚ ਬੜੀ ਚਰਚਾ ਹੁੰਦੀ ਸੀ। ਦੂਜੀ ਤਰਫ਼ ਉਹ ਧਰੂ, ਪ੍ਰਹਿਲਾਦ, ਹਨੂਮਾਨ ਤੇ ਰਾਜਾ ਹਰੀਸ਼ ਚੰਦਰ ਦੇ ਰੋਲ ਨਾਟਕਾਂ 'ਚ ਕਰਨ ਲੱਗ ਪਿਆ ਸੀ। ਇਹਨਾਂ ਹੀ ਦਿਨਾਂ 'ਚ ਇਕ ਭਾਰਤੀ ਦਾ ਚਾਰ ਅੰਗਰੇਜ਼ਾਂ ਨੇ ਅਪਮਾਨ ਕੀਤਾ ਤੇ ਜਤਿਨ ਨੇ ਉਹਨਾਂ ਦੀ ਬੜੀ ਪਿਟਾਈ ਕੀਤੀ। ਇਸ ਘਟਨਾ ਤੋਂ ਬਾਅਦ ਅੰਗਰੇਜ਼ ਉਸ ਨਾਲ ਕੋਈ ਲਫੜਾ ਕਰਨ ਤੋਂ ਕੰਨੀ ਕਤਰਾਉਣ ਲੱਗੇ।

ਕਲਕੱਤਾ ਦੇ ਸੈਂਟਰਲ ਕਾਲਜ ਵਿਚ ਪੜ੍ਹਦੇ ਸਮੇਂ ਉਹ ਸਵਾਮੀ ਵਿਵੇਕਾਨੰਦ ਦੇ ਪਾਸ ਜਾਣ ਲੱਗ ਪਏ ਸਨ। ਉਹਨਾਂ ਤੋਂ ਹੀ ਉਸ 'ਚ ਇਹ ਵਿਸ਼ਵਾਸ ਪੱਕਾ ਹੋਇਆ ਕਿ ਸਵਸਥ ਫੌਲਾਦੀ ਸਰੀਰ 'ਚ ਹੀ ਸਵਸਥ ਦਿਮਾਗ ਵੱਸਦਾ ਹੈ। ਸਵਾਮੀ ਵਿਵੇਕਾਨੰਦ ਜੀ ਨੇ ਉਸ ਨੂੰ ਅੰਬੂ ਗੁਹਾ ਦੇ ਦੇਸੀ ਜਿਮ 'ਚ ਭੇਜਿਆ ਤਾਂ ਕਿ ਉਹ ਕੁਸ਼ਤੀ ਦੇ ਦਾਅ-ਪੇਚ ਸਿੱਖ ਸਕੇ। ਸਵਾਮੀ ਵਿਵੇਕਾਨੰਦ ਜੀ ਦੇ ਸੰਪਰਕ ਵਿਚ ਆਉਣ ਨਾਲ ਹੀ ਉਹਨਾਂ ਦੇ ਮਨ ਵਿਚ ਇਹ ਇੱਛਾ ਪ੍ਰਗਟ ਹੋਈ ਕਿ ਬ੍ਰਹਮਚਾਰੀ ਰਹਿ ਕੇ ਹੀ ਦੇਸ਼ ਲਈ ਕੁਝ ਕੀਤਾ ਜਾ ਸਕਦਾ ਹੈ। ਇਸ ਤੋਂ ਬਾਅਦ ਉਹ 1899 ਵਿਚ ਵਕੀਲ ਪਿੰਗਲੇ ਦੇ ਸੈਕਟਰੀ ਬਣ ਕੇ ਮੁਜੱਫਰਪੁਰ ਪਹੁੰਚੇ, ਉਹ ਇਕ ਚੰਗੇ ਵਕੀਲ ਹੋਣ ਦੇ ਨਾਲ-ਨਾਲ ਇਕ ਚੰਗੇ ਇਤਿਹਾਸਕਾਰ ਵੀ ਸਨ। ਉਹਨਾਂ ਨਾਲ ਰਹਿ ਕੇ ਜਤਿਨ ਨੇ ਇਹ ਮਹਿਸੂਸ ਕੀਤਾ ਕਿ ਭਾਰਤ ਦੀ ਇਕ ਆਪਣੀ ਨੈਸ਼ਨਲ ਆਰਮੀ ਹੋਣੀ ਚਾਹੀਦੀ ਹੈ। ਸ਼ਾਇਦ ਭਾਰਤ ਦੀ ਆਪਣੀ ਨੈਸ਼ਨਲ ਆਰਮੀ ਬਣਾਉਣ ਦਾ ਵਿਚਾਰ ਪਹਿਲੀ ਵਾਰ ਜਤਿਨ ਦੇ ਮਨ 'ਚ ਹੀ ਆਇਆ ਸੀ। ਜਿਹੜਾ ਕਿ ਬਾਅਦ ਵਿਚ ਮੋਹਨ ਸਿੰਘ, ਰਾਸ ਬਿਹਾਰੀ ਬੋਸ ਤੇ ਸੁਭਾਸ਼ ਚੰਦਰ ਬੋਸ ਨੇ ਹੋਂਦ 'ਚ ਲਿਆਂਦੀ। ਹਾਲਾਂਕਿ ਉਹਨਾਂ ਦੇ ਵਕੀਲ ਪਿੰਗਲੇ ਦੇ ਕਾਫਲੇ 'ਤੇ ਬੰਬ ਸੁੱਟਣ ਦੇ ਬਦਲੇ 'ਚ 1908 ਨੂੰ ਖੁਦੀਰਾਮ ਬੋਸ ਨੂੰ ਫਾਂਸੀ ਹੋਈ ਸੀ, ਇਹ ਭਾਵੇਂ ਇਕ ਵੱਖਰੀ ਗੱਲ ਹੈ ਕਿ ਇਹ ਬੰਬ ਮੈਜਿਸਟ੍ਰੇਟ ਕਿੰਗਜ਼ਫੋਰਡ 'ਤੇ ਸੁੱਟਣਾ ਸੀ। ਇਹ ਵੀ ਇਕ ਦਿਲਚਸਪ ਗੱਲ ਹੈ ਕਿ ਜਿਸ ਕਾਲਜ 'ਚ ਜਤਿਨ ਨੇ ਪੜ੍ਹਾਈ ਕੀਤੀ ਅੱਜ ਉਸ ਕਲਕੱਤਾ ਸੈਂਟਰਲ ਕਾਲਜ ਦਾ ਨਾਂ ਖੁਦੀਰਾਮ ਬੋਸ ਕਾਲਜ ਹੈ।

ਇਸ ਤੋਂ ਬਾਅਦ ਘਰ ਵਾਲਿਆਂ ਨੇ ਜਤਿਨ 'ਤੇ ਦਬਾਅ ਪਾ ਕੇ ਉਸਦੀ ਸ਼ਾਦੀ ਕਰ ਦਿੱਤੀ। ਜਤਿਨ ਦੇ ਪਹਿਲੇ ਬੇਟੇ ਦੀ ਮੌਤ ਤੋਂ ਬਾਅਦ ਉਸ ਦੀ ਆਤਮਿਕ ਸ਼ਾਂਤੀ ਲਈ ਆਪਣੇ ਭਰਾ ਤੇ ਭੈਣ ਨਾਲ ਮਿਲ ਕੇ ਹਰਿਦੁਆਰ ਦੀ ਯਾਤਰਾ 'ਤੇ ਚਲੇ ਗਏ। ਵਾਪਸ ਆਉਣ 'ਤੇ ਪਤਾ ਲੱਗਾ ਕਿ ਉਹਨਾਂ ਦੇ ਪਿੰਡ ਵਿਚ ਇਕ ਤੇਂਦੂਏ ਨੇ ਦਹਿਸ਼ਤ ਫੈਲਾਅ ਰੱਖੀ ਹੈ ਤਾਂ ਉਹ ਜੰਗਲ ਵਿਚ ਉਸ ਤੇਂਦੂਏ ਦੀ ਭਾਲ 'ਚ ਨਿਕਲ ਪਿਆ, ਪਰ ਤੇਂਦੂਏ ਦੀ ਥਾਂ ਜੰਗਲ ਵਿਚ ਉਸ ਦਾ ਟਾਕਰਾ ਇਕ ਰਾਇਲ ਬੰਗਾਲੀ ਟਾਈਗਰ ਨਾਲ ਹੋ ਗਿਆ। ਇਹ ਟਾਈਗਰ ਬਹੁਤ ਖੂੰਖਾਰ ਸੀ, ਅਗਰ ਕੋਈ ਕਮਜ਼ੋਰ ਦਿਲ ਵਾਲਾ ਹੁੰਦਾ ਤਾਂ ਸ਼ਾਇਦ ਉਸ ਨੂੰ ਦੇਖ ਕੇ ਹੀ ਮਰ ਜਾਂਦਾ ਪਰ ਜਤਿਨ ਨੇ ਆਪਣੇ ਗੋਰਖਈ ਛੁਰੇ ਨਾਲ ਉਸ ਟਾਈਗਰ ਨੂੰ ਮਾਰ ਦਿੱਤਾ। ਇਸ ਬਦਲੇ ਬੰਗਾਲ ਸਰਕਾਰ ਨੇ ਉਸ ਨੂੰ ਇਕ ਸਮਾਰੋਹ 'ਚ ਸਨ-ਮਾਨਿਤ ਕੀਤਾ।

ਅੰਗਰੇਜ਼ੀ ਦੀਆਂ ਅਖ਼ਬਾਰਾਂ ਨੇ ਉਸ ਦੀ ਬਹੁਤ ਤਾਰੀਫ਼ ਕੀਤੀ। ਲੋਕੀ ਉਸ ਨੂੰ ਬਾਘਾ ਜਤਿਨ ਦੇ ਨਾਮ ਨਾਲ ਬੁਲਾਉਣ ਲੱਗ ਪਏ। ਸੰਨ 1900 'ਚ 'ਅਨੂਸ਼ੀਲਨ ਸੰਮਤੀ' ਦੀ ਸਥਾਪਨਾ ਹੋਈ, ਇਹ ਉਸ ਸਮੇਂ ਕ੍ਰਾਂਤੀਕਾਰੀਆਂ ਦਾ ਸਭ ਤੋਂ ਵੱਡਾ ਸੰਗਠਨ ਸੀ। ਬਾਘਾ ਜਤਿਨ ਨੇ ਇਸ ਸੰਗਠਨ ਦੀ ਸਥਾਪਤੀ ਲਈ ਆਪਣੀ ਅਹਿਮ ਭੂਮਿਕਾ ਨਿਭਾਈ। ਅਰਵਿੰਦੋ ਘੋਸ਼ ਜਾਨੀ ਮਹਾਂਰਿਸ਼ੀ ਅਰਵਿੰਦੋ ਨੂੰ ਮਿਲਣ ਤੋਂ ਬਾਅਦ ਇਸ ਕੰਮ 'ਚ ਬੜੀ ਤੇਜ਼ੀ ਲਿਆਂਦੀ ਗਈ। ਬੰਗਾਲ ਦੇ ਹਰ ਜ਼ਿਲ੍ਹੇ 'ਚ ਇਸ ਦੀ ਸ਼ਾਖਾ ਖੋਲ੍ਹੀ ਗਈ, ਇਸ ਤੋਂ ਬਾਅਦ ਬਿਹਾਰ ਤੇ ਉੜੀਸਾ 'ਚ ਵੀ ਇਸ ਸੰਗਠਨ ਦੀਆਂ ਸ਼ਾਖਾਵਾਂ ਖੋਲ੍ਹੀਆਂ ਗਈਆਂ।

ਇਸ ਸਮੇਂ ਦੌਰਾਨ ਹੀ 1905 'ਚ ਪ੍ਰਿੰਸ ਆਫ਼ ਵੇਲਸ ਦਾ ਕਲਕੱਤੇ ਦਾ ਦੌਰਾ ਹੋਇਆ, ਜਿਹੜਾ ਕਿ ਬ੍ਰਿਟੇਨ ਦਾ ਰਾਜ ਕੁਮਾਰ ਸੀ। ਅੰਗਰੇਜ਼ ਜੋ ਭਾਰਤੀਆਂ ਨਾਲ ਬਦਸਲੂਕੀ ਕਰਦੇ ਸਨ। ਇਹਨਾਂ ਬਦਤਮੀਜ਼ੀਆਂ ਕਾਰਨ ਜਤਿਨ ਨੂੰ ਅੰਗਰੇਜ਼ਾਂ ਨਾਲ ਬੜੀ ਖਾਰ ਸੀ। ਇਸ ਖਾਰ ਦਾ ਬਦਲਾ ਲੈਣ ਲਈ ਭਰੇ-ਪੀਤੇ ਜਤਿਨ ਨੇ ਰਾਜ ਕੁਮਾਰ ਦੇ ਸਾਹਮਣੇ ਹੀ ਬਦਲਾ ਲੈਣ ਲਈ ਆਪਣੇ ਮਨ 'ਚ ਹੀ ਇਰਾਦਾ ਕਰ ਲਿਆ। ਰਾਜ ਕੁਮਾਰ ਦੇ ਸਵਾਗਤੀ ਜਲੂਸ ਨਿਕਲ ਰਿਹਾ ਸੀ। ਇਕ ਗੱਡੀ ਦੀ ਛੱਤ 'ਤੇ ਕੁਝ ਅੰਗਰੇਜ਼ ਬੈਠੇ ਸਨ ਤੇ ਉਹਨਾਂ ਦੇ ਬੂਟ ਗੱਡੀ ਦੀ ਖਿੜਕੀਆਂ 'ਤੇ ਲਟਕ ਰਹੇ ਸਨ, ਜਿਹੜੇ ਕਿ ਔਰਤਾਂ ਦੇ ਬਿਲਕੁਲ ਮੂੰਹ ਦੇ ਉਪਰ ਸਨ। ਇਸ 'ਤੇ ਜਤਿਨ ਨੂੰ ਬਹੁਤ ਗੁੱਸਾ ਆਇਆ ਤੇ ਉਸ ਨੇ ਅੰਗਰੇਜ਼ਾਂ ਨੂੰ ਗੱਡੀਆਂ ਦੇ ਉਪਰੋਂ ਉਤਰਨ ਲਈ ਕਿਹਾ, ਪਰ ਉਹ ਨਹੀਂ ਉਤਰੇ ਤਾਂ ਬਾਘਾ ਜਤਿਨ ਗੱਡੀ 'ਤੇ ਚੜ੍ਹ ਗਿਆ ਤੇ ਇਕ-ਇਕ ਕਰਕੇ ਸਭ ਅੰਗਰੇਜ਼ਾਂ ਦੀ ਬੜੀ ਪਿਟਾਈ ਕੀਤੀ ਤੇ ਪਿਟਾਈ ਉਤਨੀ ਦੇਰ ਤੱਕ ਕਰਦਾ ਰਿਹਾ, ਜਿਤਨੀ ਦੇਰ ਤੱਕ ਸਾਰੇ ਨੀਚੇ ਨਹੀਂ ਡਿੱਗ ਪਏ।



ਕਿਉਂਕਿ ਇਹ ਘਟਨਾ ਰਾਜ ਕੁਮਾਰ ਦੇ ਸਾਹਮਣੇ ਹੋਈ ਸੀ ਤੇ ਅੰਗਰੇਜ਼ ਸੈਨਿਕਾਂ ਦਾ ਇਹ ਵਿਵਹਾਰ ਸਭ ਨੇ ਦੇਖਿਆ ਜਿਹੜਾ ਉਹ ਭਾਰਤੀਆਂ ਨਾਲ ਕਰਦੇ ਸਨ। ਭਾਰਤ ਵੱਲੋਂ ਸਚਿਨ ਮਾਰਲੇ ਨੂੰ ਇਸ ਤਰ੍ਹਾਂ ਦੀਆਂ ਕਈ ਸ਼ਿਕਾਇਤਾਂ ਪਹਿਲਾਂ ਵੀ ਮਿਲ ਚੁੱਕੀਆਂ ਸਨ। ਬਾਘਾ ਜਤਿਨ ਦੀ ਥਾਂ ਉਹਨਾਂ ਅੰਗਰੇਜ਼ਾਂ ਨੂੰ ਹੀ ਦੋਸ਼ੀ ਠਹਿਰਾਇਆ ਗਿਆ, ਪਰ ਇਸ ਘਟਨਾ ਨਾਲ ਤਿੰਨ ਵੱਡੇ ਕੰਮ ਹੋਏ। ਅੰਗਰੇਜ਼ਾਂ ਦੇ ਵਿਵਹਾਰ ਜੋ ਉਹ ਭਾਰਤੀਆਂ ਨਾਲ ਕਰਦੇ ਸਨ, ਬਾਰੇ ਉਹਨਾਂ ਦੇ ਸਾਸ਼ਕਾਂ ਨੂੰ ਤੇ ਇਸ ਦੇ ਨਾਲ ਸਾਰੀ ਦੁਨੀਆਂ ਨੂੰ ਪਤਾ ਲੱਗ ਗਿਆ। ਭਾਰਤੀਆਂ ਦੇ ਮਨਾਂ 'ਚੋਂ ਅੰਗਰੇਜ਼ਾਂ ਦਾ ਖ਼ੌਫ ਨਿਕਲ ਗਿਆ ਤੇ ਬਾਘਾ ਜਤਿਨ ਪ੍ਰਤੀ ਕ੍ਰਾਂਤੀਕਾਰੀਆਂ ਦੇ ਮਨਾਂ 'ਚ ਉਸ ਦਾ ਸਨਮਾਨ ਹੋਰ ਵੀ ਵੱਧ ਗਿਆ।

ਉਕਤ ਘਟਨਾ ਤੋਂ ਬਾਅਦ ਜਤਿਨ ਨੇ ਵਰਿੰਦਰ ਘੋਸ਼ ਨਾਲ ਮਿਲ ਕੇ ਦੇਵਘਰ 'ਚ ਇਕ ਬੰਬ ਫੈਕਟਰੀ ਸ਼ੁਰੂ ਕੀਤੀ। ਇਸ ਦੇ ਨਾਲ-ਨਾਲ ਜਤਿਨ ਸਵਾਮੀ ਵਿਵੇਕਾਨੰਦ ਦੇ ਪ੍ਰਭਾਵ ਨਾਲ ਗਰੀਬਾਂ ਲਈ, ਭਾਰਤੀ ਸੈਨਿਕਾਂ ਲਈ, ਮਹਾਂਮਾਰੀ ਜਾਂ ਕੁੰਭ ਵਰਗੇ ਵੱਡੇ ਮੇਲਿਆਂ 'ਚ ਮੈਡੀਕਲ ਕੈਂਪ ਚਲਾਉਣ ਵਰਗੇ ਅਨੇਕਾਂ ਸਮਾਜ ਸੇਵਾ ਦੇ ਕੰਮਾਂ 'ਚ ਵੀ ਲੱਗੇ ਰਹੇ। ਪ੍ਰੰਤੂ ਉਸ ਸਮੇਂ ਦੇ ਅੰਗਰੇਜ਼ ਲੇਖਕਾਂ ਦੇ ਅਨੁਸਾਰ ਇਹਨਾਂ ਸਮਾਜ ਸੇਵੀ ਕੰਮਾਂ ਦੇ ਜ਼ਰੀਏ ਉਹ ਨਵੇਂ ਕ੍ਰਾਂਤੀਕਾਰੀਆਂ ਦੀ ਭਰਤੀ ਕਰਨੀ ਤੇ ਅਲੱਗ-ਅਲੱਗ ਇਲਾਕਿਆਂ 'ਚ ਆਪਣੇ ਕ੍ਰਾਂਤੀਕਾਰੀ ਸੰਗਠਨਾਂ ਦੀ ਮੀਟਿੰਗ ਕਰਨ ਲਈ ਵੀ ਇਸ ਨੂੰ ਇਸਤੇਮਾਲ ਕਰਦੇ ਰਹੇ ਸਨ।

ਤਿੰਨ ਸਾਲ ਲਈ ਜਤਿਨ ਨੂੰ ਦਾਰਜੀਲਿੰਗ ਭੇਜਿਆ ਗਿਆ, ਉਥੇ ਉਹਨਾਂ ਨੇ 'ਅਨੁਸ਼ੀਲਨ ਸੰਮਤੀ' ਦੀ ਇਕ ਸ਼ਾਖਾ 'ਬਾਘਵ ਸੰਮਤੀ' ਸ਼ੁਰੂ ਕੀਤੀ। ਇੱਥੇ ਵੀ ਸਿਲੀਗੁੜੀ ਦੇ ਸਟੇਸ਼ਨ 'ਤੇ ਇਕ ਮਿਲਟਰੀ ਦੇ ਗਰੁੱਪ ਨਾਲ ਉਸ ਦੀ ਝੜੱਪ ਹੋ ਗਈ। ਕੈਪਟਨ ਮਰਫੀ ਦੀ ਅਗਵਾਈ 'ਚ ਅੰਗਰੇਜ਼ਾਂ ਨੇ ਜਤਿਨ ਨਾਲ ਬਦਸਲੂਕੀ ਕੀਤੀ, ਤੇ ਬਾਘਾ ਜਤਿਨ ਇਕੱਲੇ ਨੇ ਹੀ ਜੰਮ ਕੇ ਉਹਨਾਂ ਅੱਠਾਂ ਜਣਿਆਂ ਦੀ ਪਿਟਾਈ ਕੀਤੀ।

ਅੰਗਰੇਜ਼ੀ ਦੀਆਂ ਅਖ਼ਬਾਰਾਂ 'ਚ ਉਹਨਾਂ ਅੰਗਰੇਜ਼ ਫੌਜੀਆਂ ਦਾ ਮਜ਼ਾਕ ਉਡਾਇਆ ਗਿਆ ਕਿ ਅੱਠ ਅੰਗਰੇਜ਼ ਮਿਲਟਰੀ ਆਫ਼ੀਸਰਜ਼ ਨੂੰ ਇਕੱਲੇ ਭਾਰਤੀ ਨੇ ਰੱਜ ਕੇ ਕੁੱਟਿਆ। ਮੈਜਿਸਟ੍ਰੇਟ ਨੇ ਵੀ ਉਹਨਾਂ ਅਫਸਰਾਂ ਨੂੰ ਕਿਹਾ ਕਿ ਆਪਣਾ ਕੇਸ ਵਾਪਸ ਲੈ ਲਓ, ਜਤਿਨ ਨੇ ਅਫਸੋਸ ਪ੍ਰਗਟ ਕਰ ਦਿੱਤਾ ਪਰ ਨਾਲ ਇਹ ਵੀ ਕਹਿ ਦਿੱਤਾ ਕਿ ਅਗਰ ਤੁਸੀਂ ਮੇਰੇ ਦੇਸ਼ ਵਾਸੀਆਂ ਨਾਲ ਅਜਿਹਾ ਵਿਵਹਾਰ ਕਰੋਗੇ ਤਾਂ ਮੈਂ ਵੀ ਅਜਿਹਾ ਹੀ ਰਹਾਂਗਾ। ਬਾਅਦ 'ਚ ਜਤਿਨ ਤੋਂ ਜੱਜ ਨੇ ਪੁੱਛਿਆ ਕਿ ਤੁਸੀਂ ਇਕੋ ਸਾਥ 'ਚ ਕਿੰਨੇ ਲੋਕਾਂ ਦੀ ਪਿਟਾਈ ਕਰ ਸਕਦੇ ਹੋ? ਜਤਿਨ ਦਾ ਉਤਰ ਸੀ, ਇਮਾਨਦਾਰ ਹੋਵੇ ਤਾਂ ਇਕ ਵੀ ਨਹੀਂ, ਬੇਈਮਾਨਾਂ ਦੀ ਗਿਣਤੀ ਕੋਈ ਨਹੀਂ।

ਅਲੀਪੁਰ ਬੰਬ ਕੇਸ 'ਚ ਜ਼ਿਆਦਾਤਰ ਵੱਡੇ ਨੇਤਾ ਫਸ ਗਏ, ਇਸ ਤੋਂ ਬਾਅਦ ਸਾਰੀ ਜ਼ਿੰਮੇਵਾਰੀ ਜਤਿਨ ਦੇ ਸਿਰ 'ਤੇ ਆ ਗਈ। ਅਜਿਹੇ ਹਾਲਾਤ 'ਚ ਕ੍ਰਾਂਤੀਕਾਰੀ ਗਤੀਵਿਧੀਆਂ ਜਾਰੀ ਰੱਖਣ ਲਈ ਇਕ ਗੁਪਤ ਸੰਸਥਾ ਖੜ੍ਹੀ ਕੀਤੀ ਤੇ ਇਸ ਦੇ ਨਾਲ 'ਯੁਗਾਂਤਰ ਪਾਰਟੀ' ਦੀ ਅਗਵਾਈ ਵੀ ਸੰਭਾਲ ਲਈ। ਅਰਵਿੰਦ ਘੋਸ਼ ਦੀ ਇਸ ਸੰਸਥਾ ਨਾਲ ਉਸ ਸਮੇਂ ਦੇ ਬੰਗਾਲ ਦੇ ਸਭ ਵੱਡੇ ਕ੍ਰਾਂਤੀਕਾਰੀ ਜੁੜੇ ਹੋਏ ਸਨ। ਬਾਅਦ 'ਚ ਸਭ ਨੂੰ ਕਾਲੇ ਪਾਣੀ ਦੀ ਸਜ਼ਾ ਮਿਲੀ ਜਾਂ ਕਿਸੇ ਰਾਜਨੀਤਿਕ ਪਾਰਟੀ ਨਾਲ ਜੁੜ ਕੇ ਉਹ ਬਚ ਗਏ।

ਬਾਘਾ ਜਤਿਨ ਨੇ ਅਲੱਗ-ਅਲੱਗ ਨਾਵਾਂ ਨਾਲ ਕਈ ਸੰਸਥਾਵਾਂ ਸ਼ੁਰੂ ਕੀਤੀਆਂ, ਕੋਈ ਕਾਟਿਜ ਇੰਡਸਟਰੀ ਦੇ ਲਈ ਕੰਮ ਕਰ ਰਹੀ ਸੀ। ਕੋਈ ਅਨਪੜ੍ਹਾਂ ਲਈ ਰਾਤਰੀ ਸਕੂਲ ਚਲਾ ਰਹੀ ਸੀ, ਕੋਈ ਹੋਮਿਓਪੈਥੀ ਡਿਸਪੈਂਸਰੀਜ਼ ਖੋਲ੍ਹ ਰਹੀ ਸੀ, ਕੋਈ ਖੇਤੀਬਾੜੀ ਲਈ ਤਜਰਬੇ ਲਈ ਕੰਮ ਕਰ ਰਹੀ ਸੀ, ਇੱਥੋਂ ਤੱਕ ਕਿ ਸਰ ਡੇਨੀਅਲ ਦੀ ਮਦਦ ਨਾਲ ਜਤਿਨ ਨੇ ਕਈ ਵਿਦਿਆਰਥੀਆਂ ਨੂੰ ਵਿਦੇਸ਼ 'ਚ ਪੜ੍ਹਨ ਲਈ ਭੇਜਿਆ। ਉਹਨਾਂ 'ਚੋਂ ਕਈਆਂ ਨੂੰ ਉੱਤਰੀ ਅਮਰੀਕਾ ਭੇਜਿਆ ਗਿਆ, ਉਥੋਂ ਉਹਨਾਂ ਨੂੰ ਮਿਲਟਰੀ ਟਰੇਨਿੰਗ ਮਿਲੀ, ਹਿੰਦੂ ਤੇ ਸਿੱਖ ਪ੍ਰਵਾਸੀਆਂ ਨੇ ਉਹਨਾਂ ਦੀ ਮਦਦ ਕੀਤੀ ਤੇ ਬਾਅਦ 'ਚ ਇਹ ਲੋਕ 'ਗਦਰ ਪਾਰਟੀ' ਦੀ ਸਥਾਪਨਾ ਦਾ ਆਧਾਰ ਬਣੇ। ਉਹਨਾਂ ਵਿਚੋਂ ਹੇਮ ਦਾਸ ਤੇ ਪਾਂਡੂਰੰਗ ਐਮ. ਬਾਪਟ ਨੇ ਰੂਸੀ ਕ੍ਰਾਂਤੀਕਾਰੀ/ਅਰਾਜਕਤਾਵਾਦੀ ਨਿਕੋਲਸ ਸੇਫਰਾਂਸਨੀ ਤੋਂ ਬੰਬ ਬਣਾਉਣ ਦੀ ਟ੍ਰੇਨਿੰਗ ਵੀ ਲਈ।

ਇਹਨਾਂ ਦਿਨਾਂ 'ਚ ਫੋਰਟ ਵਿਲੀਅਮ (ਵਿਲੀਅਮ ਦਾ ਕਿਲਾ) ਇਸ ਕਿਲ੍ਹੇ 'ਚ ਜਾਟ ਰਜਿਮੈਂਟ ਤਾਇਨਾਤ ਸੀ ਤੇ ਬਾਘਾ ਜਤਿਨ 'ਤੇ ਇਹ ਦੋਸ਼ ਲਾਏ ਗਏ ਕਿ ਉਸ ਨੇ ਜਾਟ ਰਜਿਮੈਂਟ ਨੂੰ ਅੰਗਰੇਜ਼ਾਂ ਦੇ ਖ਼ਿਲਾਫ਼ ਭੜਕਾਇਆ ਹੈ ਤੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇਹ ਹੋਰ ਵੀ ਮਹੱਤਵਪੂਰਨ ਹੋ ਜਾਂਦਾ ਹੈ ਕਿ ਫੋਰਟ ਵਿਲੀਅਮ ਤੋਂ ਹੀ ਸਰਕਾਰ ਚਲਦੀ ਸੀ ਕਿਉਂਕਿ ਉਹਨਾਂ ਦਿਨਾਂ ਵਿਚ ਕਲਕੱਤਾ ਦੇਸ਼ ਦੀ ਰਾਜਧਾਨੀ ਸੀ। ਅੰਗਰੇਜ਼ ਸਰਕਾਰ ਬਾਘਾ ਜਤਿਨ, ਅਰਵਿੰਦੋ ਘੋਸ਼ ਤੇ ਰਾਸ ਬਿਹਾਰੀ ਬੋਸ ਵਰਗੇ ਕਈ ਬੰਗਾਲੀ ਕ੍ਰਾਂਤੀਕਾਰੀਆਂ ਤੋਂ ਬਹੁਤ ਤੰਗ ਆ ਗਈ ਸੀ। ਹੁਣ ਅੰਗਰੇਜ਼ਾਂ ਨੂੰ ਕਲਕੱਤਾ ਆਪਦੇ ਲਈ ਸੁਰੱਖਿਅਤ ਜਗ੍ਹਾ ਨਹੀਂ ਲੱਗ ਰਹੀ ਸੀ।

ਅੰਗਰੇਜ਼ਾਂ ਨੇ ਅਗਰ ਆਪਣੀ ਰਾਜਧਾਨੀ 1912 'ਚ ਕਲਕੱਤਾ ਤੋਂ ਬਦਲ ਕੇ ਦਿੱਲੀ ਬਣਾਈ ਸੀ ਤਾਂ ਇਸ ਦਾ ਵੱਡਾ ਕਾਰਨ ਇਹੋ ਕ੍ਰਾਂਤੀਕਾਰੀ ਸਨ, ਇਹਨਾਂ 'ਚੋਂ ਸ਼ਾਇਦ ਸਭ ਤੋਂ ਪ੍ਰਮੁੱਖ ਨਾਮ ਬਾਘਾ ਜਤਿਨ ਦਾ ਹੀ ਸੀ। ਅਨੇਕਾਂ ਸਮਾਜਿਕ ਕੰਮਾਂ ਤੇ ਕ੍ਰਾਂਤੀਕਾਰੀ ਗਤੀਵਿਧੀਆਂ ਨੂੰ ਮਾਇਆ ਪਹੁੰਚਾਉਣ ਦੀ ਖਾਤਰ ਬਾਘਾ ਜਤਿਨ ਨੇ ਇਕ ਨਵਾਂ ਤਰੀਕਾ ਲੱਭਿਆ, ਜਿਸ ਬਾਰੇ ਅੰਗਰੇਜ਼ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ 'ਬੈਂਕ ਰਾਵਰੀ ਆਨ ਆਟੋਮੋਬਾਈਜ਼ ਟੈਕਸੀ ਕੈਬਜ਼'।

ਹਥਿਆਰਾਂ ਦੀਆਂ ਕਈ ਖੇਪਾਂ ਬਾਘਾ ਜਤਿਨ ਦੀ ਅਗਵਾਈ 'ਚ ਲੁੱਟ ਲਈਆਂ ਗਈਆਂ ਲੇਕਿਨ ਬਾਘਾ ਜਤਿਨ ਦਾ ਨਾਮ ਸਾਹਮਣੇ ਨਹੀਂ ਆਇਆ ਸੀ। ਸੀਕਰਟ ਸੁਸਾਇਟੀ ਦੀ ਇਹਨਾਂ ਦਿਨਾਂ 'ਚ ਭਾਰਤੀਆਂ 'ਤੇ ਅਨਿਆਇ ਕਰਨ ਵਾਲੇ, ਸਰਕਾਰੀ ਅਧਿਕਾਰੀਆਂ, ਚਾਹੇ ਉਹ ਅੰਗਰੇਜ਼ ਹੋਵੇ ਜਾਂ ਭਾਰਤੀ ਨੂੰ ਮਾਰਨ ਦਾ ਅਪਰੇਸ਼ਨ ਵੀ ਸ਼ੁਰੂ ਕਰ ਦਿੱਤਾ, ਲੇਕਿਨ ਇਕ ਸਰਕਾਰੀ ਵਕੀਲ ਤੇ ਇਕ ਅੰਗਰੇਜ਼ ਡੀ. ਐਸ. ਪੀ. ਨੂੰ ਖਤਮ ਕਰ ਦਿੱਤਾ ਤਾਂ ਇਕ ਕ੍ਰਾਂਤੀਕਾਰੀ ਨੇ ਬਾਘਾ ਜਤਿਨ ਦਾ ਨਾਂ ਉਜਾਗਰ ਕਰ ਦਿੱਤਾ।

ਵਾਇਸਰਾਏ ਲਾਰਡ ਮਿੰਟੋ ਨੇ ਉਸ ਸਮੇਂ ਕਿਹਾ ਸੀ, A spirit hithorto unknown to India has come into existence, a spirit of anarchy and lawpessness which seeks to subvert not only brithsh rule but the governments of Indians chiefs

ਇਸੇ ਸਪਿਰਿਟ ਨੂੰ ਬਾਅਦ 'ਚ ਇਤਿਹਾਸਕਾਰਾਂ ਨੇ 'ਜਤਿਨ ਸਪਿਰਿਟ' ਦਾ ਨਾਮ ਦਿੱਤਾ। ਜਤਿਨ ਨੂੰ ਡੀ. ਐਸ. ਪੀ. ਦੇ ਕਤਲ ਕੇਸ 'ਚ ਦੋਸ਼ੀ ਹੋਣ ਕਰਕੇ ਗ੍ਰਿਫ਼ਤਾਰ ਕੀਤਾ ਗਿਆ। ਫਿਰ ਜਾਟ ਰਜਿਮੈਂਟ ਵਾਲੀ ਚਾਵੜਾ ਕਾਂਸੀਪੀਰੇਸੀ ਦੇ ਦੋਸ਼ਾਂ 'ਚ ਗ੍ਰਿਫ਼ਤਾਰ ਕੀਤਾ ਗਿਆ, ਰਾਜ ਦ੍ਰੋਹ ਦੋਸ਼ ਲਾਇਆ ਗਿਆ। ਜਿੰਨੇ ਦਿਨ ਜਤਿਨ 'ਤੇ ਟਰਾਇਲ ਚੱਲਿਆ ਉਤਨੇ ਦਿਨ ਜਤਿਨ ਨੇ ਆਪਣੇ ਸਾਥੀ ਕੈਦੀਆਂ ਦੇ ਸਹਿਯੋਗ ਨਾਲ ਆਪਣੇ ਸੰਪਰਕ ਇਕ ਨਵੀਂ ਯੋਜਨਾ 'ਚ ਲਗਾਏ। ਇਹ ਸ਼ਾਇਦ ਉਸ ਦੀ ਜ਼ਿੰਦਗੀ ਦਾ ਸਭ ਤੋਂ ਵੱਡਾ ਪਲਾਨ ਸੀ, ਦੇਸ਼ ਨੂੰ ਆਜ਼ਾਦ ਕਰਾਉਣ ਦਾ ਪਲਾਨ।



ਪ੍ਰੋ: ਐਚ.ਐਲ.ਕਪੂਰ

ਬਾਘਾ ਜਤਿਨ ਦੀ ਅਗਰ ਇਹ ਯੋਜਨਾ ਕਾਮਯਾਬ ਹੋ ਜਾਂਦੀ ਤਾਂ ਦੇਸ਼ 1915 'ਚ ਹੀ ਆਜ਼ਾਦ ਹੋ ਜਾਣਾ ਸੀ। ਇਤਿਹਾਸ 'ਚ ਇਸ ਨੂੰ 'ਜਰਮਨ ਪਲਾਟ' ਜਾਂ 'ਹਿੰਦੂ ਜਰਮਨ ਕਾਂਸਪੀਰੇਸੀ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਅਗਰ ਇਹ ਕਾਮਯਾਬ ਹੋ ਜਾਂਦਾ ਤਾਂ ਦੇਸ਼ ਨੂੰ ਨਾ ਸੁਭਾਸ਼ ਚੰਦਰ ਬੋਸ ਦੀ ਜ਼ਰੂਰਤ ਪੈਂਦੀ ਤੇ ਨਾ ਹੀ ਗਾਂਧੀ ਦੀ। ਦੂਜੇ ਪਾਸੇ ਜਤਿਨ ਦੀ ਕਈ ਸੀਕਰੇਟ ਸੰ-ਮਤੀਆਂ 'ਚ ਅੰਗਰੇਜ਼ ਸਰਕਾਰ ਕੋਈ ਸਬੰਧ ਸਾਬਤ ਨਾ ਕਰ ਸਕੀ ਤੇ ਜਤਿਨ ਨੂੰ ਛੱਡਣਾ ਪਿਆ, ਲੇਕਿਨ ਮਲੀਪੁਰ, ਹਾਵੜਾ, ਜਾਟ ਰਜਿਮੈਂਟ, ਡੀ. ਐਸ. ਪੀ. ਕਤਲ ਕੇਸ ਵਰਗੇ ਕਈ ਕੇਸਾਂ 'ਚ ਜਤਿਨ ਦਾ ਨਾਂ ਆਉਣ ਕਰਕੇ ਹੁਣ ਜਤਿਨ ਲਈ ਖੁੱਲ੍ਹ ਕੇ ਕੰਮ ਕਰਨਾ ਮੁਸ਼ਕਿਲ ਹੋ ਗਿਆ ਸੀ। ਉਸ ਨੇ ਆਪਣੀ ਸਰਕ-ਾਰੀ ਨੌਕਰੀ ਛੱਡ ਦਿੱਤੀ ਤੇ ਉਸ ਨੇ ਰੇਲਵੇ ਲਾਈਨ ਨਾਲ ਜੁੜਿਆ ਇਕ ਠੇਕਾ ਲੈ ਲਿਆ।

ਇਸ ਸਮੇਂ ਦੌਰਾਨ ਜਤਿਨ ਨੇ ਹਰਿਦੁਆਰ ਤੇ ਬ੍ਰਿੰਦਾਵਨ ਦੀ ਯਾਤਰਾ ਕੀਤੀ। ਕਈ ਸੰਨਿਆਸੀ ਜੋ ਕ੍ਰਾਂਤੀਕਾਰੀਆਂ ਨੂੰ ਆਪਣਾ ਸਮਰਥਨ ਦੇ ਰਹੇ ਸਨ, ਉਹਨਾਂ ਨਾਲ ਮੁਲਾਕਾਤ ਕੀਤੀ। ਕਲਕੱਤੇ 'ਚ ਉਹਨਾਂ ਦਿਨਾਂ 'ਚ ਜਰਮਨੀ ਦੇ ਰਾਜੇ ਨੇ ਯਾਤਰਾ ਕੀਤੀ, ਨਰੇਨ ਭੱਟਾਚਾਰੀਆ ਦੇ ਨਾਲ, ਜਤਿਨ ਉਹਨਾਂ ਨੂੰ ਮਿਲੇ ਤੇ ਵਾਅਦਾ ਲਿਆ ਕਿ ਹਥਿਆਰਾਂ ਦੀ ਵੱਡੀ ਖੇਪ ਕ੍ਰਾਂਤੀਕਾਰੀਆਂ ਲਈ ਜਰਮਨੀ ਸਪਲਾਈ ਕਰੇਗਾ, ਜਿਹਨਾਂ ਨਾਲ ਵਿਦਰੋਹ ਕੀਤਾ ਜਾਵੇਗਾ।

ਦੂਜੇ ਪਾਸੇ ਅੰਗਰੇਜ਼ਾਂ ਨੇ ਰਾਜਧਾਨੀ 1912 'ਚ ਬਦਲ ਹੀ ਲਈ। ਰਾਸ ਬਿਹਾਰੀ ਬੋਸ ਤੇ ਵਿਸ਼ਵਾਸ ਨੇ ਹਾਥੀ ਦੇ ਉੱਤੇ ਬੈਠ ਕੇ ਦਿੱਲੀ 'ਚ ਸਵਾਰ ਹੋਏ ਗਵਰਨਰ ਲਾਰਡ ਹਾਰਡਿੰਗ ਦੇ ਉੱਤੇ, ਚਾਂਦਨੀ ਚੌਂਕ 'ਚ ਬੰਬ ਸੁੱਟਿਆ ਗਿਆ ਤੇ ਜਤਿਨ ਲਈ ਉਸ ਸਾਲ ਬੜੀ ਮੁਸੀਬਤ ਆ ਗਈ, ਰਾਸ ਬਿਹਾਰੀ ਅੰਡਰ ਗਰਾਊਂਡ ਹੋ ਗਏ। ਸੰਨ 1913 'ਚ ਜਦੋਂ ਦਮੋਦਰ ਨਦੀ 'ਚ ਹੜ੍ਹ ਆਇਆ ਤਾਂ ਜਤਿਨ ਨੇ ਵੱਡੀ ਪੱਧਰ 'ਤੇ ਰਾਹਤ ਦੇ ਕੰਮ ਆਰੰਭ ਕਰ ਦਿੱਤਾ, ਰਾਸ ਬਿਹਾਰੀ ਵੀ ਉਹਨਾਂ ਦੀ ਮਦਦ ਲਈ ਆ ਗਏ। ਦੋਹਾਂ ਨੇ ਮਿਲ ਕੇ 1857 ਵਰਗਾ ਵਿਦਰੋਹ ਮੁੜ ਤੋਂ ਕਰਨ ਦੀ ਯੋਜਨਾ ਬਣਾਈ।

ਸੁਭਾਸ਼ ਚੰਦਰ ਬੋਸ ਤੋਂ ਪਹਿਲਾਂ ਰਾਸ ਬਿਹਾਰੀ ਨੇ ਜਤਿਨ 'ਚ ਹੀ ਅਸਲੀ ਨੇਤਾ ਦਾ ਅਹਿਸਾਸ ਕੀਤਾ ਸੀ। ਜਤਿਨ ਦਾ ਪ੍ਰਭਾਵ ਵੀ ਅੰਤਰ ਰਾਸ਼ਟਰੀ ਪੱਧਰ ਵਾਲਾ ਸੀ। ਜਤਿਨ ਦੁਨੀਆਂ ਭਰ 'ਚ ਫੈਲੇ ਕ੍ਰਾਂਤੀਕਾਰੀਆਂ ਦੇ ਸੰਪਰਕ 'ਚ ਸੀ। ਸਿਆਟਲ ਪੋਰਟਲ, ਵੈਨਕੂਵਰ, ਸਾਨਫਰਾਂਸਿਸਕੋ ਵਰਗੀਆਂ ਜਗ੍ਹਾ ਤੇ ਕ੍ਰਾਂਤੀਕਾਰੀ ਤਿਆਰ ਹੋ ਰਹੇ ਸਨ। ਲਾਲਾ ਹਰਦਿਆਲ, ਸ਼ਿਆਮਜੀ ਕ੍ਰਿਸ਼ਨ ਵਰਮਾ ਲੰਡਨ ਅਤੇ ਅਮਰੀਕਾ 'ਚ ਅੰਦੋਲਨ ਦੀ ਅੱਗ ਜਿੰਦਾ ਜਲਾਈ ਬੈਠੇ ਸਨ।

ਸੰਸਾਰ ਦਾ ਪਹਿਲਾ ਯੁੱਧ, ਜਿਸ ਲਈ ਗਾਂਧੀ ਜੀ ਅੰਗਰੇਜ਼ੀ ਸੈਨਾ ਲਈ ਭਰਤੀ ਮੁਹਿੰਮ ਚਲਾ ਰਹੇ ਸਨ, ਉਹਨਾਂ ਨੂੰ ਭਰਤੀ ਕਰਨ ਵਾਲਾ ਸਾਰਜੈਂਟ ਵੀ ਕਿਹਾ ਗਿਆ ਸੀ। ਇਸ ਵਿਸ਼ਵ ਯੁੱਧ ਨੂੰ ਕ੍ਰਾਂਤੀਕਾਰੀਆਂ ਨੇ ਆਪਣੇ ਲਈ ਸੁਨਹਿਰੀ ਮੌਕਾ ਮੰਨਿਆ। ਵਰਿੰਦਰ ਚਟੋਪਾਧਿਆ ਦੀ ਅਗਵਾਈ 'ਚ ਜਿਊਰਿਖ 'ਚ ਬਰਲਿਨ ਕਮੇਟੀ ਬਣਾਈ ਗਈ ਤਾਂ ਲਾਲਾ ਹਰਦਿਆਲ, ਸੋਹਣ ਸਿੰਘ ਭਕਨਾ ਦੀ ਗਦਰ ਪਾਰਟੀ ਨੇ ਅਮਰੀਕਾ ਤੇ ਕੈਨੇਡਾ ਦੇ ਸਿੰਘ ਕ੍ਰਾਤੀਕਾਰੀਆਂ ਨੂੰ ਇਕੱਤਰ ਕਰਕੇ ਗਦਰ ਪਾਰਟੀ ਸ਼ੁਰੂ ਕੀਤੀ ਤੇ ਭਾਰਤ 'ਚ ਇਸ ਦੀ ਜ਼ਿੰਮੇਵਾਰੀ ਜੁਗਾਂਤਰ ਪਾਰਟੀ ਦੇ ਨੇਤਾ ਬਾਘਾ ਜਤਿਨ ਦੀ ਲਾਈ। ਇਸ ਸਮੇਂ ਤਿਆਰ ਹੋਇਆ ਜਰਮਨ ਪਲਾਂਟ, ਜਰਮਨੀ ਤੋਂ ਹਥਿਆਰ ਆਉਣੇ ਸੀ ਤੇ ਉਸ ਲਈ ਪੈਸਿਆਂ ਦਾ ਪ੍ਰਬੰਧ ਕਈ ਬੈਂਕ ਡਾਕੇ ਮਾਰ ਕੇ ਕੀਤਾ ਗਿਆ। ਬੰਗਾਲ, ਉਤਰ ਪ੍ਰਦੇਸ਼, ਪੰਜਾਬ, ਸਿੰਗਾਪੁਰ ਵਰਗੇ ਕਈ ਟਿਕਾਣਿਆਂ ਨੂੰ 1857 ਵਰਗੇ ਵਿਦਰੋਹ ਦੀ ਯੋਜਨਾ ਬਣਾਈ ਗਈ। ਫਰਵਰੀ 1915 ਦੀਆਂ ਅਲੱਗ-ਅਲੱਗ ਤਾਰੀਕਾਂ ਨਿਸਚਿਤ ਕੀਤੀਆਂ ਗਈਆਂ, ਪੰਜਾਬ 'ਚ 21 ਫਰਵਰੀ ਨੂੰ 23ਵੀਂ ਕੈਬਲਰੀ ਦੇ ਸੈਨਿਕਾਂ ਨੇ ਆਪਣੇ ਅਫਸਰਾਂ ਨੂੰ ਮਾਰ ਦਿੱਤਾ। ਪਰ ਇਸ ਰਜਿਮੈਂਟ ਦੇ ਇਕ ਵਿਦਰੋਹੀ ਸੈਨਿਕ ਭਾਈ ਕਿਰਪਾਲ ਸਿੰਘ ਨੇ ਗੱਦਾਰੀ ਕਰ ਦਿੱਤੀ ਤੇ ਵਿਦਰੋਹ ਦੀ ਸਾਰੀ ਯੋਜਨਾ ਸਰਕਾਰ ਨੂੰ ਦੱਸ ਦਿੱਤੀ। ਸਾਰੀ ਯੋਜਨਾ ਤੇ ਕੀਤੀ ਗਈ ਮਿਹਨਤ ਮਿੱਟੀ 'ਚ ਮਿਲ ਗਈ।

ਅਗਲੇ ਦਿਨ ਪੰਜਾਬ ਮੇਲ ਨੂੰ ਹਾਵੜਾ 'ਚ ਲੁੱਟਣ ਦੀ ਯੋਜਨਾ ਸੀ, ਪ੍ਰੰਤੂ ਪੰਜਾਬ ਨੂੰ ਜਾਮ ਕਰ ਦਿੱਤਾ ਗਿਆ। ਗੱਡੀ ਕੈਂਸਲ ਕਰ ਦਿੱਤੀ ਗਈ। ਆਗਰਾ, ਲਾਹੌਰ, ਫਿਰੋਜ਼ਪੁਰ, ਰੰਗੂਨ ਆਦਿ ਸ਼ਹਿਰਾਂ 'ਚ ਯੋਜਨਾ ਦਾ ਭੇਦ ਖੁੱਲ੍ਹ ਗਿਆ ਤੇ ਵਿਦਰੋਹ ਨੂੰ ਦਬਾਅ ਦਿੱਤਾ ਗਿਆ। ਰਾਸ ਬਿਹਾਰੀ ਬੋਸ ਨੇ ਦੋ ਦਿਨ ਪਹਿਲਾਂ ਯਾਨਿ 19 ਫਰਵਰੀ ਨੂੰ ਹੀ ਵਿਦਰੋਹ ਕਰਾਉਣ ਦੀ ਕੋਸ਼ਿਸ਼ ਕੀਤੀ ਪਰ ਉਨੀ ਕਾਮਯਾਬੀ ਨਹੀਂ ਮਿਲੀ। ਮੇਰਠ ਤੇ ਬਨਾਰਸ 'ਚ ਵਿਦਰੋਹੀ ਨੇਤਾ ਗ੍ਰਿਫ਼ਤਾਰ ਕਰ ਲਏ ਗਏ। ਸਿਰਫ਼

(ਬਾਕੀ ਅਗਲੇ ਸਫੇ 'ਤੇ)



## ਗੁਰਪੁਰਬ, ਜੋਤੀ ਜੋਤ ਦਿਵਸ 'ਤੇ ਵਿਸ਼ੇਸ਼

# ਗੁਰੂ ਅਮਰਦਾਸ ਜੀ

ਗੁਰੂ ਨਾਨਕ ਦੇਵ ਜੀ ਦੇ ਧਰਮ ਸੰਕਲਪ ਨੂੰ ਪ੍ਰਚਾਰਨ ਤੇ ਪ੍ਰਫੁੱਲਿਤ ਕਰਨ ਦੇ ਆਸ਼ੇ ਵਿਚ ਸਿੰਘ ਗੁਰੂਆਂ ਵੱਲੋਂ ਸਮੇਂ-ਸਮੇਂ ਤੇ ਸਮਾਜਿਕ ਬੁਰਾਈਆਂ ਨੂੰ ਦੂਰ ਕਰਕੇ ਅਧਿਆਤਮਕਤਾ ਦਾ ਰਾਹ ਦਰਸਾਇਆ ਗਿਆ। ਗੁਰੂ ਅੰਗਦ ਦੇਵ ਜੀ ਨੇ ਨਵੇਂ ਉਭਰੇ ਇਸ ਸਮਾਜ ਸੁਧਾਰਕ ਧਰਮ ਨੂੰ ਬੜੀ ਦ੍ਰਿੜ੍ਹਤਾ ਨਾਲ ਚਲਾਈ ਰੱਖਿਆ। ਇਸ ਨਿਰੰਤਰ ਸੁਧਾਰ ਵਿਚ ਗੁਰੂਆਂ ਨੇ ਮੁਕਤੀ ਦੇ ਵਿਚਾਰ ਨੂੰ ਨਵਾਂ ਅਰਥ ਦਿੱਤਾ। ਮੁਕਤੀ ਨੂੰ ਮਨੁੱਖਤਾ ਦੀ ਸੇਵਾ ਨਾਲ ਜੋੜ ਦਿੱਤਾ। ਇਸ ਆਸ਼ੇ ਨੂੰ ਅੱਗੇ ਵਧਾਉਣ ਲਈ ਤੀਸਰੇ ਗੁਰੂ ਅਮਰਦਾਸ ਜੀ ਦਾ ਆਗਮਨ ਪਿੰਡ ਬਾਸਰਕੇ ਗਿੱਲਾਂ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਵਿਸਾਖ ਸੁਦੀ 14 ਜਾਂ ਜੇਠ ਸੰਮਤ 1536 ਅਰਥਾਤ ਮਈ 1479 ਨੂੰ ਪਿਤਾ ਤੇਜਭਾਨ ਭੱਲਾ ਅਤੇ ਮਾਤਾ ਬਖ਼ਤ ਕੌਰ ਦੇ ਘਰ ਹੋਇਆ। ਗੁਰੂ ਜੀ ਦਾ ਵਿਆਹ ਮਾਤਾ ਮਨਸੀ ਦੇਵੀ ਨਾਲ ਹੋਇਆ। ਆਪ ਦੇ ਦੋ ਪੁੱਤਰ, ਦੋ ਧੀਆਂ ਸਨ। ਧਾਰਮਿਕ ਰੁਚੀ ਵਿਚ ਆਪ ਹਰ ਸਾਲ ਗੰਗਾ ਹਰਿਦੁਆਰ ਤੀਰਥ ਯਾਤਰਾ ਤੇ ਜਾਇਆ ਕਰਦੇ ਸਨ।

ਇਕ ਦਿਨ ਗੁਰੂ ਅਮਰਦਾਸ ਜੀ ਨੇ ਬੀਬੀ ਅਮਰੋ ਦੇ ਮੁਖ ਤੋਂ ਬਾਣੀ ਦੇ ਕੁਝ ਸ਼ਬਦ ਸਰਵਣ ਕੀਤੇ ਕਿ ਮਨ ਵਿਚ ਡੂੰਘਾ ਅਸਰ ਪਿਆ। ਗੁਰ ਦਰਸ਼ਨਾਂ ਦੀ ਤਾਂਘ ਉਹਨਾਂ ਨੂੰ ਖਡੂਰ ਸਾਹਿਬ ਖਿੱਚ ਲਿਆਈ। ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਕਰਕੇ ਉਹਨਾਂ ਜਾਣ ਲਿਆ ਕਿ ਮੈਨੂੰ ਆਪਣਾ ਅਧਿਆਤਮਕ ਰਾਹ ਦਸੇਰਾ ਗੁਰੂ ਮਿਲ ਗਿਆ ਹੈ। ਉਹਨਾਂ ਨੇ ਗੁਰੂ ਅੰਗਦ ਦੇਵ ਜੀ ਨੂੰ ਆਪਣਾ ਗੁਰੂ ਧਾਰ ਲਿਆ। ਉਹ ਗੁਰੂ ਦੀ ਸੇਵਾ ਵਿਚ ਪੱਕੇ ਤੌਰ 'ਤੇ ਰਹਿਣ ਲੱਗੇ। ਉਹਨਾਂ ਨੇ ਲੱਗਭੱਗ 12 ਸਾਲ ਗੁਰੂ ਦੀ ਸੇਵਾ ਤਨ ਮਨ ਲਾ ਕੇ ਕੀਤੀ। ਉਹ ਹਰ ਰੋਜ਼ ਪ੍ਰਭਾਤ ਵੇਲੇ ਬਿਆਸ ਨਦੀ ਤੋਂ ਗੁਰੂ ਸਾਹਿਬ ਦੇ ਇਸ਼ਨਾਨ ਲਈ ਪਾਣੀ ਲਿਆਇਆ ਕਰਦੇ ਸਨ। ਗੁਰੂ ਦੇ ਲੰਗਰ 'ਚ ਲੱਕੜੀ ਅਤੇ ਪਾਣੀ ਦੀ ਸੇਵਾ ਵੀ ਕਰਦੇ। ਕਈ ਲੋਕ ਸੇਵਾ ਵਿਚ ਲੱਗਿਆਂ ਦਾ ਮਖੌਲ ਵੀ ਉਡਾਉਂਦੇ ਸਨ। ਪਰ ਉਹ ਹਮੇਸ਼ਾ ਗੁਰੂ ਦੇ ਸਤਿਕਾਰ ਵਿਚ ਰਹੇ। ਗੁਰੂ ਪ੍ਰਤੀ ਉਹਨਾਂ ਦੀ ਸ਼ਰਧਾ ਭਾਵਨਾ ਤੋਂ ਪ੍ਰਭਾਵਿਤ ਹੋ ਕੇ ਗੁਰੂ ਅੰਗਦ ਦੇਵ ਜੀ ਨੇ ਕਿਹਾ ਕਿ ਤੁਸੀਂ ਧੰਨ ਹੋ, ਨਿਥਾਵਿਆਂ ਦੀ ਥਾਂ ਹੋ, ਨਿਆਸਰਿਆਂ ਦਾ ਆਸਰਾ ਹੋ ਆਦਿ ਨਾਵਾਂ ਨਾਲ ਸਨਮਾਨਿਤ ਕੀਤਾ। ਉਹਨਾਂ ਨੂੰ ਆਪਣਾ ਉਤਰਾਧਿਕਾਰੀ ਮਾਰਚ 1552 ਵਿਚ ਥਾਪ ਕੇ ਗੁਰਗੱਦੀ ਸੌਂਪ ਦਿੱਤੀ। ਜਦੋਂ ਆਪ ਜੀ ਦੀ ਉਮਰ ਸੱਤ ਦਹਾਕੇ ਪਾਰ ਕਰ ਚੁੱਕੀ ਸੀ। ਗੁਰੂ ਅੰਗਦ ਦੇਵ ਜੀ ਦੇ ਆਦੇਸ਼ ਅਨੁਸਾਰ, ਉਹਨਾਂ ਨੇ ਆਪਣਾ ਟਿਕਾਣਾ ਗੋਇੰਦਵਾਲ ਸਾਹਿਬ ਬਣਾ ਲਿਆ।

ਆਪਣੇ 22 ਸਾਲ ਦੇ ਗੁਰੂ ਕਾਲ ਵਿਚ ਅਧਿਆਤਮਕ ਉਪਦੇਸ਼ ਦੇ ਨਾਲ-ਨਾਲ ਸਮਾਜ ਸੁਧਾਰ ਦੇ ਕੰਮ ਵੀ ਕੀਤੇ। ਪਹਿਲੇ ਗੁਰੂਆਂ ਵਾਂਗ ਉਹਨਾਂ ਨੇ ਉਦਾਸੀ ਸਾਧੂਆਂ ਤੋਂ ਮੂੰਹ ਮੋੜ ਲਿਆ। ਸਿੰਘ ਗੁਰੂ ਸੰਸਾਰ ਨੂੰ ਸੱਚਾ ਤੇ ਅਰਥ ਭਰਪੂਰ ਮੰਨਦੇ ਸਨ। ਜਦਕਿ ਲੋਕ ਝੂਠੇ ਰੀਤੀ-ਰਿਵਾਜ਼ਾਂ ਅਤੇ ਕਰਮਕਾਂਡਾਂ ਵਿਚ ਫਸੇ ਸਨ। ਗੁਰੂ ਜੀ ਨੇ ਮਨੁੱਖਤਾ ਵਿਚੋਂ ਹਰ ਪ੍ਰਕਾਰ ਦੀ ਧਰਮ ਵੰਡ, ਵਰਣ ਵੰਡ, ਜਾਤ-ਪਾਤ, ਊਚ-ਨੀਚ ਨੂੰ ਖਤਮ ਕਰਦਿਆਂ ਸੰਗਤ ਨੂੰ ਸੰਸਥਾਈ ਰੂਪ ਦਿੱਤਾ। ਉਹਨਾਂ ਉਪਦੇਸ਼ ਦਿੱਤਾ ਕਿ ਉੱਚੀ ਜਾਤ, ਉਚੇ ਕੰਮਾਂ ਕਰਕੇ ਜਾਣੀ ਜਾਂਦੀ ਹੈ। ਜਾਤ-ਪਾਤ ਦੇ ਭੇਦਭਾਵ ਨੂੰ ਮਿਟਾਉਣ ਲਈ ਗੁਰੂ ਨਾਨਕ ਦੇਵ ਜੀ ਨੇ ਲੰਗਰ ਪ੍ਰਥਾ ਸ਼ੁਰੂ ਕੀਤੀ। ਲੰਗਰ ਵਿਚ ਸਾਰੀਆਂ ਜਾਤਾਂ ਦੇ ਲੋਕ ਇਕੱਠੇ ਹੋ ਕੇ ਪੰਗਤ ਵਿਚ ਬੈਠ ਕੇ ਸਾਂਝਾ ਲੰਗਰ ਛਕਦੇ। ਗੁਰੂ ਅਮਰਦਾਸ ਜੀ ਨੇ ਪੰਗਤ ਵਿਚ ਬੈਠ ਕ ਲੰਗਰ ਛਕਣਾ ਲਾਜ਼ਮੀ ਕਰ ਦਿੱਤਾ। ਇੱਥੋਂ ਤੱਕ ਕਿ ਮੁਗਲ ਬਾਦਸ਼ਾਹ ਅਕਬਰ ਨੇ ਵੀ ਪੰਗਤ ਵਿਚ ਬੈਠ ਕੇ ਲੰਗਰ ਛਕਿਆ ਤੇ ਗੁਰੂ ਜੀ ਦੇ ਦਰਸ਼ਨ ਕੀਤੇ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਬਾਦਸ਼ਾਹ ਗੁਰੂ ਜੀ ਦੇ ਅਜਿਹੇ ਪ੍ਰਬੰਧ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਇਆ ਕਿ ਉਸਦੇ ਗੁਰੂ ਜੀ ਨਾਲ ਚੰਗੇ ਸਬੰਧ ਬਣ ਗਏ। ਗੁਰੂ ਜੀ ਨੇ ਗੈਰ ਮੁਸਲਿਮਾਂ ਨੂੰ ਤੀਰਥ ਅਸਥਾਨ ਦੇ ਮਹਿਸੂਲ ਤੋਂ ਮੁਕਤ ਕਰਵਾ ਲਿਆ। ਉਹਨਾਂ ਨੇ ਜਾਤ-ਪਾਤ ਦੇ ਬੰਧਨਾਂ ਤੋਂ ਮੁਕਤ ਵਿਆਹ ਕਰਨ 'ਤੇ ਜ਼ੋਰ ਦਿੱਤਾ।

ਗੁਰੂ ਅਮਰਦਾਸ ਜੀ ਨੇ ਬੜੇ ਸਾਰਥਕ ਅਤੇ ਯੋਜਨਾਬੱਧ ਤਰੀਕੇ ਨਾਲ ਸਿੰਘ ਧਰਮ ਪ੍ਰਚਾਰਿਆ, ਉਹਨਾਂ ਨੇ ਆਪਣੇ ਪ੍ਰਚਾਰਕ ਦੌਰੇ ਕੀਤੇ। ਦੂਰ-ਦੂਰ ਤੱਕ ਦੇ ਖੇਤਰਾਂ ਵਿਚ ਪ੍ਰਚਾਰਕ ਭੇਜੇ। ਉਹਨਾਂ ਨੇ 22 ਪ੍ਰਚਾਰ ਕੇਂਦਰ ਸਥਾਪਤ ਕੀਤੇ। ਹਰ ਕੇਂਦਰ ਤੇ ਸਥਾਨਕ, ਉੱਚੇ ਰੁਤਬੇ ਵਾਲੇ ਅਧਿਆਤਮਕ ਪ੍ਰਚਾਰਕਾਂ ਨੂੰ ਮੁਖੀ ਬਣਾਇਆ। ਜੋ ਸਮਾਜ ਦੀਆਂ ਧਾਰਮਿਕ ਅਤੇ ਸਮਾਜਿਕ ਲੋੜਾਂ ਨੂੰ ਪੂਰਾ ਕਰਦੇ ਸਨ। ਉਹ ਗੁਰੂ ਅਤੇ ਸੰਗਤ ਨੂੰ ਜੋੜਨ ਲਈ ਪੁਲ ਦਾ ਕੰਮ ਕਰਦੇ ਸਨ। ਸੰਗਤਾਂ ਨੂੰ ਗੁਰੂ ਦਾ ਹੁਕਮ ਸੁਣਾਉਂਦੇ। ਗੁਰੂ ਜੀ ਤੱਕ ਚੜ੍ਹਾਵਾ ਪਹੁੰਚਾਉਂਦੇ ਸਨ ਜੋ ਸਮਾਜ ਭਲਾਈ ਲਈ ਅਤੇ ਧਾਰਮਿਕ ਕਾਰਜਾਂ ਲਈ ਵਰਤਿਆ ਜਾਂਦਾ। ਗੁਰੂ ਜੀ ਨੇ ਇਕ ਅਲਿਆਰ ਨਾਂ ਦੇ ਮੁਸਲਮਾਨ ਨੂੰ ਵੀ ਪ੍ਰਚਾਰਕ ਥਾਪਿਆ। ਭਾਈ ਗੁਰਦਾਸ ਜੀ ਜੋ ਧਾਰਮਿਕ ਸ਼ਾਸਤਰੀ ਮੰਨੇ ਜਾਂਦੇ ਸਨ, ਨੂੰ ਆਗਰਾ ਵਿਖੇ ਪ੍ਰਚਾਰਕ ਥਾਪਿਆ।

ਸਮਾਜਿਕ ਬੁਰਾਈਆਂ ਨੂੰ ਦੂਰ ਕਰਦੇ ਹੋਏ ਉਹਨਾਂ ਨੇ ਸਤੀ ਦੀ ਰਸਮ ਤੋਂ ਵਰਜਿਆ। ਉਹਨਾਂ ਕਿਹਾ ਕਿ ਸਤੀ ਉਹ ਨਹੀਂ ਜੋ ਪਤੀ ਦੀ ਮੌਤ ਤੋਂ ਬਾਅਦ ਪ੍ਰਾਣ ਤਿਆਗ ਦੇਵੇ, ਸਗੋਂ ਪਤੀ ਤੋਂ ਬਾਅਦ ਆਪਣਾ ਚਾਲ-ਚਲਣ ਉੱਚਾ ਰੱਖਣ ਅਤੇ ਨਾਮ ਜਪਣ ਤਕ ਹੀ ਸਤੀ ਕਹਾਉਣਗੀਆਂ। ਇਸ ਤਰ੍ਹਾਂ ਇਸਤਰੀ ਨੂੰ ਇਸ ਬੰਧਨ ਤੋਂ ਮੁਕਤ ਕਰਕੇ ਮਾਣ ਦਿੱਤਾ। ਉਹਨਾਂ ਨੇ ਮੁੜ ਵਿਆਹ ਦੀ ਪ੍ਰਥਾ ਦਾ ਉਪਦੇਸ਼ ਦਿੱਤਾ। ਉਹਨਾਂ ਨੇ ਇਸਤਰੀਆਂ ਨੂੰ ਮੂੰਹ ਢਕ ਕੇ ਘੁੰਡ ਵਿਚ ਰਹਿਣ ਦੇ ਰਿਵਾਜ ਨੂੰ ਖਤਮ ਕਰਕੇ ਇਸਤਰੀਆਂ ਨੂੰ ਪ੍ਰਬੰਧ ਸੇਵਾ ਵਿਚ ਲਾਇਆ, ਜਿਵੇਂ ਲੰਗਰਾਂ ਦੀ ਸੇਵਾ ਅਤੇ ਪ੍ਰਚਾਰ ਸੇਵਾ। ਉਹਨਾਂ ਨੇ ਇਸਤਰੀਆਂ ਨੂੰ ਵੀ ਪ੍ਰਚਾਰਕ ਨਿਯੁਕਤ ਕੀਤਾ। ਇਸ ਤਰ੍ਹਾਂ ਪਰਦੇ ਦੀ ਰਸਮ ਦੀ ਬੁਰਾਈ ਨੂੰ ਦੂਰ ਕੀਤਾ।

ਗੁਰੂ ਜੀ ਨੇ ਗੋਇੰਦਵਾਲ ਵਿਖੇ ਬਾਉਲੀ ਸਾਹਿਬ ਦਾ ਨਿਰਮਾਣ ਕੀਤਾ। ਜੋ ਸਿੰਘ ਧਰਮ ਦਾ ਇਕ ਵੱਡਾ ਧਰਮ ਅਸਥਾਨ ਜਾਣਿਆ ਜਾਣ ਲੱਗਾ। ਉਹਨਾਂ ਨੇ ਜਨਮ ਮਰਨ ਦੇ ਸਮੇਂ ਦੀਆਂ ਫਾਲਤੂ ਰਹੁ-ਰੀਤਾਂ ਨੂੰ ਖਤਮ ਕਰਕੇ ਰੱਬ ਦੇ ਭਾਣੇ ਵਿਚ ਰਹਿਣ ਦੀ ਮਰਿਆਦਾ ਚਲਾਈ। ਗੁਰੂ ਜੀ ਨੇ ਮਨੁੱਖਤਾ ਨੂੰ ਹਉਮੈ ਤਿਆਗ ਕੇ ਬੇਗਰਜ਼ ਸੇਵਾ 'ਤੇ ਜ਼ੋਰ ਦਿੱਤਾ। ਗੁਰੂ ਨਾਨਕ ਦੇਵ ਜੀ ਨੇ ਜੋ ਸਮਾਜ ਸੁਧਾਰ ਦੀ ਲਹਿਰ ਚਲਾਈ ਸੀ, ਇਸਦੀ ਵਿਚਾਰਧਾਰਾ ਤੇ ਨਿਸ਼ਾਨੇ ਨਿਸਚਿਤ ਕੀਤੇ। ਅੱਗੇ ਨਿਰੰਤਰ ਗੁਰੂਆਂ ਨੇ ਇਸ ਨੂੰ ਜਥੇਬੰਦ ਕੀਤਾ, ਵਧਾਇਆ, ਪ੍ਰਚਾਰਿਆ ਤੇ ਥਿੜਕਣ ਤੋਂ ਬਚਾਇਆ। ਉਹਨਾਂ ਹਦਾਇਤਾਂ 'ਤੇ ਚਲਦੇ ਹੋਏ ਗੁਰੂ ਜੀ ਨੇ ਸਮਾਜ ਨੂੰ ਗੁਰੂ ਸ਼ਬਦ ਬਾਣੀ ਨਾਲ ਜੁੜਨ ਦਾ ਉਪਦੇਸ਼ ਦਿੱਤਾ। ਗੁਰੂਆਂ ਵੱਲੋਂ ਇਕੱਤਰ ਕੀਤੀ ਜਾ ਰਹੀ ਬਾਣੀ ਦੇ ਸੰਗ੍ਰਹਿ ਵਿਚ ਹੋਰ ਵਾਧਾ ਕਰਦੇ ਹੋਏ ਆਪਣਾ ਯੋਗਦਾਨ ਵੀ ਪਾਇਆ। ਜਿਸਦੇ ਤਹਿਤ 907 ਸ਼ਬਦ 19 ਰਾਗਾਂ ਵਿਚ ਦਰਜ ਕੀਤੇ। ਗੁਰੂ ਅਮਰਦਾਸ ਜੀ ਨੇ ਸਤੰਬਰ 1574 ਨੂੰ ਗੁਰੂ ਰਾਮਦਾਸ ਜੀ ਨੂੰ ਗੁਰਗੱਦੀ ਸੌਂਪੀ ਅਤੇ 95 ਸਾਲ ਦੀ ਉਮਰ ਵਿਚ ਜੋਤੀ ਜੋਤ ਸਮਾ ਗਏ।

# ਸੂਬਾ ਪੱਧਰੀ ਅਧਿਆਪਕ ਦਿਵਸ ਤੇ ਸਿੱਖਿਆ ਮੰਤਰੀ ਵਲੋਂ ਪੁਰੇਵਾਲ ਸਨਮਾਨਿਤ

ਸਿੱਖਿਆ ਵਿਭਾਗ ਪੰਜਾਬ ਵਲੋਂ ਅਧਿਆਪਕ ਦਿਵਸ ਸਾਲ 2019 ਦੇ ਸੰਬੰਧ ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ ਮੁਹਾਲੀ ਦੇ ਆਡੀਟੋਰੀਅਮ ਵਿੱਚ ਸਟੇਟ ਪੱਧਰ ਦੇ ਪ੍ਰੋਗ੍ਰਾਮ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਸਿੱਖਿਆ ਮੰਤਰੀ ਪੰਜਾਬ ਸ੍ਰੀ ਵਿਜੈ ਇੰਦਰ ਸਿੰਗਲਾ ਬਤੌਰ ਮੁੱਖ ਮਹਿਮਾਨ ਸ਼ਾਮਿਲ ਹੋਏ । ਇਸ ਪ੍ਰੋਗ੍ਰਾਮ ਵਿੱਚ ਉਨਾਂ 55 ਅਧਿਆਪਕਾਂ ਨੂੰ ਸਟੇਟ ਅਧਿਆਪਕ ਪੁਰਸਕਾਰ ਭੇਂਟ ਕੀਤਾ ਗਿਆ ਜਿਨਾਂ ਦੀਆ ਸਿੱਖਿਆ ਦੇ ਖੇਤਰ ਵਿੱਚ ਅਹਿਮ ਪ੍ਰਾਪਤੀਆਂ ਸਨ । ਇਸ ਤੋਂ ਇਲਾਵਾ ਸਿੱਖਿਆ ਮੰਤਰੀ ਸ੍ਰੀ ਸਿੰਗਲਾ ਨੇ 17 ਹੋਰ ਅਧਿਆਪਕਾਂ ਨੂੰ ਵੀ ਉਨਾਂ ਦੀਆਂ ਸਿੱਖਿਆ ਵਿਭਾਗ ਵਿੱਚ ਚੰਗੀ ਅਤੇ ਵਿਲੱਖਣ ਕਰਗੁਜਾਰੀ ਕਰਕੇ ਸਨਮਾਨਿਤ ਕੀਤਾ । ਇਸ ਮੌਕੇ ਜਿਲਾ ਸਿੱਖਿਆ ਅਫਸਰ (ਸ਼ੈ:ਸਿੱ) ਸ੍ਰੀਮਤੀ ਰਾਕੇਸ਼ ਬਾਲਾ ਵਲੋਂ ਕੀਤੀ ਪੁਰਜੋਰ ਸਿਫਾਰਿਸ਼ ਦੇ ਆਧਾਰ ਤੇ ਸਰਕਾਰੀ ਹਾਈ ਸਕੂਲ ਸਾਧੂਚੱਕ ਦੇ ਸਾਇੰਸ ਮਾਸਟਰ ਸ੍ਰੀ ਅਮਰਜੀਤ ਸਿੰਘ ਪੁਰੇਵਾਲ ਨੂੰ ਵੀ ਸਟੇਟ ਪੱਧਰ ਤੇ ਪ੍ਰਸੰਸਾ ਪੱਤਰ ਤੇ ਦੁਸ਼ਾਲਾ ਦੇ ਕੇ ਨਿਵਾਜਿਆ ਗਿਆ ।ਸਕੂਲ ਮੁਖੀ ਸ੍ਰੀ ਮੁਕੇਸ਼ ਕੁਮਾਰ ਨੇ ਕਿਹਾ ਕਿ ਸੂਬਾ ਪੱਧਰ ਤੇ ਗੁਰਦਾਸਪੁਰ ਜਿਲੇ ਵਿਚੋਂ ਸ: ਪੁਰੇਵਾਲ ਦਾ



ਸਨਮਾਨਿਤ ਹੋਣਾ ਸਕੂਲ ਅਤੇ ਜਿਲੇ ਵਾਸਤੇ ਮਾਣ ਵਾਲੀ ਗੱਲ ਹੈ ।ਉਨਾਂ ਕਿਹਾ ਕਿ ਸ: ਪੁਰੇਵਾਲ ਸਕੂਲ ਵਿੱਚ ਬੱਚਿਆਂ ਦੀ ਗਿਣਤੀ ਵਧਾਉਣ , ਸਕੂਲ ਨੂੰ ਸੈਲਫ ਸਮਾਰਟ ਸਕੂਲ ਬਣਾਉਣ, ਸਕੂਲ ਫੰਡ ਜੈਨਰੇਟ ਕਰਨ, ਸਮਾਰਟ ਜਮਾਤਾਂ ਦਾ ਆਯੋਜਨ ਕਰਵਾਉਣ, ਹਰ ਸਾਲ ਸਮਰ ਕੈਂਪ ਆਯੋਜਿਤ ਕਰਨ, ਵਾਧੂ ਜਮਾਤਾਂ ਲਗਾਉਣ, 100ਗ ਰੀਜਲਟ, ਸਕਾਊਟਿੰਗ ਐਂਡ ਗਾਈਡਿੰਗ ਨੂੰ ਪ੍ਰਮੋਟ ਕਰਨਾ, ਨੈਸ਼ਨਲ ਪੱਧਰ ਤੇ ਜਿਲਾ ਪੱਧਰ ਤੇ ਅਨੇਕਾਂ ਵਾਰ ਸਨਮਾਨਿਤ ਹੋਣਾ, ਰਾਸ਼ਟਰੀ ਏਕਤਾ ਵਿੱਚ ਯੋਗਦਾਨ ਪਾਉਣਾ, ਨੈਸ਼ਨਲ ਤੇ ਸਟੇਟ ਪੱਧਰ ਦੀਆਂ ਟ੍ਰੇਨਿੰਗਾਂ ਅਟੈਂਡ ਕਰਨਾ, ਸਮਾਜਿਕ ਕੁਰੀਤੀਆਂ ਤੇ ਸਹਿਪਾਠੀ ਕਿਰਿਆਂਵਾਂ ਵਿੱਚ ਸਮੇਂ ਸਮੇਂ ਤੇ ਪਾਏ ਯੋਗਦਾਨ ਆਦਿ ਲਈ ਸਦਾ ਤੱਤਪਰ ਰਹਿੰਦਾ ਹੈ ।ਸ: ਪੁਰੇਵਾਲ ਨੇ ਸਿੱਖਿਆ ਮੰਤਰੀ ਅਤੇ ਵਿਭਾਗ ਦੇ ਉੱਚ ਅਧਿਕਾਰੀਆਂ ਦਾ ਧੰਨਵਾਦ ਕਰਦੇ ਹੋਏ ਵਿਸ਼ਵਾਸ ਦਿਵਾਇਆ ਕਿ ਉਹ ਭਵਿੱਖ ਵਿੱਚ ਵੀ ਪੂਰੇ ਜੌਰ ਸ਼ੋਰ ਨਾਲ ਸਕੂਲ ਦੀ ਅਤੇ ਬੱਚਿਆਂ ਦੀ ਬਿਹਤਰੀ ਵਾਸਤੇ ਕੰਮ ਕਰਦੇ ਰਹਿਣਗੇ ।ਸਕੂਲ ਪਹੁੰਚਣ ਤੇ ਸਕੂਲ ਮੁਖੀ ਵਲੋਂ ਸਵੇਰ ਦੀ ਸਭਾ ਵਿਚ ਪੁਰੇਵਾਲ ਦਾ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਸ੍ਰੀ ਅਜੈ ਕੁਮਾਰ, ਸ਼੍ਰੀਮਤੀ ਅਲਵੀਨਾ, ਜਗਜੀਤ ਸਿੰਘ, ਰਣਧੀਰ ਸਿੰਘ, ਗੁਲਸ਼ਨ ਕੁਮਾਰ, ਰਾਜਬੀਰ ਕੌਰ, ਪ੍ਰਿਆ, ਰਾਕੇਸ਼ ਰੋਸ਼ਨ ਲਾਲ, ਪੋਲਕਾ ਖੋਸਲਾ, ਸੁਰਿੰਦਰ ਕੁਮਾਰ ਆਦਿ ਤੋਂ ਇਲਾਵਾ ਸਮੁੱਚਾ ਸਟਾਫ ਹਾਜਰ ਸੀ।

# ਮਹਾਨ ਕ੍ਰਾਂਤੀਕਾਰੀ ਯੋਧਾ ਜਤਿੰਦਰ ਨਾਥ ਮੁਖਰਜੀ ਉਰਫ਼ ਬਾਘਾ ਜਤਿਨ

ਸਿੰਗਾਪੁਰ 'ਚ ਪੰਜਵੀਂ ਇਨਫੈਂਟਰੀ 'ਚ ਵਿਦਰੋਹ ਕਾਮਯਾਬ ਰਿਹਾ, ਉਹ ਵੀ ਸਿਰਫ਼ ਇਕ ਹਫਤੇ ਤੱਕ। ਅਪਰੇਸ਼ਨ ਫੇਲ੍ਹ ਹੋਇਆ ਤਾਂ ਰਾਸ ਬਿਹਾਰੀ ਬੋਸ ਨੂੰ ਸੁਰੱਖਿਅਤ ਜਾਪਾਨ ਭੇਜ ਦਿੱਤਾ ਗਿਆ। ਗਦਰ ਪਾਰਟੀ ਦੇ ਕਈ ਨੇਤਾਵਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਕਾਲੇ ਪਾਣੀ ਦੀ ਸਜ਼ਾ ਦਿੱਤੀ ਗਈ।

ਇੱਧਰ ਦੂਜੇ ਪਾਸੇ ਬਾਘਾ ਜਤਿਨ ਨੇ ਨਰੇਨ ਭੱਟਾਚਾਰੀਆ ਜਾਨੀ ਐਮ. ਐਨ. ਰਾਏ ਨੂੰ ਜਰਮਨੀ ਦੇ ਅਧਿਕਾਰੀਆਂ ਦੇ ਕੋਲ ਹਥਿਆਰਾਂ ਸਬੰਧੀ ਗੱਲਬਾਤ ਲਈ ਭੇਜਿਆ, ਉਹਨਾਂ ਨੂੰ ਦੱਸਿਆ ਗਿਆ ਕਿ ਹਥਿਆਰਾਂ ਦੀ ਖੇਪ ਨਿਕਲ ਚੁੱਕੀ ਹੈ, ਲੇਕਿਨ ਇਕ ਚੈੱਕ ਜਾਸੂਸ ਰਮੇਨੂਅਲ ਵਿਕਟਰ ਵੋਸਕਾ, ਜਿਹੜਾ ਕਿ ਡਬਲ ਏਜੰਟ ਵੀ ਸੀ, ਅਮਰੀਕਾ ਲਈ ਵੀ ਕੰਮ ਕਰਦਾ ਸੀ ਨੂੰ ਸੂਹ ਲੱਗ ਗਈ ਤੇ ਉਸਨੇ ਸਾਰਾ ਖੇਲ ਖਰਾਬ ਕਰ ਦਿੱਤਾ।

ਚੈੱਕ ਦੇ ਹੀ ਰਾਸ ਰੇਡਵਿਕ ਨੇ ਬਾਅਦ 'ਚ ਲਿਖਿਆ ਕਿ 'ਇਸ ਪਲਾਨ 'ਚ ਅਗਰ ਰਮੇਨੂਅਲ ਵਿਕਟਰ ਵੋਸਕਾ ਨਾ ਸ਼ਾਮਲ ਹੁੰਦਾ ਤਾਂ ਕਿਸੇ ਨੇ ਭਾਰਤ 'ਚ ਗਾਂਧੀ ਦਾ ਨਾਮ ਤੱਕ ਨਾ ਸੁਣਿਆ ਹੁੰਦਾ ਤੇ ਰਾਸ਼ਟਰ ਪਿਤਾ ਬਾਘਾ ਜਤਿਨ ਨੂੰ ਹੀ ਕਿਹਾ ਜਾਂਦਾ। ਉਥੋਂ ਇਹ ਖ਼ਬਰ ਅਮਰੀਕਾ ਨੂੰ ਮਿਲੀ, ਅਮਰੀਕਾ ਤੋਂ ਅੰਗਰੇਜ਼ਾਂ ਨੂੰ ਮਿਲੀ, ਇੰਗਲੈਂਡ ਤੋਂ ਖ਼ਬਰ ਭਾਰਤੀ ਅਧਿਕਾਰੀਆਂ ਕੋਲ ਪਹੁੰਚੀ ਤੇ ਉੜੀਸਾ ਦਾ ਸਾਰਾ ਸਮੁੰਦਰੀ ਤੱਟ ਸੀਲ ਕਰ ਦਿੱਤਾ ਗਿਆ। ਉਸ ਸਮੇਂ ਅਜਿਹਾ ਕੋਈ ਸੰਚਾਰ ਸਾਧਨ ਨਹੀਂ ਸੀ। ਜਿਸ ਨਾਲ ਸਮੁੰਦਰ 'ਚ ਜਹਾਜ਼ ਨੂੰ ਖ਼ਬਰ ਮਿਲ ਜਾਂਦੀ।

ਅੰਗਰੇਜ਼ ਸਰਕਾਰ ਨੂੰ ਜਿਉਂ ਹੀ ਸੂਚਨਾ ਮਿਲੀ, ਪੁਲਿਸ ਨੂੰ ਚੌਕਸ ਕਰ ਦਿੱਤਾ ਗਿਆ, ਖਾਸ ਤੌਰ 'ਤੇ ਗੰਗਾ ਨਦੀ ਦੇ ਨਾਲ-ਨਾਲ ਜਿੱਥੇ ਸਰਕੰਡਿਆਂ 'ਚ ਛੁਪਿਆ ਜਾ ਸਕਦਾ ਸੀ ਤੇ ਨਾਲ ਹੀ ਖਾਸ ਤੌਰ 'ਤੇ ਸਮੁੰਦਰੀ ਇਲਾਕਿਆਂ ਜਿਵੇਂ ਨੋਕਹਾਲੀ ਤੇ ਚਿਟਾਗਾਂਗ, ਜਿਹੜੇ ਕਿ ਉੜੀਸਾ ਵੱਲ ਲੱਗਦੇ ਸਨ। ਹੈਰੀ ਐਂਡ ਸੰਨਜ਼ 'ਤੇ ਪੁਲਿਸ ਨੇ ਛਾਪੇ ਮਾਰੇ ਤੇ ਉਥੋਂ ਪੁਲਿਸ ਦੇ ਹੱਥ ਕੁਝ ਸੂਚਨਾ ਲੱਗੀ ਤੇ ਜਿਸ ਦੇ ਆਧਾਰ 'ਤੇ ਉਹਨਾਂ ਨੇ ਕਪਿਟਪਾੜਾ ਪਿੰਡ 'ਤੇ ਛਾਪਾ ਮਾਰਿਆ, ਜਿੱਥੇ ਬਾਘਾ ਜਤਿਨ ਆਪਣੇ ਸਾਥੀਆਂ ਮਨੋਰੰਜਨ ਸੈਨਗੁਪਤਾ ਤੇ ਚਿੱਤਪ੍ਰੀਯਾ ਰੇਅ ਚੌਧਰੀ ਸਮੇਤ ਰੁਕਿਆ ਹੋਇਆ ਸੀ, ਪੁਲਿਸ ਵਿਭਾਗ ਦੀ ਇਕ ਇੰਟੈਲੀਜੈਂਸ ਟੁਕੜੀ ਨੂੰ ਬਾਲਾਸੋਰ ਭੇਜਿਆ ਗਿਆ।

ਬਾਘਾ ਜਤਿਨ ਨੂੰ ਸੂਚਿਤ ਕੀਤਾ ਗਿਆ ਸੀ ਕਿ ਉਹ ਆਪਣੀ ਛੁਪਣਗਾਹ ਨੂੰ ਛੱਡ ਕੇ ਕਿਤੇ ਹੋਰ ਜਗ੍ਹਾ ਚਲਾ ਜਾਵੇ ਪਰ ਉਹ ਜਿੱਦ ਕਰਦਾ ਰਿਹਾ ਕਿ ਉਹ ਆਪਣੇ ਨਾਲ ਨਰਿਨ ਤੇ ਜਤਿਸ਼ ਨੂੰ ਵੀ ਨਾਲ ਹੀ ਲੈ ਕੇ ਜਾਵੇਗਾ, ਉਸਦੀ ਇਸੇ ਜਿੱਦ ਕਰਕੇ ਉਸ ਨੂੰ ਉਥੋਂ ਜਾਣ 'ਚ ਕੁਝ ਹੀ ਘੰਟੇ ਦੇਰੀ ਹੋ ਗਈ। ਇਸ ਦੇਰੀ ਕਰਕੇ ਕੁਝ ਸਮੇਂ ਬਾਅਦ ਇਕ ਵੱਡੀ ਪੁਲਿਸ ਦੀ ਟੁਕੜੀ ਨੇ ਛਾਪਾ ਮਾਰ ਦਿੱਤਾ, ਜਿਸ ਦੇ ਮੁਖੀ ਯੂਰਪੀਅਨ ਅਫਸਰ ਕਲਕੱਤਾ ਤੇ ਬਾਲਾਸੋਰ ਦੇ ਸਨ, ਬਦਰਹ ਸਟੇਟ ਦੇ ਚਾਂਦਵਲੀ ਯੂਨਿਟ ਤੋਂ ਜੋ ਕਿ ਉਸ ਜਗ੍ਹਾ ਤੋਂ ਕੋਈ ਬਹੁਤੀ ਦੂਰ ਨਹੀਂ ਸੀ, ਫੌਜ ਵੀ ਆ ਗਈ। ਜਤਿਨ ਤੇ ਉਸ ਦੇ ਸਾਥੀ ਮਿਊਰਭੰਜ ਦੀਆਂ ਪਹਾੜੀਆਂ ਤੇ ਨਾਲ ਲੱਗਦੇ ਜੰਗਲ 'ਚ ਚਲੇ ਗਏ ਤੇ ਉਹ ਦੋ ਦਿਨਾਂ 'ਚ ਤੁਰਦੇ-ਤੁਰਦੇ ਬਾਲਾਸੋਰ ਦੇ ਰੇਲਵੇ ਸਟੇਸ਼ਨ 'ਤੇ ਪਹੁੰਚ ਗਏ।

ਪੁਲਿਸ ਨੇ ਐਲਾਨ ਕਰ ਦਿੱਤਾ ਕਿ ਜਿਹੜਾ ਇਹਨਾਂ ਪੰਜ ਲੁਟੇਰਿਆਂ ਨੂੰ ਕਾਬੂ ਕਰਕੇ ਸਾਨੂੰ ਫੜਾਏਗਾ, ਉਸ ਨੂੰ ਇਨਾਮ ਦਿੱਤਾ ਜਾਵੇਗਾ। ਇਹ ਸੁਣ ਕੇ ਉਸ ਪਿੰਡ ਦੇ ਲੋਕ ਵੀ ਇਹਨਾਂ ਦਾ ਪਿੱਛਾ ਕਰਨ ਲੱਗ ਪਏ, ਲੋਕ ਇਸ ਖਾਸ ਮੌਕੇ ਦਾ ਫਾਇਦਾ ਉਠਾਉਣਾ ਚਾਹੁੰਦੇ ਸਨ। ਕ੍ਰਾਂਤੀਕਾਰੀ, ਜੰਗਲਾਂ ਵਿਚ ਦੀ ਦੌੜੇ ਤੇ ਮੋਹਲੇਧਾਰ ਮੀਂਹ ਕਾਰਨ ਇਹ ਜਗ੍ਹਾ ਬੜੀ ਦਲਦਲੀ ਹੋ ਗਈ ਸੀ। ਆਖਿਰ 9 ਸਤੰਬਰ 1915 ਨੂੰ ਬਾਲਾਸੋਰ ਦੇ ਚਸਰਾਖੰਡ ਦੀ, ਝਾੜੀਦਾਰ ਛੋਟੀਆਂ-ਛੋਟੀਆਂ ਪਹਾੜੀਆਂ 'ਤੇ ਇਹਨਾਂ ਕ੍ਰਾਂਤੀਕਾਰੀਆਂ ਦਾ ਪੁਲਿਸ ਨਾਲ ਸਾਹਮਣਾ ਹੋ ਗਿਆ। ਚਿੱਤਾਪ੍ਰੀਯਾ ਤੇ ਉਸਦੇ ਸਾਥੀਆਂ ਨੇ ਬਾਘਾ ਜਤਿਨ ਨੂੰ ਕਿਹਾ ਕਿ ਉਹ ਪਿੱਛਿਉਂ ਦੀ ਸੁਰੱਖਿਅਤ ਜਗ੍ਹਾ ਤੋਂ ਸਾਨੂੰ ਛੱਡ ਕੇ ਆਪਣੇ ਬਚਾਅ ਲਈ ਨਿਕਲ ਜਾਣ ਪਰ ਬਾਘਾ ਜਤਿਨ ਨੇ ਉਹਨਾਂ ਨੂੰ ਇਕੱਲਿਆਂ ਛੱਡ ਕੇ ਜਾਣ ਤੋਂ ਇਨਕਾਰ ਕਰ ਦਿੱਤਾ ਤੇ ਉਹ ਲਗਾਤਾਰ ਪੁਲਿਸ ਦਾ ਮੁਕਾਬਲਾ ਕਰਦਾ ਰਿਹਾ।

ਪੁਲਿਸ ਦੀ ਮਦਦ ਲਈ ਆਈ ਫੌਜ ਨੇ ਉਹਨਾਂ ਨੂੰ ਚਿਤਾਵਨੀ ਦਿੱਤੀ ਕਿ ਉਹ ਆਪਣੇ ਹਥਿਆਰ ਸੁੱਟ ਕੇ ਆਪਣੇ ਆਪ ਨੂੰ ਉਹਨਾਂ ਦੇ ਹਵਾਲੇ ਕਰ ਦੇਣ ਪਰ ਕ੍ਰਾਂਤੀਕਾਰੀਆਂ ਨੇ ਹਥਿਆਰ ਨਹੀਂ ਸੁੱਟੇ ਤੇ ਉਹ ਫੌਜ ਤੇ ਪੁਲਿਸ ਦਾ ਕੋਈ 75 ਮਿੰਟਾਂ ਤੱਕ ਆਪਣੇ ਪਿਸਤੌਲਾਂ ਨਾਲ ਮੁਕਾਬਲਾ ਕਰਦੇ ਰਹੇ। ਫੌਜ ਵੱਲੋਂ ਮੌਜਰ, ਪਿਸਤੌਲ ਤੇ ਆਧੁਨਿਕ ਰਾਈਫਲਾਂ ਨਾਲ ਕ੍ਰਾਂਤੀਕਾਰੀਆਂ 'ਤੇ ਗੋਲੀਆਂ ਦੇ ਮੀਂਹ ਵਾਂਗ ਬੁਛਾੜ ਕੀਤੀ ਗਈ, ਪੁਲਿਸ ਤੇ ਫੌਜ ਨੇ ਇਤਨੀ ਭਾਰੀ ਗੋਲੀਬਾਰੀ ਕੀਤੀ, ਜਿਸ ਦਾ ਕੋਈ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ, ਕ੍ਰਾਂਤੀਕਾਰੀਆਂ ਵੱਲੋਂ ਚਿੱਤਾਪ੍ਰਿਯਾ ਰੇਅ ਚੌਧਰੀ ਦੀ ਮੌਤ ਹੋ ਗਈ, ਬਾਘਾ ਜਤਿਨ ਤੇ ਜਤਿਸ਼ ਬਹੁਤ ਬੁਰੀ ਤਰ੍ਹਾਂ ਜ਼ਖਮੀ ਹੋ ਗਏ ਤੇ ਮਨੋਰੰਜਨ ਸੈਨਗੁਪਤਾ ਤੇ ਨਿਤਨ ਨੂੰ ਜਿਊਂਦਿਆਂ ਫੜ ਲਿਆ ਗਿਆ। ਕਿਉਂਕਿ ਉਹਨਾਂ ਪਾਸ ਅਸਲਾ ਖਤਮ ਹੋ ਗਿਆ ਸੀ। ਭਾਰਤੀ ਮਾਂ ਦਾ ਬੰਗਾਲੀ ਸੂਰਬੀਰ ਯੋਧਾ ਬਾਘਾ ਜਤਿਨ ਬਾਲਾਸੋਰ ਦੇ ਹਸਪਤਾਲ 'ਚ ਜ਼ਖ਼ਮਾਂ ਦੀ ਤਾਬ ਨਾ ਝੱਲਦਾ ਹੋਇਆ ਅਗਲੇ ਦਿਨ 10 ਸਤੰਬਰ 1915 ਨੂੰ ਸਦਾ ਲਈ ਸ਼ਹੀਦੀ ਜਾਮ ਪੀ ਗਿਆ। ਦੂਜੇ ਪਾਸੇ ਭਾਰੀ ਮਾਤਰਾ 'ਚ ਜਰਮਨੀ ਹਥਿਆਰ ਬਰਾਮਦ ਕਰ ਲਏ ਗਏ।

ਕ੍ਰਾਂਤੀ ਫੇਲ੍ਹ ਹੋ ਗਈ ਸੀ ਤੇ ਆਜ਼ਾਦੀ ਦੇ ਸੁਪਨੇ ਮਿੱਟੀ 'ਚ ਮਿਲ ਚੁੱਕੇ ਸਨ। ਬਾਘਾ ਜਤਿਨ ਇਕ ਮਹਾਨ ਭਾਰਤੀ, ਬੰਗਾਲੀ ਕ੍ਰਾਂਤੀਕਾਰੀ ਸੀ ਜਿਸ ਨੇ ਭਾਰਤ ਨੂੰ ਆਜ਼ਾਦ ਕਰਾਉਣ ਲਈ ਅੰਗਰੇਜ਼ ਸਰਕਾਰ ਨਾਲ ਲੜਦਿਆਂ ਹੋਇਆਂ ਆਪਣੀ ਜਾਨ ਦੀ ਬਾਜ਼ੀ ਲਗਾ ਦਿੱਤੀ।

# ਇੰਡੋ-ਅਮਰੀਕਨ ਕਲਚਰਲ ਆਰਗੇਨਾਈਜ਼ੇਸ਼ਨ ਵੱਲੋਂ ਕਰਵਾਇਆ ਮੇਲਾ ਗਦਰੀ ਬਾਬਿਆਂ ਦਾ ਅਮਿੱਟ ਛਾਪ ਛੱਡ ਗਿਆ

ਜਲ੍ਹਿਆਂ ਵਾਲਾ ਬਾਗ ਦੇ ਖ਼ੂਨੀ ਕਾਂਡ ਦੀ ਦਾਸਤਾਂ
ਸ਼ਹੀਦੋਂ ਕੀ ਚਿਤਾਓਂ ਪੇ, ਲਗੇਗੇ ਹਰ ਬਰਸ ਮੇਲੇ
ਵਤਨ ਪੇ ਮਰਨੇ ਵਾਲੋਂ ਕਾ ਬਾਕੀ ਯਹੀ ਨਿਸ਼ਾ ਹੋਗਾ।

ਜਲ੍ਹਿਆਂ ਵਾਲੇ ਬਾਗ ਦੇ ਖ਼ੂਨੀ ਕਾਂਡ ਨੂੰ ਅੱਜ 100 ਵਰ੍ਹੇ ਤੋਂ ਉਪਰ ਹੋ ਗਿਆ ਹੈ। ਦੁਨੀਆਂ ਭਰ ਵਿਚ ਇਸ ਨਾ ਭੁੱਲਣ ਵਾਲੇ ਖ਼ੂਨੀ ਸਾਕੇ ਦੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ ਜਾ ਰਹੀਆਂ ਹਨ।

ਇੰਡੋ-ਅਮਰੀਕਨ ਕਲਚਰਲ ਆਰਗੇਨਾਈਜੇਸ਼ਨ ਜਿਸ ਨੇ ਅਮਰੀਕਾ ਦੀ ਧਰਤੀ 'ਤੇ ਗਦਰੀ ਬਾਬਿਆਂ ਦੇ ਮੇਲੇ ਕਰਵਾਉਣ ਦੀ ਪਿਰਤ ਪਾਈ ਸੀ ਅਤੇ ਜੋ ਗਦਰੀ ਬਾਬਿਆਂ ਨੂੰ ਸਮਰਪਿਤ ਜਥੇਬੰਦੀ ਹੈ।

1 ਸਤੰਬਰ ਨੂੰ ਸੈਕਰਾਮੈਂਟੋ ਵਿਚ ਜਲ੍ਹਿਆਂ ਵਾਲੇ ਬਾਗ ਦੀ ਸੌ ਸਾਲਾ ਵਰ੍ਹੇਗੰਢ ਤੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਭਾਰੀ ਇਕੱਠ ਕੀਤਾ ਗਿਆ। ਜਥੇਬੰਦੀ ਵੱਲੋਂ ਆਪਣੀ ਰਵਾਇਤ ਅਨੁਸਾਰ ਹਰ ਸਾਲ ਦੀ ਤਰ੍ਹਾਂ ਸੈਕਰਾਮੈਂਟੋ ਦੇ ਕਬਰਿਸਤਾਨ ਵਿਚ ਗਦਰ ਪਾਰਟੀ ਦੇ ਮੀਤ ਪ੍ਰਧਾਨ ਪ੍ਰੋ. ਬਰਕਤ ਉਲਾ ਦੀ ਮਜ਼ਾਰ 'ਤੇ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ। ਜਥੇਬੰਦੀ ਨੂੰ ਮਾਣ ਹੈ ਕਿ ਪ੍ਰੋ. ਮੌਲਵੀ ਮੁਹੰਮਦ ਬਰਕਤ ਉਲਾ ਦੀ ਕਬਰ ਵੀ ਉਹਨਾਂ ਹੀ ਲੱਭੀ ਸੀ। ਜਥੇਬੰਦੀ ਦੇ ਮੋਢੀਆਂ ਵਿਚੋਂ ਕਸ਼ਮੀਰ ਸਿੰਘ ਕਾਂਗਣਾ ਨੇ ਪ੍ਰੋ. ਬਰਕਤ ਉਲਾ ਅਤੇ ਭਾਈ ਭਗਵਾਨ ਸਿੰਘ ਦਾ ਸੈਕਰਾਮੈਂਟੋ ਵਿਚ ਕੀਤੇ ਕੰਮਾਂ ਦਾ ਉਲੇਖ ਕੀਤਾ ਤੇ ਸਮੁੱਚੀ ਆਜ਼ਾਦੀ ਦੀ ਲਹਿਰ ਦੇ ਸ਼ਹੀਦਾਂ ਨੂੰ ਸ਼ਰਧ-ਾਂਜਲੀ ਭੇਂਟ ਕੀਤੀ।

ਜਲੰਧਰ ਦੇਸ਼ ਭਗਤ ਯਾਦਗਾਰ ਹਾਲ ਦੇ ਟਰੱਸਟੀ ਅਤੇ ਗਦਰ ਇਤਿਹਾਸ ਦੇ ਪ੍ਰਸਿੱਧ ਖੋਜੀ ਚਰੰਜੀ ਲਾਲ ਕੰਗਣੀਵਾਲ ਅਤੇ ਮਹਾਨ ਦੇਸ਼ ਭਗਤ ਕਾ: ਰਾਜਿੰਦਰ ਸਿੰਘ ਸਰੀਂਹ ਦੀ ਬੇਟੀ ਦੋਵੇਂ ਹੀ ਮੁੱਖ ਮਹਿਮਾਨ ਸਨ, ਨੇ ਪ੍ਰੋ. ਸਾਹਿਬ ਨੂੰ ਭਾਵ ਭਿੰਨੀ ਸ਼ਰਧਾਂਜਲੀ ਦਿੱਤੀ ਤੇ ਮਜ਼ਾਰ ਤੇ ਗੁਲਦਸਤੇ ਚੜ੍ਹਾਏ। ਹਰਸ਼ਰਨ ਸਿੰਘ ਗਿੱਲ ਨੇ ਪ੍ਰੋ. ਮੌਲਵੀ ਮੁਹੰਮਦ ਉਲਾ ਤੇ ਆਜ਼ਾਦੀ ਸੰਗਰਾਮ ਦੇ ਸ਼ਹੀਦਾਂ ਨੂੰ ਯਾਦ ਕਰਦਿਆਂ ਇੰਡੋ ਅਮਰੀਕਨ ਆਰਗੇਨਾਈਜੇਸ਼ਨ ਦੀ ਅਜਿਹੇ ਕੰਮਾਂ ਲਈ ਸ਼ਲਾਘਾ ਕੀਤੀ। ਜਥੇਬੰਦੀ ਦੇ ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਜਿਥੇ ਮੌਲਵੀ ਸਾਹਿਬ ਦੇ ਆਜ਼ਾਦੀ ਸੰਗਰਾਮ ਵਿਚ ਪਾਏ ਯੋਗਦਾਨ ਦਾ ਵਰਣਨ ਕੀਤਾ, ਉਥੇ ਜਲ੍ਹਿਆਂ ਵਾਲੇ ਬਾਗ ਦੇ ਸ਼ਹੀਦਾਂ ਨੂੰ ਯਾਦ ਕਰਦਿਆਂ ਜਥੇਬੰਦੀ ਵੱਲੋਂ ਸ਼ਰਧਾਂਜਲੀ ਭੇਂਟ ਕੀਤੀ।

ਐਸ. ਈ. ਐਸ. ਹਾਲ ਦੇ ਖੁੱਲ੍ਹੇ ਵਿਹੜੇ ਵਿਚ ਗਦਰ ਪਾਰਟੀ ਦੇ ਤਿੰਨ ਰੰਗਾਂ ਦਾ ਝੰਡਾ, ਜਿਸ ਵਿਚ ਦੋ ਕਾਟਵੀਆਂ ਖੜ੍ਹੀਆਂ ਤਲਵਾਰਾਂ ਹਨ, ਦੇਸ਼ ਭਗਤ ਯਾਦਗਾਰ ਹਾਲ ਜਲੰਧਰ, ਪੰਜਾਬ ਤੋਂ ਆਏ ਇਤਿਹਾਸਕਾਰ ਚਰੰਜੀ ਲਾਲ ਅਤੇ ਬੀਬੀ ਮਨਵਿੰਦਰ ਕੌਰ ਵੱਲੋਂ ਆਪਣੇ ਕਰ ਕਮਲਾਂ ਨਾਲ ਝੁਲਾਇਆ ਗਿਆ।

ਕਸ਼ਮੀਰ ਸਿੰਘ ਕਾਂਗਣਾ ਨੇ,
ਕੂਲੀ ਕੂਲੀ ਪੁਕਾਰਦਾ ਜੱਗ ਸਾਰਾ
ਸਾਡੇ ਝੁਲਦਾ ਕਿਤੇ ਨਿਸ਼ਾਨ ਕਿਉਂ ਨਹੀਂ?

ਗਦਰੀ ਗੂੰਜ ਦੀਆਂ ਇਹਨਾਂ ਸੱਤਰਾਂ ਨੂੰ ਗਦਰ ਸੰਗਰਾਮ ਦੇ ਝੰਡੇ ਦੀ ਮਹੱਤਤਾ ਬਾਰੇ ਦੱਸਦਿਆਂ ਕਿਹਾ ਕਿ ਸਾਡੀ ਜਥੇਬੰਦੀ ਨੇ ਹਾਲੇ ਤੱਕ ਸਿਵਾਏ ਦੇਸ਼ ਭਗਤਾਂ ਦੇ ਪਰਿਵਾਰ ਅਤੇ ਗਦਰ ਸੰਗਰਾਮ ਦੇ ਯੋਧਿਆਂ ਦੇ ਪੈਰੋਕਾਰਾਂ ਹੱਥੋਂ ਹੀ ਇਸ ਪਾਕਿ-ਪਵਿੱਤਰ ਝੰਡੇ ਨੂੰ ਝੁਲਾਉਣ ਦੀ ਰਸਮ ਨਿਭਾਈ ਹੈ।

ਐਲਕ ਗਰੋਵ ਦੇ ਹਾਲ ਵਿਚ ਮੇਲੇ ਦੀ ਸ਼ੁਰੂਆਤ ਕਰਦਿਆਂ ਜਥੇਬੰਦੀ ਵੱਲੋਂ ਆਏ ਮਹਿਮਾਨਾਂ ਅਤੇ ਆਪਣੇ ਸਭ ਲੋਕਾਂ ਨੂੰ ਜੀ ਆਇਆਂ ਆਖਿਆ ਗਿਆ। ਜਥੇਬੰਦੀ ਵੱਲੋਂ ਜ਼ੋਰਦਾਰ ਆਵਾਜ਼ ਬੁਲੰਦ ਕੀਤੀ ਗਈ ਕਿ ਭਾਰਤ ਸਰਕਾਰ ਨੂੰ ਬਰਤਾਨਵੀ ਸਰਕਾਰ ਤੇ ਦਬਾਅ ਪਾਉਣਾ ਚਾਹੀਦਾ ਹੈ ਕਿ ਜਲ੍ਹਿਆਂ ਵਾਲੇ ਬਾਗ ਦੇ ਵਿਚ ਕੀਤੇ ਇਸ ਘਿਨਾਉਣੇ ਪਾਪ ਦੀ ਮੁਆਫੀ ਮੰਗੇ। ਜਿਸ ਤਰ੍ਹਾਂ ਕੈਨੇਡਾ ਦੀ ਸਰਕਾਰ ਨੇ ਕਾਮਾਗਾਟਾ ਮਾਰੂ ਦੀ ਘਟਨਾ ਦੀ ਮਾਫੀ ਮੰਗ ਲਈ ਹੈ।

ਕਸ਼ਮੀਰ ਸਿੰਘ ਕਾਂਗਣਾ ਨੇ ਸਟੇਜ ਦੀ ਕਾਰਵਾਈ ਸ਼ੁਰੂ ਕਰਦਿਆਂ ਅਵਤਾਰ ਸਿੰਘ ਹੀਰਾ ਦੇ ਢਾਡੀ ਜਥੇ ਨੂੰ ਦੇਸ਼ ਭਗਤੀ ਦੀਆਂ ਵਾਰਾਂ ਸੁਣਾਉਣ ਲਈ ਸੱਦਾ ਦਿੱਤਾ। ਜਥੇ ਨੇ ਦੇਸ਼ ਭਗਤੀ ਦੀਆਂ ਵਾਰਾਂ ਗਾ ਕੇ ਚੰਗਾ ਰੰਗ ਬੰਨ੍ਹਿਆ। ਸ਼ਹੀਦ ਊਧਮ ਸਿੰਘ ਦੀ ਕੁਰਬਾਨੀ ਨੂੰ ਵਾਰੀ ਵਾਰੀ ਸਰੋਤਿਆਂ ਨਾਲ ਸਾਂਝਾ ਕੀਤਾ।

ਅਵਤਾਰ ਸਿੰਘ ਡੌਡ, ਸੈਕਰਾਮੈਂਟੋ ਨੇ ਜਿਹਨਾਂ ਦੇ ਪਿਤਾ ਮਾਸਟਰ ਗੁਰਦਿੱਤ ਸਿੰਘ ਜੀ ਜਲਵੇਹੜਾ, ਜੋ ਜਲ੍ਹਿਆਂ ਵਾਲੇ ਬਾਗ ਵਿਚ ਉਸ ਸਮੇਂ ਮੌਜੂਦ ਸਨ ਅਤੇ ਬਾਅਦ ਵਿਚ ਉਹਨਾਂ ਜੈਤੋ ਦਾ ਮੋਰਚਾ, ਗੁਰੂ ਕੇ ਬਾਗ ਦਾ ਮੋਰਚਾ ਅਤੇ ਨਨਕਾਣਾ ਸਾਹਿਬ ਦੇ ਵਾਪਰੇ ਸਾਕੇ ਦੇ ਸ਼ਹੀਦਾਂ ਦੀਆਂ ਲਾਸ਼ਾਂ ਦਾ ਜਿਸ ਤਰ੍ਹਾਂ ਸੰਸਕਾਰ ਕੀਤਾ, ਵਿਸਥਾਰ ਸਹਿਤ ਵਰਣਨ ਕੀਤਾ।

ਸਤਨਾਮ ਸਿੰਘ ਨੰਗਲ ਨੇ ਗਦਰ ਅਖਬਾਰ ਵਿਚ ਛਾਪੀ 1913 ਦੇ ਦਸੰਬਰ ਪਰਚੇ ਵਿਚ ਸ. ਕਰਤਾਰ ਸਿੰਘ ਸਰਾਭਾ ਦੀ ਕਵਿਤਾ ਤਰੰਨਮ ਵਿਚ ਗਾ ਕੇ ਸੁਣਾਈ ਜੋ ਸਰੋਤਿਆਂ ਤੇ ਜਾਦੂ ਵਰਗਾ ਅਸਰ ਕਰ ਗਈ। ਸਤਨਾਮ ਸਿੰਘ ਜਿਹੜੇ ਹਰ ਸਾਲ ਸਮੁੱਚੇ ਪਰਿਵਾਰ ਸਮੇਤ ਪਹੁੰਚ ਕੇ ਲੰਗਰ ਦੀ ਪ੍ਰਬੰਧ ਕਰਦੇ ਹਨ ਤੇ ਵਰਤਾਉਂਦੇ ਹਨ, ਜੋ ਅਤੁੱਟ ਵਰਤਦਾ ਹੈ। ਕਮੇਟੀ ਵੱਲੋਂ ਉਹਨਾਂ ਨੂੰ ਸਨਮਾਨ ਚਿੰਨ੍ਹ ਵੀ ਦਿੱਤਾ ਗਿਆ।

ਜਥੇਬੰਦੀ ਦੇ ਆਗੂ ਕਿਰਪਾਲ ਸਿੰਘ ਜੀ ਸੰਧੂ ਵਡੇਰੀ ਉਮਰ ਦੇ ਬਾਵਜੂਦ ਮੇਲੇ ਵਿਚ ਪਹੁੰਚੇ। ਜਿਹਨਾਂ ਆਪਣੇ ਭਾਸ਼ਣ ਵਿਚ ਬਹੁਤ ਹੀ ਸਮੁੱਚੇ ਢੰਗ ਨਾਲ ਇਤਿਹਾਸਕ ਤੱਥਾਂ ਨੂੰ ਸਰੋਤਿਆਂ ਸਾਹਮਣੇ ਪੇਸ਼ ਕੀਤਾ।ਹਰਸ਼ਰਨ ਸਿੰਘ ਜੀ ਜਿਸ ਨੇ ਬਹੁਤ ਹੀ ਥੋੜ੍ਹੇ ਸ਼ਬਦਾਂ ਵਿਚ ਗਦਰੀ ਮੇਲਿਆਂ ਦੀ ਮਹੱਤਤਾ ਤੇ ਹੁਣ ਦੇ ਦੌਰ ਵਿਚ ਫਿਰਕਾਪ੍ਰਸਤੀ ਦੀਆਂ ਵਧਦੀਆਂ ਨਿੱਤ ਦੀਆਂ ਘਟਨਾਵਾਂ ਤੋਂ ਚੇਤੰਨ ਹੋਣ ਦਾ ਸੱਦਾ ਦਿੱਤਾ ਅਤੇ ਵਾਤਾਵਰਣ ਦੇ ਪ੍ਰਦੂਸ਼ਣ 'ਤੇ ਵੀ ਚਿੰਤਾ ਜਾਹਿਰ ਕੀਤੀ।

ਮੇਲੇ ਦੇ ਮੁੱਖ ਮਹਿਮਾਨ ਚਰੰਜੀ ਲਾਲ ਜੀ ਨੇ ਆਪਣੇ ਭਾਸ਼ਣ ਵਿਚ ਸਭ ਤੋਂ ਪਹਿਲਾਂ ਜਥੇਬੰਦੀ ਦੇ ਸੱਦਾ ਦੇਣ ਦਾ ਧੰਨਵਾਦ ਕੀਤਾ ਅਤੇ ਉਹਨਾਂ ਦੇਸ਼ ਦੀ ਆਜ਼ਾਦੀ ਦੇ ਸੰਗਰਾਮੀ ਯੋਧਿਆਂ ਦੀਆਂ ਕੁਰਬਾਨੀਆਂ ਨੂੰ ਤੱਥਾਂ ਸਹਿਤ ਖਚਾਖਚ ਭਰੇ ਹਾਲ ਵਿਚ ਲੋਕਾਂ ਸਾਹਮਣੇ ਪੇਸ਼ ਕੀਤਾ। ਉਹਨਾਂ ਆਲੂਆਂ ਦਾ ਬਾਦਸ਼ਾਹ ਅਖਵਾਉਂਦੇ ਬਾਬਾ ਜਵਾਲਾ ਸਿੰਘ ਜੀ ਠੱਠੀਆਂ, ਉਹਨਾਂ ਦੇ ਸਾਥੀ ਬਾਬਾ ਵਿਸਾਖਾ ਸਿੰਘ ਜੀ ਅਤੇ ਭਾਈ ਸੰਤੋਖ ਸਿੰਘ ਹੁਰਾਂ ਦੇ ਹਵਾਲੇ ਦੇ ਕੇ ਦੱਸਿਆ ਕਿ ਕਿੰਨਾ ਜਜ਼ਬਾ ਸੀ, ਉਹਨਾਂ ਵਿਚ ਦੇਸ਼ ਨੂੰ ਆਜ਼ਾਦ ਕਰਵਾਉਣ ਦਾ। ਇਸੇ ਹੀ ਜਜ਼ਬੇ ਤਹਿਤ ਉਹਨਾਂ ਸ਼ਹਾਦਤਾਂ ਦੀ ਝੜੀ ਲਾ ਦਿੱਤੀ ਅਤੇ ਲਹੂ ਦੇ ਮਹਿੰਗੇ ਭਾਅ ਦੇਸ਼ ਦੀ ਆਜ਼ਾਦੀ ਲੈ ਕੇ ਦਿੱਤੀ। ਚਰੰਜੀ ਲਾਲ ਹੁਰਾਂ ਕਰਤਾਰ ਸਿੰਘ ਵੱਲੋਂ ਲਿਖੀ ਤੇ ਸੁਣਾਈ ਇਕ ਹਿਰਦੇ ਵੇਦਕ ਘਟਨਾ ਦਾ ਜ਼ਿਕਰ ਕੀਤਾ ਜੋ ਸ਼ੇਖੂਪੁਰਾ ਦੇ ਮਿਸਤਰੀ ਦੀਨ ਮੁਹੰਮਦ ਅਤੇ ਉਸ ਦੀ ਸੱਜ ਵਿਆਹੀ ਦੀ। ਦੀਨ ਮੁਹੰਮਦ ਨੂੰ ਅੰਡੇਮਾਨ ਵਾਲੇ ਪਾਣੀ ਦੀ ਸਜ਼ਾ ਹੋਈ। ਵਾਰ ਵਾਰ ਆਖ ਰਹੀ ਸੀ ਹੁਣ ਦੱਸ ਮੈਂ ਕੀ ਕਰਾਂ, ਉਹ ਆਖੇ ਮੈਂ ਕੀ ਦੱਸਾਂ। ਗੱਡੀ ਤੇ ਚੱਲ ਉਸ ਬੁਰਕਾ ਲਾਹ ਭੱਜ ਜਾਣ ਨੀ ਗੱਡੀਏ ਤੇਰੇ ਪਹੀਏ। ਜਿਸ ਟੂਕ ਨੇ ਸਭ ਦੇ ਅੱਖੀਂ ਹੰਝੂ ਭਰ ਦਿੱਤੇ।

ਐਲਕ ਗਰੋਵ ਦੇ ਮੇਅਰ ਵੱਲੋਂ ਮਿਸ ਮੈਰੀ ਨੇ ਜਲ੍ਹਿਆਂ ਵਾਲੇ ਬਾਗ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਪੇਂਟ ਕਰਨ ਲਈ ਮੇਲੇ ਵਿਚ ਹਾਜ਼ਰੀ ਲਗਵਾਈ। ਕੰਵਲ ਬੰਗਾ ਨੇ ਆਪਣੀ ਛੋਟੀ ਕਵਿਤਾ ਰਾਹੀਂ ਹਾਜ਼ਰੀ ਲਵਾਈ। ਜੁਝਾਰ ਸਿੰਘ ਗਿੱਲ ਦੀ ਛੋਟੀ ਪੋਤਰੀ ਨੇ ਬਹੁਤ ਹੀ ਵਧੀਆ ਅੰਦਾਜ਼ ਵਿਚ ਕੋਰੀਓਗ੍ਰਾਫੀ ਕਰ ਰੰਗ ਬੰਨ੍ਹਿਆ।

ਪੰਮੀ ਮਾਲ ਨੇ ਬੜੇ ਹੀ ਜਜ਼ਬਾਤ ਵਿਚ ਇਕ ਕਵਿਤਾ ਸੁਣਾਈ ਅਤੇ ਬਹੁਤ ਹੀ ਵਧੀਆ ਦੇਸ਼ ਭਗਤੀ ਦਾ ਗੀਤ ਗਾ ਕੇ ਸਰੋਤੇ ਮੰਤਰ ਮੁਗਧ ਕਰ ਦਿੱਤੇ। ਹਰਜੀਤ ਸ਼ੇਰਗਿੱਲ ਨੇ ਦੇਸ਼ ਭਗਤੀ ਦਾ ਇਕ ਗੀਤ ਗਾਇਆ।

ਯੂ. ਸੀ. ਡੇਵਿਸ ਦੀ ਭੰਗੜਾ ਟੀਮ ਨੇ ਭੰਗੜੇ ਦੇ ਜੌਹਰ ਦਿਖਾਏ। ਆਰਗੇਨਾਈਜਰਾਂ ਵੱਲੋਂ ਸਪਾਂਸਰਾਂ ਨੂੰ ਸਨ-ਮਾਨਿਤ ਵੀ ਕੀਤਾ ਗਿਆ। ਸੁਖਚੈਨ ਸਿੰਘ ਵੀ ਸਮੁੱਚੇ ਚੈਂਬਰ ਆਫ ਕਾਮਰਸ ਵੱਲੋਂ ਹਾਜ਼ਰ ਹੋਇਆ।

ਜਥੇਬੰਦੀ ਦੇ ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ ਨੇ ਆਪਣੇ ਭਾਸ਼ਣ ਵਿਚ ਸ਼ਹੀਦ ਊਧਮ ਸਿੰਘ ਅਤੇ ਰੋਲਟ ਐਕਟ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਉਹਨਾਂ ਜਥੇਬੰਦੀ ਦੇ ਮੋਢੀ ਅਤੇ ਬਜ਼ੁਰਗ ਆਗੂ ਜੋ ਬਿਮਾਰੀ ਦੀ ਹਾਲਤ ਕਰਕੇ ਹਾਜ਼ਰ ਨੂੰ ਹੋ ਸਕੇ, ਕਿਹਾ ਕਿ ਸੁਮਿੱਤਰ ਸਿੰਘ ਜੀ ਉਪਲ ਜੋ ਹੁਣ ਮੇਲੇ ਵਿਚ ਹਾਜਰ ਹੋਣ ਲਈ ਵਾਰ-ਵਾਰ ਆਖ ਰਹੇ ਸਨ, ਪਰ ਜ਼ਿਆਦਾ ਬਿਮਾਰੀ ਕਾਰਨ ਆ ਨਹੀਂ ਸਕੇ, ਉਹਨਾਂ ਆਪਣਾ ਸ਼ਹੀਦਾਂ ਨੂੰ ਯਾਦ ਕਰਦਿਆਂ ਸੁਨੇਹਾ ਭੇਜਿਆ ਹੈ ਜੋ ਮੈਂ ਸਭ ਨੂੰ ਦੱਸ ਦਿੱਤਾ ਹੈ।

ਗਿਆਨ ਸਿੰਘ ਬਿਲਗਾ ਜਿਹਨਾਂ ਦੀ ਸਿਹਤ ਵੀ ਠੀਕ ਨਾ ਹੋਣ ਕਰਕੇ ਆ ਨਹੀਂ ਸਕੇ, ਉਹਨਾਂ ਵੀ ਸਮੁੱਚੀ ਕਮੇਟੀ ਦੇ ਕੰਮ ਕਰਨ ਤੇ ਵਧਾਈ ਦਿੱਤੀ। ਸਮੁੱਚੀ ਕਮੇਟੀ ਨੂੰ ਸਟੇਜ ਤੋਂ ਹਾਜ਼ਰ ਲੋਕਾਂ ਨਾਲ ਜਾਣ ਪਛਾਣ ਕਰਵਾਈ ਗਈ। ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ, ਜਗਜੀਤ ਸਿੰਘ ਗਿੱਲ, ਸੁਰਿੰਦਰ ਗਿੱਲ, ਮਲਕੀਤ ਬੈਂਸ, ਰਕੇਸ਼ ਬੈਂਸ, ਬਲਵੰਤ ਜੀ, ਜੁਝਾਰ ਸਿੰਘ ਗਿੱਲ, ਜਰਨੈਲ ਸਿੰਘ ਸਰਪੰਚ, ਪ੍ਰਮਪ੍ਰੀਤ ਬਿੰਦਰਾ, ਗਗਨ ਬਿ-ੰਦਰਾ, ਕੇਵਲ ਬੋਲੀਨਾ, ਬਲਦੇਵ ਰਾਜ। ਕਿਰਪਾਲ ਸਿੰਘ ਸੰਧੂ ਆਦਿ ਸਭ ਕਮੇਟੀ ਮੈਂਬਰ।

ਚਰੰਜੀ ਲਾਲ ਕੰਗਣੀਵਾਲ ਅਤੇ ਬੀਬੀ ਮਲਵਿੰਦਰ ਕੌਰ ਨੂੰ ਜਥੇਬੰਦੀ ਵੱਲੋਂ ਸਟੇਜ ਤੇ ਸਨਮਾਨਿਤ ਵੀ ਕੀਤਾ ਗਿਆ। ਅੰਮ੍ਰਿਤਪਾਲ ਪਤਲਾਣਾ ਨੇ ਗਦਰੀ ਬਾਬਿਆਂ ਦੀ ਨੁਮਾਇਸ਼ ਅਖੀਰ ਤੱਕ ਜਾਰੀ ਰੱਖੀ। ਲੰਗਰ ਸ਼ਾਮ ਤੱਕ ਅਤੁੱਟ ਵਰਤਿਆ।

6 ਵਜੇ ਤੋਂ8 ਵਜੇ ਤੱਕ ਗੀਤ ਸੰਗੀਤ ਚਲਦਾ ਰਿਹਾ। ਕੈਨੇਡਾ ਤੋਂ ਪ੍ਰਸਿੱਧ ਗੀਤਕਾਰ ਮੱਖਣ ਬਰਾੜ ਨੇ ਆਪਣੇ ਸ਼ੇਅਰੋ-ਸ਼ਾਇਰੀ ਦੇ ਅੰਦਾਜ਼ ਨਾਲ ਲੋਕਾਂ ਨੂੰ ਬੰਨ੍ਹ ਕੇ ਬਿਠਾਈ ਰੱਖਿਆ।

ਹਰਦੀਪ ਗਿੱਲ ਜਿਸ ਆਪਣੀ ਬੁਲੰਦ ਆਵਾਜ਼ ਵਿਚ ਦੇਸ਼ ਭਗਤੀ ਅਤੇ ਸਭਿਆਚਾਰਕ ਗੀਤਾਂ ਦੀ ਛਹਿਬਰ ਲਾ ਛੱਡੀ, ਕੋਈ ਸ਼ਾਮ ਦੇ 8 ਵਜੇ ਤੱਕ, ਉਠ ਕੇ ਜਾਣ ਨੂੰ ਤਿਆਰ ਨਹੀਂ ਸੀ। ਆਖਿਰ ਮੱਖਣ ਬਰਾੜ ਨੇ ਸਮਾਪਤੀ ਦਾ ਐਲਾਨ ਕੀਤਾ ਤਾਂ ਮੇਲਾ ਖਤਮ ਹੋ ਗਿਆ।

ਇੱਥੇ ਇਕ ਵਾਰ ਫਿਰ ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ ਹਾਜ਼ਰ ਹੋਏ, ਸਭ ਲੋਕਾਂ ਦਾ ਧੰਨਵਾਦ ਕੀਤਾ ਅਤੇ ਅਗਲੇ ਸਾਲ ਫਿਰ ਮਿਲਣ ਦੀ ਤਾਂਘ ਨਾਲ ਮੇਲੇ ਦੀ ਸਮਾਪਤੀ ਕੀਤੀ।

**ਫੋਟੋ ਅਤੇ ਵੀਡੀਓ- ਓਮਨੀ ਵੀਡੀਓ ਦੁਆਰਾ**

**(ਤਸਵੀਰਾਂ ਦੇਖੋ ਸਫਾ 11 'ਤੇ)**


CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

NEW & USED
TIRES
WASH, LUBE, BRAKES

Call:
530-824-5134

LUCAS OIL LUCAS INJECTOR CLEANER $28.99

Call:
650-642-0697

3525 Highway 99, West Corning, CA 96021
Across the Street from TA Truck Stop

# ਨਿਆਂਪਾਲਿਕਾ ਦੇ ਇਤਿਹਾਸ ਵਿਚ ਇਕ ਹੋਰ ਕਾਲਾ ਪੰਨਾ ਜੋੜਿਆ, ਜਸਟਿਸ ਤਹਿਲਰਮਾਨੀ ਨੇ ਅਸਤੀਫਾ ਦੇ ਦਿੱਤਾ

ਨਿਆਂਪਾਲਿਕਾ ਦੇ ਇਤਿਹਾਸ ਵਿੱਚ 6 ਸਤੰਬਰ ਨੂੰ ਇੱਕ ਅਤੇ ਕਾਲਾ ਦਿਨ ਜੁੜ ਗਿਆ, ਅਤੇ ਇਸਦੇ ਨਾਲ ਹੀ ਸਰਵਉੱਚਤਮ ਨਿਆਇਕ ਸੰਸਥਾ ਦੀ ਸਰਕਾਰ ਦੇ ਸਹਮਣੇ ਦੁਖਦਾਇਕ ਸਮਰਪਣ ਦਾ ਚੱਕਰ ਵੀ ਪੂਰਾ ਹੋ ਗਿਆ ਹੈ। ਦਿਲਚਸਪ ਗੱਲ ਇਹ ਹੈ ਕਿ ਇਹ ਸਭ ਕੁਝ ਉਸ ਦੇ ਮੁੱਖ ਜੱਜ ਸਾਹਿਬ ਦੀ ਅਗਵਾਈ ਅਤੇ ਨਿਰਦੇਸ ਨਾਲ ਹੋਇਆ ਹੈ, ਜਿਹਨਾ ਨੇ ਇਸੇ ਸਰਕਾਰ ਦੇ ਸਮੇਂ ਲੋਕਤੰਤਰ ਦੇ ਖਾਤਮੇ ਦੀ ਦੁਹਾਈ ਪਈ ਸੀ। ਪਰ ਹੁਣ ਸਮੇਂ ਦੇ ਇਕ ਦੇ ਬਾਅਦ ਇੱਕ ਕੇਸ ਸਾਹਮਣੇ ਆ ਰਹੇ ਹਨ ਜਿਸਖਾਤਮੇ ਬਾਰੇ ਸ਼ੋਰ ਕਰਦੀਸੀ ਉਸ ਦੀ ਸਭ ਤੋਂ ਵੱਡਾ ਸੂਤਰਧਾਰ ਆਪਣੇ ਆਪ ਬਣ ਗਈ ਹੈ।

**ਦਿਲਚਸਪ ਗੱਲ ਇਹ ਹੈ ਕਿ ਇਹ ਪਹਿਲਾ ਅਸਤੀਫਾ ਹੈ ਜੋ ਕੋਲੇਜੀਅਮ ਨਾਲ ਉਸਦੇ ਮਤਭੇਦਾਂ ਕਾਰਨ ਹੋਇਆ ਹੈ। ਇਸ ਤੋਂ ਪਹਿਲਾਂ ਵੀ ਜੱਜਾਂ ਦੇ ਅਸਤੀਫੇ ਦਿੱਤੇ ਜਾ ਚੁੱਕੇ ਹਨ ਪਰ ਇਹ ਆਪਣੀ ਕਿਸਮ ਦਾ ਅਨੋਖਾ ਮਾਮਲਾ ਹੈ। ਹਾਲਾਂਕਿ, ਇੰਡੀਅਨ ਐਕਸਪ੍ਰੈਸ ਦੇ ਅਨੁਸਾਰ, 2017 ਵਿੱਚ, ਕਰਨਾਟਕ ਹਾਈ ਕੋਰਟ ਦੇ ਸੀਨੀਅਰ ਜੱਜ ਜੈਯੰਤ ਪਟੇਲ ਦਾ ਇਲਾਹਾਬਾਦ ਹਾਈ ਕੋਰਟ ਵਿੱਚ ਤਬਾਦਲਾ ਕਰ ਦਿੱਤਾ ਗਿਆ ਸੀ। ਫਿਰ ਉਸਨੇ ਅਸਤੀਫਾ ਦੇ ਦਿੱਤਾ ਪਰ ਇਸ ਦਾ ਕੋਈ ਕਾਰਨ ਨਹੀਂ ਦੱਸਿਆ। ਹਾਲਾਂਕਿ, ਉਹ ਕਰਨਾਟਕ ਹਾਈ ਕੋਰਟ ਵਿੱਚ ਦੂਜੇ ਸਭ ਤੋਂ ਮੁੱਖ ਜੱਜ ਸਨ। ਉਸਦੇ ਨਾਲ ਵੀ ਗੁਜਰਾਤ ਨਾਲ ਜੁੜਿਆ ਕੇਸ ਵੀ ਸੀ। ਜਿਸ ਵਿੱਚ ਉਹ ਗੁਜਰਾਤ ਹਾਈ ਕੋਰਟ ਦਾ ਜੱਜ ਸੀ ਅਤੇ ਇਸ਼ਰਤ ਜਹਾਨ ਝੂਠੇ ਮੁਕਾਬਲੇ ਵਿੱਚ ਸੀ ਬੀ ਆਈ ਜਾਂਚ ਦੇ ਆਦੇਸ਼ ਦਿੱਤੇ ਸਨ। ਹੁਣ ਕਿਸੇ ਲਈ ਇਹ ਸਮਝਣਾ ਮੁਸ਼ਕਲ ਨਹੀਂ ਹੈ ਕਿ ਉਸ ਨੂੰ ਕਿਉਂ ਤਬਦੀਲ ਕੀਤਾ ਗਿਆ ਅਤੇ ਫਿਰ ਉਸਨੇ ਅਸਤੀਫ਼ਾ ਕਿਉਂ ਦਿੱਤਾ।**



ਇਕ ਡਰੀ ਹੋਈ ਨਿਆਂਪਾਲਿਕਾ ਭੱਲਾ ਕਿਸੇਆਮ ਨਾਗਰਿਕ ਨੂੰ ਬਣਦਾ ਇਨਸਾਫ ਕਿਵੇ ਦਵਾ ਪਾਏਗੀ, ਜੋ ਖੁਦਆਪਣੇ ਦੇ ਜੱਜ ਦੇ ਨਾਲ ਨਿਆਏ ਨਹੀ ਕਰ ਪਾ ਰਹੀ ਅਤੇ ਉਹ ਵੀ ਇਕ ਔਰਤ ਜੱਜ ਦੇ ਨਾਲ। ਜੀ ਹਾਂ, ਅਸੀਂ ਇੱਥੇ ਮਦਰਾਸ ਹਾਈਕੋਰਟ ਦੀ ਚੀਫ ਜਸਟਿਸ ਵਿਜੇ ਕੇ ਤਾਹੀਲਰਮਾਨੀ ਦੀ ਗਲ ਕਰ ਰਹੇ ਹਾਂ। ਉਸਨੇ ਹਾਕੀਕੋਰਟ ਦੀ ਚੀਫ ਜਸਟਿਸ ਪਦ ਤੋਂ ਕੱਲ ਅਸਤੀਫਾ ਦੇ ਦਿੱਤਾ। ਅਜੇ ਉਨ੍ਹਾਂ ਦੀ ਸੇਵਾ ਵਿੱਚ ਇੱਕ ਸਾਲ ਤੋਂ ਵੱਧ ਸਮਾਂ ਬਚਦਾ ਸੀ। ਇਹ ਅਸਤੀਫਾ ਨਿੱਜੀ ਕਾਰਨਾਂ ਕਰਕੇ ਨਹੀ ਅਤੇ ਕੋਈ ਸਿਹਤ ਦੇ ਕਾਰਨ ਨਹੀਂ ਹੈ ਜਾਂ ਵਿਅਕਤੀਗਤ ਕਾਰਨਾ ਕਾਰਨ ਨਹੀਂ ਦਿਤਾ। ਇਹ ਸਿੱਧਾ-ਸਿੱਧਾ ਉਸਦੇ ਨਾਲ ਹੋਏ ਅਨਿਆਏ ਦੇ ਜਵਾਬ ਦਾ ਰੂਪ ਵਿਚ ਹੈ।

ਦਰਅਸਲ ਉਹਨਾ ਦਾ ਤਬਾਦਲਾ ਤਿੰਨ ਜੱਜਾਂ ਵਾਲੀ ਮੇਘਾਲਿਆ ਹਾਈਕੋਰਟ ਵਿਚ ਕਰ ਦਿਤਾ ਗਿਆ ਸੀ, ਨਾਲ ਹੀ ਉਥੋਂ ਦੇ ਚੀਫ ਜਸਟਿਸ ਏ ਕੇ ਮਿੱਤਲ ਦਾ ਤਬਾਦਲਾ ਮਦਰਾਸ ਹਾਈਕੋਰਟ ਕਰ ਦਿੱਤਾ ਗਿਆ। ਤਾਹੀਲਰਮਾਨੀ ਨੇ ਕੋਲੇਜਿਯਮ ਨੂੰ ਆਪਣੇ ਫੈਸਲੇ ਨੂੰ ਦੁਬਾਰਾ ਵਿਚਾਰ ਕਰਨ ਲਈ ਕਿਹਾ ਸੀ ਪਰ ਕੋਲੇਜੀਅਮ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ। ਅਤੇ ਉਸ ਨੇ ਮੇਘਲਿਆ ਹਾਈਕੋਰਟ ਜੁਆਇਨ ਕਰਨ ਦੇ ਨਿਰਦੇਸ਼ ਦੇ ਦਿੱਤੇ। ਬਹੁਤ ਹੀ ਇਮਾਨਦਾਰ ਅਤੇ ਆਪਣੇ ਕਈ ਇਤਿਹਾਸਕ ਫੈਸਲਿਆਂ ਲਈ ਜਾਣੀ ਜਾਣ ਵਾਲੀ ਜਸਟਿਸ ਤਾਹੀਲਰਮਾਨੀ ਦਾ ਨਾਂ ਸਿਰਫ ਇਹ ਡੀਮੋਸ਼ਨ ਸੀ ਬਲਕਿ ਇਕ ਤਰਾਂ ਨਾਲ ਅਪਮਾਨ ਵੀ ਸੀ। ਕਿਉਂਕਿ 75 ਜੱਜਾਂ ਵਾਲੇ ਮਦਰਾਸ ਹਾਈਕੋਰਟ ਦੇ ਮੁੱਖੀਆ ਦੇ ਪਦ ਤੋਂ ਹਟਾਉਣ ਅਤੇ ਤਿੰਨ ਜੱਜਾਂ ਵਾਲੀ ਮੇਘਾਲਿਆ ਹਾਈਕੋਰਟ ਭੇਜਿਆ ਜਾ ਰਿਹਾਸੀ, ਅਤੇ ਵੈਸੇ ਵੀ ਮਦਰਸ ਹਾਈਕੋਰਟ ਦੇਸ਼ ਦੇ ਚਾਰ ਸਭ ਤੋਂ ਪੁਰਾਣੇ ਹਾਈਕੋਰਟਾਂ ਵਿਚ ਸਾਮਲ ਕੀਤਾ ਜਾਂਦਾ ਹੈ।

ਜਦੋਂ ਕਿ ਇਸ ਸਮੇਂ ਉਸ ਨੇ ਕਿਸੇ ਵੀ ਤਰ੍ਹਾਂ ਦੀ ਗਲਤੀ ਨਹੀਂ ਕੀਤੀ ਸੀ। ਤਬਾਦਲੇ ਦੀ ਖ਼ਬਰਾਂ ਆਉਣ ਨਾਲ ਦੱਸਦੇ ਹਨ ਕਿ ਪੂਰੇ ਮਦਰਾਸ ਦੀ ਬਾਰ ਹੈਰਾਨ ਰਹਿ ਗਏ ਸੀ। ਦਰਅਸਲ ਦਸਿਆ ਇਹ ਜਾ ਰਿਹਾ ਹੈ ਕਿ ਬਾਂਬੇ ਹਾਈਕੋਰਟ ਦੀ ਕਾਰਜਕਾਰੀ ਚੀਫ ਜਸਟਿਸ ਰਹਿੰਦੇ ਗੁਜਰਾਤ ਦੇ ਸਬੰਧਾਂ ਵਿਚ ਦਿਤਾ ਇਕ ਫੈਸਲਾ ਉਸ ਦੇ ਗਲੇ ਦੀ ਹੱਡੀ ਬਣ ਗਈ ਸੀ।ਕਿਹਾ ਜਾਂਦਾ ਹੈ ਕਿ ਬਿਲਕਿਸ ਬਾਨੋ ਨਾਲ ਗੁਜਰਾਤ ਦੰਗਿਆਂ ਦੌਰਾਨਹਿੰਸਾ ਹੋਈ ਸੀਅਤੇ ਬਲਾਤਕਾਰ ਕਾਂਡ ਵਿੱਚ ਬੰਬੇ ਹਾਈ ਕੋਰਟ ਨੇ ਸਾਲ 2017 ਵਿੱਚ ਸੁਣਾਈ ਗਈ ਸਜ਼ਾ ਵਿੱਚ ਪੁਰਾਣੇ ਫੈਸਲੇ ਨੂੰ ਬਰਕਰਾਰ ਰੱਖਿਆ ਸੀ,ਅਤੇ ਸਾਰੇ ਦੋਸ਼ੀਆਂ ਨੂੰ ਉਨ੍ਹਾਂ ਦੇ ਕੀਤੇ ਗੁਨਾਹਾਂ ਅਨੁਸਾਰ ਉਮਰ ਕੈਦ ਸਮੇਤ ਵੱਖ-ਵੱਖ ਸਜ਼ਾਵਾਂ ਦਿੱਤੀਆਂ ਗਈਆਂ ਸਨ। ਸ਼ਾਇਦ ਇਹੀ ਗੱਲ ਕੇਂਦਰ ਦੀ ਮੌਜੂਦਾ ਕੇਂਦਰ ਸਰਕਾਰ ਨੂੰ ਠੀਕ ਨਹੀਂ ਲਗੀ, ਅਤੇ ਇਹ ਸਰਕਾਰ ਬਦਲਾ ਲੈਣ ਲਈ ਬਦਨਾਮ ਹੈ। ਹਾਲਾਂਕਿ, ਇਹ ਬਦਲਾ ਅਜੇ ਵੀ ਰਾਜਨੀਤਿਕ ਦਲਾਂ ਤੱਕ ਸੀਮਤ ਸੀ। ਪਰ ਜਿਵੇਂ ਇਹ ਮਾਮਲਾ ਸਾਹਮਣੇ ਆ ਰਹੇ ਹਨ, ਇਹ ਸਪੱਸ਼ਟ ਹੋ ਗਿਆ ਹੈ ਕਿ ਉਸ ਨੇ ਨਾ ਸਿਰਫ ਨਿਆਂਪਾਲਿਕਾ ਵਿਚ ਦਖਲ ਦਿੱਤਾ ਹੈ, ਬਲਕਿ ਇਕ ਤਰੀਕੇ ਨਾਲ ਉਸ ਦੇ ਆਪਣੇ ਕਬਜ਼ੇ ਵਿਚ ਚਲੀ ਗਈ ਹੈ। ਜਸਟਿਸ ਅਕੀਲ ਕੁਰੈਸ਼ੀ ਦੇ ਮੱਧ ਪ੍ਰਦੇਸ਼ ਹਾਈ ਕੋਰਟ ਦੇ ਚੀਫ ਜਸਟਿਸ ਨਾਂਬਣਨ ਦੇਣ ਕਾਰਨ ਨੂੰ ਲੈ ਕੇ ਸਾਬਕਾ ਵਿੱਤ ਮੰਤਰੀ ਪੀ. ਚਿਦੰਬਰਮ ਤੱਕ ਦੇ ਕੇਸ ਵਿਚ ਇਸ ਗੱਲ ਨੂੰ ਸਾਫ ਦੇਖਿਆ ਜਾ ਸਕਦਾ ਹੈ।

ਦਿਲਚਸਪ ਗੱਲ ਇਹ ਹੈ ਕਿ ਇਹ ਪਹਿਲਾ ਅਸਤੀਫਾ ਹੈ ਜੋ ਕੋਲੇਜੀਅਮ ਨਾਲ ਉਸਦੇ ਮਤਭੇਦਾਂ ਕਾਰਨ ਹੋਇਆ ਹੈ। ਇਸ ਤੋਂ ਪਹਿਲਾਂ ਵੀ ਜੱਜਾਂ ਦੇ ਅਸਤੀਫੇ ਦਿੱਤੇ ਜਾ ਚੁੱਕੇ ਹਨ ਪਰ ਇਹ ਆਪਣੀ ਕਿਸਮ ਦਾ ਅਨੋਖਾ ਮਾਮਲਾ ਹੈ। ਹਾਲਾਂਕਿ, ਇੰਡੀਅਨ ਐਕਸਪ੍ਰੈਸ ਦੇ ਅਨੁਸਾਰ, 2017 ਵਿੱਚ, ਕਰਨਾਟਕ ਹਾਈ ਕੋਰਟ ਦੇ ਸੀਨੀਅਰ ਜੱਜ ਜੈਯੰਤ ਪਟੇਲ ਦਾ ਇਲਾਹਾਬਾਦ ਹਾਈ ਕੋਰਟ ਵਿੱਚ ਤਬਾਦਲਾ ਕਰ ਦਿੱਤਾ ਗਿਆ ਸੀ। ਫਿਰ ਉਸਨੇ ਅਸਤੀਫਾ ਦੇ ਦਿੱਤਾ ਪਰ ਇਸ ਦਾ ਕੋਈ ਕਾਰਨ ਨਹੀਂ ਦੱਸਿਆ।

ਹਾਲਾਂਕਿ, ਉਹ ਕਰਨਾਟਕ ਹਾਈ ਕੋਰਟ ਵਿੱਚ ਦੂਜੇ ਸਭ ਤੋਂ ਮੁੱਖ ਜੱਜ ਸਨ। ਉਸਦੇ ਨਾਲ ਵੀ ਗੁਜਰਾਤ ਨਾਲ ਜੁੜਿਆ ਕੇਸ ਵੀ ਸੀ। ਜਿਸ ਵਿੱਚ ਉਹ ਗੁਜਰਾਤ ਹਾਈ ਕੋਰਟ ਦਾ ਜੱਜ ਸੀ ਅਤੇ ਇਸ਼ਰਤ ਜਹਾਨ ਝੂਠੇ ਮੁਕਾਬਲੇ ਵਿੱਚ ਸੀ ਬੀ ਆਈ ਜਾਂਚ ਦੇ ਆਦੇਸ਼ ਦਿੱਤੇ ਸਨ। ਹੁਣ ਕਿਸੇ ਲਈ ਇਹ ਸਮਝਣਾ ਮੁਸ਼ਕਲ ਨਹੀਂ ਹੈ ਕਿ ਉਸ ਨੂੰ ਕਿਉਂ ਤਬਦੀਲ ਕੀਤਾ ਗਿਆ ਅਤੇ ਫਿਰ ਉਸਨੇ ਅਸਤੀਫ਼ਾ ਕਿਉਂ ਦਿੱਤਾ।

ਤਾਹਿਲਰਮਾਨੀ ਦਾ ਇਹ ਤਬਾਦਲਾ 28 ਅਗਸਤ ਨੂੰ ਹੋਇਆ ਸੀ, ਅਤੇ ਉਸੇ ਦਿਨ ਹੀ ਕੋਲੇਜੀਅਮ ਨੇ ਮੇਘਾਲਿਆ ਹਾਈਕੋਰਟ ਦੇ ਚੀਫ਼ ਜਸਟਿਸ ਏ ਕੇ ਮਿੱਤਲ ਨੂੰ ਮਦਰਾਸ ਹਾਈ ਕੋਰਟ ਵਿੱਚ ਤਬਦੀਲ ਕਰ ਦਿੱਤਾ। ਉਸ ਦਿਨ ਹੋਈ ਕੋਲੇਜੀਅਮ ਦੀ ਬੈਠਕ ਵਿਚ ਚੀਫ਼ ਜਸਟਿਸ ਰੰਜਨ ਗੋਗੋਈ ਤੋਂ ਇਲਾਵਾ ਜਸਟਿਸ ਐਸ.ਏ. ਬੋਬੜੇ, ਜਸਟਿਸ ਐਨ.ਵੀ. ਰਮਣਾ, ਜਸਟਿਸ ਅਰੁਣ ਮਿਸ਼ਰਾ ਅਤੇ ਜਸਟਿਸ ਰੋਹਿੰਗਟਨ ਐਫ. ਨਰੀਮਨ ਸ਼ਾਮਲ ਸਨ।

ਉਸ ਤੋਂ ਬਾਅਦ ਜਸਟਿਸ ਤਾਹਿਲਰਮਾਣੀ ਨੇ 2 ਸਤੰਬਰ ਨੂੰ ਕੋਲੇਜੀਅਮ ਨੂੰ ਆਪਣੇ ਫੈਸਲੇ ਉੱਤੇ ਮੁੜ ਵਿਚਾਰ ਕਰਨ ਦੀ ਬੇਨਤੀ ਕੀਤੀ। ਪਰ ਅਗਲੇ ਹੀ ਦਿਨ, 3 ਸਤੰਬਰ ਨੂੰ, ਕਾਲੋਜਿਅਮ ਨੇ ਆਪਣਾ ਫੈਸਲਾ ਬਦਲਣ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਕਿਹਾ ਕਿ ਕੋਲੇਜੀਅਮ ਨੇ ਜਸਟਿਸ ਤਾਹਿਲਰਮਾਣੀ ਦੀ ਅਰਜ਼ੀ ਨੂੰ ਠੰਡੇ ਦਿਮਾਗ ਨਾਲ ਵਿਚਾਰਿਆ ਅਤੇ ਹੋਰ ਸਾਰੇ ਢੁਕਵੇਂ ਤੱਥਾਂ 'ਤੇ ਵੀ ਝਾਤ ਪਾਈ। ਸਾਰੇ ਪਹਿਲੂਆਂ ਨੂੰ ਵੇਖਣ ਤੋਂ ਬਾਅਦ, ਕੋਲੇਜਿਅਮ ਇਸ ਨਤੀਜੇ ਤੇ ਪਹੁੰਚ ਗਿਆ ਕਿ ਉਸਦੀ ਬੇਨਤੀ ਨੂੰ ਸਵੀਕਾਰ ਕਰਨ ਦੀ ਕੋਈ ਸੰਭਾਵਨਾ ਨਹੀਂ ਹੈ। ਮਦਰਾਸ ਹਾਈ ਕੋਰਟ ਦੇ ਚੀਫ ਜਸਟਿਸ ਬਣਨ ਤੋਂ ਪਹਿਲਾਂ ਜਸਟਿਸ ਤਾਹਿਲਰਮਾਣੀ ਬੰਬੇ ਹਾਈ ਕੋਰਟ ਦੇ ਤਿੰਨ ਵਾਰ ਕਾਰਜਕਾਰੀ ਚੀਫ਼ ਜਸਟਿਸ ਰਹੇ। 2001 ਵਿੱਚ ਉਸਨੂੰ ਬੰਬੇ ਹਾਈ ਕੋਰਟ ਵਿੱਚ ਨਿਯੁਕਤ ਕੀਤਾ ਗਿਆ ਸੀ। ਇਸਤੋਂ ਪਹਿਲਾਂ ਉਹ ਮਹਾਰਾਸ਼ਟਰ ਸਰਕਾਰ ਦੀ ਵਕੀਲ ਸੀ। ਬਹੁਤ ਸਾਰੇ ਫੈਸਲਿਆਂ ਵਿਚੋਂ, ਉਸ ਦੇ ਫੈਸਲਿਆਂ ਵਿਚੋਂ, ਜੇਲ ਵਿਚ ਹੁੰਦਿਆਂ ਔਰਤ ਕੈਦੀਆਂ ਨੂੰ ਦਿੱਤਾ ਗਿਆ ਗਰਭਪਾਤ ਦੇ ਪ੍ਰਮੁੱਖ ਦਾ ਅਧਿਕਾਰ ਹੈ।




KB USED AUTO SALES



8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

K&K AUTO REPAIR
and Car Wash
63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# ਧੀ-ਜਵਾਈ

ਨੀ ਬਾਬਲ ਮੇਰੇ ਕੰਤ ਟੋਲਿਆ ਲੱਗਦਾ ਮੰਜੇ ਦਾ ਪਾਵਾ
ਜਦੋਂ ਨਾਲ ਮਾਹੀ ਦੇ ਤੁਰਦੀ ਤੇ ਫਿਰ ਹੁੰਦੀ ਛਾਵਾ ਛਾਵਾ
ਜੋੜੀਆਂ ਹੈਂ ਜੱਗ ਥੋੜ੍ਹੀਆਂ ਬੱਸ ਉਹਦੇ ਹੀ ਕਾਜ਼ ਰਚਾਏ
ਤੇਰਾ ਵੇਖ ਜਵਾਈ ਮਧਰਾ ਧੀ ਤੇਰੀ ਲੰਮੀ ਨੀ ਮਾਏ।

ਉਹ ਤਾਂ ਅਨੰਦ ਕਾਰਜ ਦੀ ਰਸਮ ਸਮੇਂ ਜਦ ਮੂਹਰੇ ਹੋ ਕੇ ਤੁਰਿਆ
ਮੈਂ ਨੀਵੀਂ ਪਾ ਕੇ ਤੇ ਥੋੜ੍ਹੀ ਝੁਕੀ ਮੈਨੂੰ ਫੁਰਨਾ ਤਾਂ ਇਕ ਫੁਰਿਆ
ਜੋੜੀ ਥੋੜ੍ਹੀ ਬਹੁਤ ਤਾਂ ਜਚਦੀ ਸੀ ਪਰ ਸ਼ਰਮ ਮੈਨੂੰ ਪਈ ਆਵੇ
ਤੇਰਾ ਵੇਖ ਜਵਾਈ ਮਧਰਾ ਧੀ ਤੇਰੀ ......

ਸੱਸ ਵਾਰ ਕੇ ਪਾਣੀ ਪੀਤਾ ਖੂਬ ਵੱਜੀ ਫਿਰ ਤਾੜੀ
ਇਕੱਲੀ ਤਾੜੀ ਨਹੀਂ ਫਿਰ ਗੱਲਾਂ ਤੁਰੀਆਂ ਵਿਗਾੜੀ
ਇੱਥੇ ਮਤਲਬ ਕੱਢਣ ਲਈ ਵਿਚੋਲਿਆਂ ਬੁੱਧੂ ਲੋਕ ਬਣਾਏ
ਤੇਰਾ ਵੇਖ ਜਵਾਈ ਮਧਰਾ ਧੀ ਤੇਰੀ ......

ਸ਼ਹਿਰ ਗਿਆ ਫਿਰ ਉੱਚੀ ਅੱਡੀ ਦੇ ਬੂਟ ਤਾਂ ਲੈ ਕੇ ਆਇਆ
ਕਹਿੰਦਾ ਲੰਮ ਸਲੰਮਾ ਗੱਭਰੂ ਲੱਗਾ ਬੜਾ ਭੁਲੇਖਾ ਪਾਇਆ
ਉਹਨੇ ਪੱਬਾਂ ਭਾਰ ਖੜੋ ਕੇ ਮੇਰੇ ਨਾਲ ਫੋਟੋ ਬੜੇ ਖਿਚਾਏ
ਤੇਰਾ ਵੇਖ ਜਵਾਈ ਮਧਰਾ ਧੀ ਤੇਰੀ ......

ਤਾਹੀਉਂ 'ਦੇਵ ਘੋਲੀਏ' ਵਾਲਾ ਤਾਂ ਮੇਰੇ ਬੋਲੇ ਨਾ ਕਦੇ ਮੂਹਰੇ
ਜੇ ਕੋਈ ਬੋਲਿਆ ਸਣੇ ਵਿਚੋਲਣ ਪੈਂਦੇ ਵੇਖੀ ਹੂਰੇ
ਕਹਿੰਦੇ ਚੁੱਪ ਕਰਕੇ ਤੂੰ ਬਹਿਜਾ ਤੇ ਤੇਰੇ ਧੁਰੋਂ ਸੰਯੋਗ ਮਿਲਾਏ
ਤੇਰਾ ਵੇਖ ਜਵਾਈ ਮਧਰਾ ਧੀ ਤੇਰੀ ਲੰਮੀ ਨੀ ਮਾਏ



ਦੇਵ ਘੋਲੀਆ ਖੁਰਦ (ਫਰਿਜ਼ਨੋ)
559-232-7764

# ਗ਼ਜ਼ਲ

ਮੈਂ ਅਜੇ ਨਿੱਕਾ ਹਾਂ ਭਾਵੇਂ, ਕਾਇਮ ਕਰ ਦੇਣੀ ਮਿਸਾਲ।
ਰੋਕਿਉ ਨਾ,ਮੈਂ ਲਵਾਂਗਾ, ਦਸਤਪੰਜਾ ਵਕਤ ਨਾਲ।

ਸੂਰਜੇ ਤੋਂ ਪਾਰ ਖੇਡਣ ਜਾ ਕੇ ਸ਼ਾਮੀ ਪਰਤਦਾ ਹਾਂ,
ਬਾਜ਼ ਦਾ ਬੱਚਾ ਹਾਂ ਯਾਰੋ, ਸ਼ਿਕਰਿਆਂ ਦੀ ਕੀ ਮਜ਼ਾਲ।

ਆਖਦੈਂ ਇਨਸਾਨ ਹਾਂ ਮੈਂ, ਕਿਉਂ ਨਾ ਮੂੰਹੋਂ ਬੋਲਦਾ ਤੂੰ,
ਹੈ ਪਕੇਰੀ ਸਰਬ ਲੋਹ ਤੋਂ , ਤੇਰੇ ਪੱਲੇ ਸ਼ਬਦ ਢਾਲ।

ਧਰਮ ਤੇ ਇਖ਼ਲਾਕ ਗਿਰਵੀ ਕਰਨ ਵਾਲੇ ਕੂਕਦੇ ਨੇ,
ਧਰਮ ਦੀ ਰਾਖੀ ਚ ਆਪਾਂ ਕਾਇਮ ਕਰ ਦੇਣੀ ਮਿਸਾਲ।

ਮੈਂ ਕਿਉਂ ਪੈਰਾਂ ਚ ਪਾਵਾਂ ਝਾਂਜਰਾਂ ਦਰਬਾਰ ਤੇਰੇ,
ਕਲਮ ਦੀ ਵੀ ਲਾਜ ਹੁੰਦੀ, ਕਿਉਂ ਬਣਾਂ ਮੰਡੀ ਦਾ ਮਾਲ।

ਭਰਮ ਨਾ ਮੈਨੂੰ ਇਹ ਕੋਈ, ਸਫ਼ਰ ਤਿੱਖੀ ਤੇਜ਼ ਧਾਰ,
ਮੈਂ ਤੁਰਾਂਗਾ ਏਸ ਉੱਤੇ, ਵੇਖ ਲਈਂ ਤੂੰ ਸਿਦਕ ਨਾਲ।

ਬਦਲਿਆ ਬਾਣਾ ਤੇ ਤਾਣਾ ਤਣ ਲਿਆ ਜੱਲਾਦ ਨੇ,
ਝਟਕਿਉਂ ਜੇ ਬਚ ਗਿਆ ਤਾਂ, ਲਾਜ਼ਮੀ ਕਰਨਾ ਹਲਾਲ।



-ਗੁਰਭਜਨ ਗਿੱਲ
91-98726 31199

# ਕਵਿਤਾ/ ਪਾਰਕ



ਪਾਪਾ ਜੀ, ਪਾਰਕ ਨੂੰ ਚੱਲੀਏ,
ਮੇਰੀ ਪਸੰਦਦਾ ਝੂਲਾ ਮੱਲੀਏ।
ਘੜੀ ਤੇ ਵੇਖੋ ਵੱਜ ਗਏ ਚਾਰ,
ਛੇਤੀ ਜ਼ਰਾ ਕੁ ਹੋਵੋ ਤਿਆਰ।
ਲੇਟ ਜਾਣ ਤੇ ਮਿਲੇ ਨਾ ਵਾਰੀ,
ਝੂਲੇ ਤੇ ਭੀੜ ਹੋ ਜਾਂਦੀ ਭਾਰੀ।
ਆਉਣਗੇ ਮੇਰੇ ਤਿੰਨੋਂ ਆੜੀ,
ਰੌਣਕ, ਰੋਮਾਂਚਕ ਤੇ ਤਿਵਾੜੀ।
ਕਰੂੰਗਾ ਮੈਂ ਉੱਥੇ ਜਾ ਕੇ ਪੀਟੀ,
ਮੋਹੀ ਦੇ ਹੱਥ 'ਚ ਹੋਵੂ ਸੀਟੀ।
ਅੱਧਾ ਘੰਟਾ ਕਰੂੰ ਦੱਬ ਕੇ ਸ਼ੈਰ,
ਪ੍ਰੈਕਟਿਸ ਨਾਲ ਤੇਜ਼ ਹੋਣੇ ਪੈਰ।
ਬੀਮਾਰੀ ਉੱਪਰ ਪਾਉਣੀ ਜਿੱਤ,
ਇਹ ਵੀ ਮੇਰੀ ਹੈ ਪੱਕੀ ਜਿੱਦ।
'ਚਮਨ' ਕਹੇ ਸਭ ਪਾਰਕ ਜਾਓ,
ਬੱਚਿਓ ਚੰਗੀ ਸਿਹਤ ਬਣਾਓ।



- ਚਮਨਦੀਪ ਸ਼ਰਮਾ
91-95010-33005

# 'ਨਿੱਕੇ' ਦੇ ਨਵੇਂ ਕਾਰਨਾਮੇ ਪਰਦੇ 'ਤੇ ਪੇਸ਼ ਕਰੇਗੀ ਫਿਲਮ 'ਨਿੱਕਾ ਜ਼ੈਲਦਾਰ-3'



ਸਿਮਰਜੀਤ ਪੰਜਾਬੀ ਸਿਨਮੇ ਦਾ ਇੱਕ ਜਾਣਿਆ ਪਛਾਣਿਆ ਨਿਰਦੇਸ਼ਕ ਹੈ ਜਿਸਨੇ 'ਅੰਗਰੇਜ' ਫਿਲਮ ਦੀ ਪ੍ਰਸਿੱਧੀ ਤੋਂ ਬਾਅਦ 'ਨਿੱਕਾ ਜੈਲਦਾਰ' ਲੜੀ ਦੀਆਂ ਸੁਪਰਹਿੱਟ ਫਿਲਮਾਂ ਦਾ ਨਿਰਮਾਣ ਕੀਤਾ । ਸਿਮਰਜੀਤ ਇੰਨੀਂ ਇਸੇ ਲੜੀ ਦੀ ਅਗਲੀ ਫਿਲਮ ਨਿੱਕਾ ਜ਼ੈਲਦਾਰ 3 ਲੈ ਕੇ ਆ ਰਿਹਾ ਹੈ। ਪਟਿਆਲਾ ਮੋਸ਼ਨ ਪਿਕਚਰਜ਼ ਅਤੇ ਵਾਇਓਕੋਮ 18 ਸਟੂਡੀਓ ਦੇ ਬੈਨਰ ਹੇਠ ਇਸ ਫਿਲਮ ਦੀ ਕਹਾਣੀ, ਡਾਇਲਾਗ ਤੇ ਸਕਰੀਨ ਪਲੇਅ ਜਗਦੀਪ ਸਿੱਧੂ ਅਤੇ ਗੁਰਪ੍ਰੀਤ ਸਿੰਘ ਪਲਹੇੜੀ ਨੇ ਲਿਖਿਆ ਹੈ। ਬੀਤੇ ਦਿਨੀਂ ਰਿਲੀਜ਼ ਹੋਏ ਟਰੇਲਰ ਨੂੰ ਦਰਸ਼ਕਾਂ ਦਾ ਬੇਹੱਦ ਪਿਆਰ ਮਿਲ ਰਿਹਾ ਹੈ। ਫਿਲਮ ਵਿੱਚ ਨਵੇਂ ਵਿਸ਼ੇ ਤੀ ਤਾਜਗੀ ਭਰੀ ਕਾਮੇਡੀ ਦੇ ਨਾਲ ਨਾਲ ਵਹਿਮਾਂ ਭਰਮਾਂ ਦੇ ਚੱਕਰਾਂ ਤੋਂ ਦੂਰ ਰਹਿਣ ਦਾ ਸਮਾਜਿਕ ਸੁਨੇਹਾ ਵੀ ਹੈ।


ਫਿਲਮ ਵਿੱਚ ਨਿੱਕਾ ਆਪਣੇ ਪਿਆਰ ਲਈ ਆਪਣੇ ਮਰ ਚੁੱਕੇ ਕੰਜੂਸ ਬਾਪੂ ਦਾ ਆਪਣੇ ਵਿੱਚ ਭੂਤ ਆਉਣ ਦਾ ਡਰਾਮਾ ਕਰਦਾ ਹੈ ਇਹ ਡਰਾਮਾ ਉਸਨੂੰ ਕਿੱਥੇ ਕਿੱਥੇ ਭਾਰੂ ਪੈਂਦਾ ਹੈ ਇਹ ਫਿਲਮ ਦਾ ਬਹੁਤ ਹੀ ਦਿਲਚਸਪ ਹਿੱਸਾ ਹੈ। ਇਸ ਫ਼ਿਲਮ ਰਾਹੀਂ ਦਰਸ਼ਕ ਵਾਮਿਕਾ ਗੱਬੀ ਅਤੇ ਐਮੀ ਵਿਰਕ ਦੀ ਜੋੜੀ ਨੂੰ ਇੱਕ ਵਾਰ ਫਿਰ ਰੁਮਾਂਟਿਕ ਕਿਰਦਾਰਾਂ ਵਿੱਚ ਵੇਖਣਗੇ। ਇਸ ਤੋਂ ਇਲਾਵਾ ਸਰਦਾਰ ਸੋਹੀ, ਨਿਰਮਲ ਰਿਸ਼ੀ, ਨਿਸ਼ਾ ਬਾਨੋ, ਗੁਰਮੀਤ ਸਾਜਨ, ਗੁਰਪ੍ਰੀਤ ਕੌਰ ਭੰਗੂ, ਬਨਿੰਦਰ ਬਨੀ, ਕਾਕਾ ਕੌਤਕੀ, ਪਰਮਿੰਦਰ ਕੌਰ ਗਿੱਲ, ਸੁਖਵਿੰਦਰ ਚਹਿਲ ਆਦਿ ਕਲਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ ਹਨ। ਫਿਲਮ ਦਾ ਗੀਤ ਸੰਗੀਤ ਵੀ ਹਰ ਵਾਰ ਦੀ ਤਰਾਂ ਬਹੁਤ ਹੀ ਮਨਮੋਹਨਾ ਅਤੇ ਕਹਾਣੀ ਮੁਤਾਬਕ ਹੋਵੇਗਾ। ਫਿਲਮ ਦੇ ਨਿਰਮਾਤਾ ਅਮਨੀਤਸ਼ੇਰ ਸਿੰਘ, ਰਮਨੀਤਸ਼ੇਰ ਸਿੰਘ ਅਤੇ ਵਾਈਕੋਮ 18 ਸਟੂਡੀਓ ਹਨ। ਇਹ ਫਿਲਮ 20 ਸਤੰਬਰ ਨੂੰ ਪੰਜਾਬ ਅਤੇ ਵਿਦੇਸਾਂ ਦੇ ਸਿਨਮਾ ਘਰਾਂ 'ਚ ਰਿਲੀਜ਼ ਹੋ ਰਹੀ ਹੈ।

- ਹਰਜਿੰਦਰ ਸਿੰਘ ਜਵੰਦਾ

# ਗਲੋਬਲ ਟੀਚਰ ਪੁਰਸਕਾਰ, ਅਧਿਆਪਕ ਵਰਗ ਨੂੰ ਉਤਸ਼ਾਹਿਤ ਕਰਨ ਲਈ ਇੱਕ ਵੱਡਾ ਉਪਰਾਲਾ

ਅਧਿਆਪਨ ਇਕ ਉੱਚਾ-ਸੁੱਚਾ ਪਵਿੱਤਰ ਕਿੱਤਾ ਹੈ, ਜਿਸ ਦੇ ਬਦੌਲਤ ਹੀ ਕਿਸੇ ਵੀ ਸਮਾਜ ਜਾਂ ਰਾਸ਼ਟਰ ਦੇ ਸੁਨਹਿਰੀ ਭਵਿੱਖ ਦੀ ਨੀਂਹ ਰੱਖੀ ਜਾ ਸਕਦੀ ਹੈ। ਮਾਪੇ ਬੱਚੇ ਨੂੰ ਜਨਮ ਦਿੰਦੇ ਹਨ ਪਰ ਅਧਿਆਪਕ ਉਸ ਨੂੰ ਸਹੀ ਅਰਥਾਂ ਵਿਚ ਜ਼ਿੰਦਗੀ ਜਿਊਣਾ ਸਿਖਾਉਂਦਾ ਹੈ। ਇਕ ਚੰਗਾ ਅਧਿਆਪਕ ਆਪਣੇ ਵਿਦਿਆਰਥੀਆਂ ਦਾ ਮਾਤਾ-ਪਿਤਾ ਬਣ ਕੇ ਉਨ੍ਹਾਂ ਨੂੰ ਕਾਮਯਾਬੀ ਦੀਆਂ ਮੰਜ਼ਿਲਾਂ ਵਲ ਅੱਗੇ ਵਧਣ ਲਈ ਤੁਰਨ ਦੀ ਜਾਂਚ ਸਿਖਾਉਂਦਾ ਹੈ। ਅਧਿਆਪਕ ਜਿੱਥੇ ਵਿਦਿਆਰਥੀਆਂ ਨੂੰ ਪੜਾਈ ਲਿਖਾਈ ਦਾ ਗਿਆਨ ਪ੍ਰਦਾਨ ਕਰਦਾ ਹੈ ਉੱਥੇ ਹੀ ਉਨ੍ਹਾਂ ਨੂੰ ਨੈਤਿਕ ਕਦਰਾਂ-ਕੀਮਤਾਂ ਵਿੱਚ ਵੀ ਪਰਪੱਕ ਬਣਾਉਂਦਾ ਹੈ, ਇਸ ਲਈ ਤਾਂ ਕਿਹਾ ਜਾਂਦਾ ਹੈ ਕਿ ਅਧਿਆਪਨ ਨਿਰਾ ਇਕ ਕਿੱਤਾ ਨਹੀਂ ਸਗੋ ਇਕ ਬਹੁਤ ਵੱਡੀ ਸਮਾਜਿਕ ਜ਼ਿੰਮੇਵਾਰੀ ਹੈ। ਜਿੱਥੇ ਅਧਿਆਪਕ ਆਪਣੇ ਵਿਦਿਆਰਥੀਆਂ ਨੂੰ ਆਪਣੇ ਹੱਕ-ਹਕੂਕ ਪ੍ਰਤੀ ਜਾਗਰੂਕ ਕਰਦਾ ਹੈ, ਇਸ ਦੇ ਨਾਲ ਹੀ ਉਨ੍ਹਾਂ ਨੂੰ ਸਮਾਜ ਪ੍ਰਤੀ ਜ਼ਿੰਮੇਵਾਰੀ ਦਾ ਵੀ ਅਹਿਸਾਸ ਕਰਵਾਉਂਦਾ ਹੈ।

ਅਧਿਆਪਨ ਕਿਤੇ ਵਿੱਚ ਵਡਮੁੱਲਾ ਯੋਗਦਾਨ ਪਾਉਣ ਲਈ ਪਿਛਲੇ ਕੁੱਝ ਸਾਲਾਂ ਤੋਂ ਅੰਤਰਰਾਸ਼ਟਰੀ ਪੱਧਰ ਉੱਪਰ ਗਲੋਬਲ ਟੀਚਰ ਪ੍ਰਾਈਜ਼ ਪੁਰਸਕਾਰ ਸ਼ੁਰੂ ਕੀਤਾ ਗਿਆ ਹੈ।ਗਲੋਬਲ ਟੀਚਰ ਪ੍ਰਾਈਜ਼ ਇਕ ਮਿਲੀਅਨ ਅਮਰੀਕਨ ਡਾਲਰ ਦਾ ਪੁਰਸਕਾਰ ਹੈ, ਜੋ ਕਿ ਹਰ ਸਾਲ ਇਕ ਬੇਮਿਸਾਲ ਅਧਿਆਪਕ ਨੂੰ ਦਿੱਤਾ ਜਾਂਦਾ ਹੈ, ਜਿਸ ਨੇ ਅਧਿਆਪਨ ਪੇਸ਼ੇ ਵਿਚ ਸ਼ਾਨਦਾਰ ਯੋਗਦਾਨ ਪਾਇਆ ਹੈ, 'ਵਰਕੀ ਫਾਊਂਡੇਸ਼ਨ' ਨੇ 2014 ਵਿੱਚ ਇਸ ਇਨਾਮ ਦੀ ਸਥਾਪਨਾ ਕੀਤੀ। ਇਸ ਸੰਸਥਾ ਦਾ ਮੁੱਖ ਮਕਸਦ ਅੰਤਰਰਾਸ਼ਟਰੀ ਪੱਧਰ ਉੱਪਰ ਬੇਮਿਸਾਲ ਅਧਿਆਪਕਾਂ ਨੂੰ ਪਹਿਚਾਨਣਾ ਹੈ, ਜੋ ਬੱਚਿਆਂ ਦੀ ਅਗਲੀ ਪੀੜ੍ਹੀ ਨੂੰ ਸਿੱਖਿਅਤ ਕਰਨ ਲਈ ਅਣਥੱਕ ਮਿਹਨਤ ਕਰ ਰਹੇ ਹਨ ਅਤੇ ਮਾਨਤਾ ਦੇ ਪਾਤਰ ਹਨ।




ਮੌਜੂਦਾ ਗਲੋਬਲ ਟੀਚਰ ਪ੍ਰਾਈਜ਼ ਪੀਟਰ ਤਾਬੀਚੀ ਨੂੰ ਪ੍ਰਦਾਨ ਕੀਤਾ ਗਿਆ। ਪੀਟਰ, ਜੋ ਕੀਨੀਆ ਦੀ ਰਿਫਟ ਵੈਲੀ ਦੇ ਇਕ ਦਿਹਾਤੀ, ਅਰਧ-ਸੁੱਕੇ ਹਿੱਸੇ ਵਿਚ ਸਥਿਤ, ਪਾਨੀ ਪਿੰਡ ਦੇ 'ਕੇਰਿਕੋ ਸੈਕੰਡਰੀ ਸਕੂਲ' ਵਿਚ ਗਣਿਤ ਅਤੇ ਸਾਇੰਸ ਵਿਸ਼ੇ ਪੜਾਉਂਦੇ ਹਨ। ਇਸ ਸਕੂਲ ਵਿੱਚ ਵਿਭਿੰਨ ਸੱਭਿਆਚਾਰਾਂ ਅਤੇ ਧਰਮਾਂ ਦੇ ਸਮੂਹ ਦੇ ਵਿਦਿਆਰਥੀ ਘੱਟ ਸਹੂਲਤਾਂ ਨਾਲ ਲੈਸ ਕਲਾਸ-ਰੂਮਾਂ ਵਿੱਚ ਸਿੱਖਦੇ ਹਨ । ਤਬੀਚੀ ਆਪਣੀ ਤਨਖਾਹ ਦਾ 80ਗ ਹਿੱਸਾ ਪਵਾਨੀ ਪਿੰਡ ਦੇ ਵਿਦਿਆਰਥੀਆਂ ਦੀ ਭਲਾਈ ਵਾਲੇ ਨੇਕ ਕੰਮਾਂ ਵਿੱਚ ਆਪਣਾ ਯੋਗਦਾਨ ਪਾਉਣ ਲਈ ਦਾਨ ਕਰਦਾ ਹੈ।

10,000 ਤੋਂ ਵੱਧ ਨਾਮਜ਼ਦਗੀਆਂ ਵਿਚੋਂ ਤਬੀਚੀ ਨੂੰ 'ਗਲੋਬਲ ਟੀਚਰ ਪ੍ਰਾਈਜ਼' ਦਾ ਵਿਜੇਤਾ ਚੁਣਿਆਂ ਗਿਆ । ਤਬੀਚੀ ਨੇ ਦੁਬਈ ਵਿੱਚ ਇਹ ਸਨਮਾਨ ਪ੍ਰਾਪਤ ਕਰਨ ਲਈ ਪਹਿਲੀ ਵਾਰ ਹਵਾਈ ਜਹਾਜ਼ ਵਿੱਚ ਯਾਤਰਾ ਕੀਤੀ। ਇਨਾਮ ਜਿੱਤਣ 'ਤੇ, ਤਬੀਚੀ ਨੇ ਆਪਣੀ ਖ਼ੁਸ਼ੀ ਪ੍ਰਗਟ ਕਰਦਿਆਂ ਕਿਹਾ,"ਅਫ਼ਰੀਕਾ ਵਿਗਿਆਨੀ, ਇੰਜੀਨੀਅਰ, ਬਿਜ਼ਨਸਮੈਨ ਪੈਦਾ ਕਰੇਗਾ ਜਿਨ੍ਹਾਂ ਦੇ ਨਾਮ ਇੱਕ ਦਿਨ ਦੁਨੀਆ ਦੇ ਹਰ ਕੋਨੇ ਵਿੱਚ ਪ੍ਰਸਿੱਧ ਹੋਣਗੇ ਅਤੇ ਕੁ-ੜੀਆਂ ਇਸ ਕਹਾਣੀ ਦਾ ਇੱਕ ਵੱਡਾ ਹਿੱਸਾ ਹੋਣਗੀਆਂ ।" ਕੋਈ ਵੀ ਅਧਿਆਪਕ ਇਸ ਪੁਰਸਕਾਰ ਲਈ ਨਿਯਮਾਂ ਅਨੁਸਾਰ ਬਿਨੈ ਕਰ ਸਕਦੇ ਹੋ, ਇਸ ਸਾਲ ਨਾਮਜ਼ਦ ਦਾਖਲ ਕਰਨ ਦੀ ਆਖ਼ਰੀ ਮਿਤੀ 22 ਸਤੰਬਰ 2019 ਹੈ। ਇਸ ਸਨਮਾਨ ਲਈ ਆਪਣੇ ਆਪ ਨੂੰ ਨਾਮਜ਼ਦ ਕਰਨ ਸਬੰਧੀ ਨਿਯਮ ਅਤੇ ਹੋਰ ਜਾਣਕਾਰੀ https://www.global-teacherprize.org/ ਨਾਮਕ ਵੈਬਸਾਈਟ ਤੋਂ ਅਸਾਨੀ ਨਾਲ ਲਈ ਜਾ ਸਕਦੀ ਹੈ।



ਜਗਜੀਤ ਸਿੰਘ 'ਗਣੇਸ਼ਪੁਰ'
91-94655-76022

# ਵਿਰਸੇ ਲਈ ਪੱਬਾਂ ਭਾਰ ਹੋ ਕੇ ਸੰਘਰਸ਼ ਕਰ ਰਹੀ ਮੁਟਿਆਰ: ਗਾਇਕਾ ਮਿੱਸ ਨਿੱਕੀ ਸਿੱਧੂ

ਸੰਗੀਤਕ ਖੇਤਰ ਵਿੱਚ ਗਾਇਕਾ ਮਿੱਸ ਨਿੱਕੀ ਸਿੱਧੂ ਕਿਸੇ ਜਾਣ ਪਹਿਚਾਣ ਦੀ ਮੁਥਾਜ ਨਹੀ । ਉਹ ਆਪਣੀ ਸਖਤ ਮੇਹਨਤ ਨਾਲ ਅੱਜ ਚਰਚਿਤ ਗਾਇਕਾਂ ਵਿੱਚ ਨਾਂਉ ਦਰਜ ਕਰਵਾ ਕੇ ਆਪਣਾ ਸਿਰਨਾਵਾਂ ਸਿਰਜ ਚੁੱਕੀ ਹੈ। ਜਿਲਾ ਸਿਰੀ ਮੁਕਤਸਰ ਸਾਹਿਬ ਦੀ ਤਹਿਸੀਲ ਗਿੱਦੜਬਾਹਾ ਵਿਚ ਪੈਂਦੇ ਪਿੰਡ ਕੋਠੇ ਹਿੰਮਤਪੁਰਾ ਵਿਖੇ 4 ਅਕਤੂਬਰ 1989 ਨੂੰ ਪਿਤਾ ਸ: ਰਣਜੀਤ ਸਿੰਘ ਦੇ ਗ੍ਰਹਿ ਵਿਖੇ ਮਾਤਾ ਬਲਵੀਰ ਕੌਰ ਦੀ ਕੁੱਖੋਂ ਜਨਮੀ ਨਿੱਕੀ ਸਿੱਧੂ ਦੱਸਦੀ ਹੈ ਕਿ ਉਸ ਤੋਂ ਤਿੰਨ ਵੱਡੇ ਭਰਾ ਹਨ ਜਿਹਨਾਂ 'ਚੋਂ ਇੱਕ ਵੀਰ ਭੁਪਿੰਦਰ ਸਿੱਧੂ ਵੀ ਪੰਜਾਬੀ ਗਾਇਕ ਹੈ। ਨਿੱਕੀ ਨੂੰ ਗਾਇਕੀ ਦਾ ਸ਼ੌਕ ਬਚਪਨ ਤੋਂ ਹੀ ਪੈ ਗਿਆ ਸੀ ਅਤੇ ਘਰ ਤੋਂ ਹੀ ਸਹਿਯੋਗ ਮਿਲਣਾ ਸ਼ੁਰੂ ਹੋ ਗਿਆ। ਫਿਰ ਉਸਨੇ ਬਹੁਤ ਹੀ ਸੁਲਝੇ ਹੋਏ ਇਨਸਾਨ ਜਨਾਬ ਗੁਰਮੰਦਰ ਗਿੱਦੜਬਾਹਾ ਜੀ ਨੂੰ ਉਸਤਾਦ ਧਾਰਕੇ ਉਹਨਾਂ ਕੋਲੋਂ ਸੰਗੀਤ ਦੀ ਤਾਲੀਮ ਹਾਸਿਲ ਕੀਤੀ ।

ਹੁਣ ਤੱਕ ਨਿੱਕੀ ਸਿੱਧੂ ਦੇ 200 ਦੇ ਕਰੀਬ ਗੀਤ ਮਾਰਕੀਟ ਵਿੱਚ ਆ ਚੁੱਕੇ ਹਨ। ਜਿਹਨਾਂ ਵਿੱਚ 'ਜੋਗੀਆ', 'ਕਜਲਾ' 'ਨੱਖਰਿਆਂ ਦਾ ਮੁੱਲ ਅਤੇ 'ਸੂਟ ਫੈਨਸੀ' ਆਦਿ ਹਿੱਟ ਗੀਤ ਹਨ। ਹੁਣ ਜਲਦੀ ਹੀ ਨਿੱਕੀ ਸਿੱਧੂ ਅੱਜ ਕੱਲ ਦੇ ਮਹੌਲ ਦਾ ਨਵਾਂ ਗੀਤ 'ਜੁਗਨੀ' ਲੈ ਕੇ ਸਰੋਤਿਆਂ ਦੇ ਰੁਬਰੂ ਹੋ ਰਹੀ ਹੈ। ਨਿੱਕੀ ਸਿੱਧੂ ਦੇ ਅਣਗਿਣਤ ਡਿਊਟ ਗੀਤ ਵੀ ਮਾਰਕੀਟ ਵਿੱਚ ਆ ਚੁੱਕੇ ਹਨ। ਜੇਕਰ ਸਾਰੇ ਗੀਤਾਂ ਦਾ ਜਿਕਰ ਕਰੀਏ ਤਾਂ ਬਹੁਤ ਹੀ ਲੰਮੀ ਲਿਸਟ ਬਣ ਜਾਵੇਗੀ । ਇਹਨਾਂ ਵਿੱਚ 'ਪੱਲੇਦਾਰਾ ' , 'ਗੁੱਡ ਨਾਈਟ ', 'ਦਿੱਲ ਧੜਕੇ ' , 'ਫੁੱਲਾਂ ਤੇ ਕਾਟੋ', 'ਸਰਪੰਚੀ', 'ਮੋਟਰਾਂ' ਅਤੇ 'ਸਾਕ ਕਰਾਦੇ ' ਆਦਿ ਐਸੇ



ਵਿਸ਼ੇਸ਼ ਗੀਤ ਹਨ ਜਿਨਾਂ ਦਾ ਜਿਕਰ ਕੀਤੇ ਬਗੈਰ ਰਿਹਾ ਨਹੀ ਜਾ ਸਕਦਾ। ਜਿਹਨਾਂ ਗਾਇਕਾਂ ਦੇ ਨਾਲ ਉਸ ਨੇ ਦੋ-ਗਾਣੇ ਰਿਕਾਰਡ ਕਰਵਾਏ ਉਹਨਾਂ ਵਿਚ ਗੁਰਪਰੀਤ ਧਾਲੀਵਾਲ, ਹਰਬੰਸ ਚੰਨੋ, ਕੋਮਲ ਬਾਦਸ਼ਾਹ, ਚਮਕੌਰ ਬਚਨ, ਬਿੰਦਰ ਜਲਾਲ, ਦੀਪਾ ਬੰਗੀ ਵਾਲਾ, ਬੂਟਾ ਬਾਦਸ਼ਾਹ ਅਤੇ ਗੁਰਮੀਤ ਗਾਂਧੀ ਆਦਿ ਵਿਸ਼ੇਸ਼ ਵਰਣਨ ਯੋਗ ਨਾਂਉ ਹਨ।

ਨਿੱਕੀ ਸਿੱਧੂ ਦੱਸਦੀ ਹੈ ਕਿ ਉਸ ਨੂੰ ਆਉਣ ਵਾਲੇ ਸਿੰਗਲ ਟਰੈਕ 'ਜੁਗਨੀ' ਤੋਂ ਬਹੁਤ ਹੀ ਉ-ਮੀਦਾਂ ਹਨ ਕਿ ਮੇਰੇ ਸਰੋਤੇ ਮੈਨੂੰ ਪਹਿਲੇ ਗੀਤਾਂ ਨਾਲੋਂ ਵੀ ਵੱਧ ਪਿਆਰ ਬਖਸ਼ਣਗੇ। ਨਿੱਕੀ ਆਪਣੇ ਮਾਤਾ ਜੀ, ਭਰਾ ਭੁਪਿੰਦਰ ਸਿੱਧੂ ਹਿੰਮਤਪੁਰੀਆ ਅਤੇ ਅੰਮਿਤ ਸੱਚਦੇਵਾ, ਗੀਤਕਾਰ ਰਾਜੂ ਨਾਹਰ ਅਤੇ ਪਰਸਿੱਧ ਪੰਜਾਬੀ ਗਾਇਕਾ ਗੁਰਜੀਤ ਤਲਵੰਡੀ ਦਾ ਉਨਾਂ ਵੱਲੋਂ ਮਿਲਦੇ ਆ ਰਹੇ ਸਹਿਯੋਗ ਲਈ ਵਿਸ਼ੇਸ਼ ਧੰਨਵਾਦ ਕਰਦੀ ਹੈ ।

ਪੰਜਾਬੀ ਵਿਰਸੇ ਨੂੰ ਮਾਲੋ-ਮਾਲ ਕਰਨ ਵਿਚ ਪੱਬਾਂ ਭਾਰ ਹੋ ਕੇ ਸੰਘਰਸ਼ ਵਿਚ ਜੁਟੀ ਹੋਈ ਮੁਟਿਆਰ ਗਾਇਕਾ ਮਿੱਸ ਨਿੱਕੀ ਸਿੱਧੂ ਉਤੇ ਵਾਹਿਗੁਰੂ ਆਪਣੀ ਮੇਹਰ ਭਰਿਆ ਹੱਥ ਰੱਖੇ ਤਾਂ ਕਿ ਉਹ ਆਪਣੀਆ ਮੰਜਲਾਂ ਅਤੇ ਸੁਪਨੇ ਸਾਕਾਰ ਕਰਦੀ ਨਿਰਵਿਘਨ ਚਲਦੀ ਆਪਣੇ ਵਿਰਸੇ ਦੀ ਸੇਵਾ ਕਰਦੀ ਰਹੇ! ਆਮੀਨ!



ਪ੍ਰੀਤਮ ਲੁਧਿਆਣਵੀ
+91-9876428641

# ਅਮਰੀਕਾ ਵਿੱਚ ਵੱਧ ਰਹੀ ਇਲੈਕਟਰਾਂਨਕ ਸਿਗਰਨੋਸ਼ੀ ਦੇ ਨੁਕਸਾਨ 'ਤੇ ਕਿਵੇਂ ਬੱਚਿਆਂ ਨੂੰ ਇਸ ਤੋਂ ਬਚਾਈਏ !



ਪੱਤਰਕਾਰ
ਗੁਰਿੰਦਰਜੀਤ ਸਿੰਘ 'ਨੀਟਾ ਮਾਛੀਕੇ'
ਫਰਿਜਨੋ ਕੈਲੇਫੋਰਨੀਆਂ
559-333-5776

ਅੱਜ-ਕੱਲ੍ਹ ਅਮਰੀਕਾ ਵਿੱਚ ਇਲੈਕਟਰਾਂਨਕ ਸਿਗਰਟ ਨੇ ਐਸੇ ਪੈਰ ਪਸਾਰੇ ਕਿ ਵੱਡੀ ਗਿਣਤੀ ਵਿੱਚ ਯੂਥ ਇਸ ਮਾੜੀ ਆਦਤ ਦਾ ਸ਼ਿਕਾਰ ਹੋ ਚੁੱਕਿਆ। ਇਹ ਮਾੜੀ ਲਤ ਸਾਡੇ ਪੰਜਾਬੀ ਮੂਲ ਦੇ ਬੱਚਿਆਂ ਨੂੰ ਵੀ ਆਪਣੇ ਲਪੇਟੇ ਵਿੱਚ ਲੈ ਰਹੀ ਹੈ। ਇਲੈਕਟਰਾਂਨਕ ਵੇਪਰ ਜਿਸਨੂੰ ਈ-ਸਿਗਰਟ ਵੀ ਕਿਹਾ ਜਾਂਦਾ ਹੈ। ਇਹ ਤੰਬਾਕੂ ਅਤੇ ਮੈਰਾਵਾਨਾਂ ਜਿਸਨੂੰ ਪੰਜਾਬੀ ਵਿੱਚ ਗਾਂਜਾ ਜਾ ਸੁੱਖਾ ਕਿਹਾ ਜਾਂਦਾ ਹੈ ਆਦਿ ਪੀਣ ਲਈ ਵਰਤੀ ਜਾਂਦੀ ਹੈ। ਇਸ ਵਿੱਚ ਵੱਖੋ ਵੱਖ ਤਰਾਂ ਦੇ ਤਰਲ ਤੰਬਾਕੂ ਫਲੇਵਰ ਮਿਲਦੇ ਹਨ ਜਿਹੜੇ ਛੋਟੀ ਉਮਰ ਦੇ ਬੱਚਿਆਂ ਨੂੰ ਅਕਰਸ਼ਿਤ ਕਰਦੇ ਹਨ। ਇਸ ਤਰਲ ਪਦਾਰਥ ਵਿੱਚ ਨਿਕੋਟੀਨ ਮਿਲੀ ਹੋਣ ਕਰਕੇ ਬੱਚੇ ਇਸ ਦੇ ਆਦੀ ਹੋ ਜਾਂਦੇ ਹਨ। ਨਿਕੋਟੀਨ ਇੱਕ ਐਸਾ ਕੈਮੀਕਲ ਹੈ ਜੋ ਜਦੋਂ ਇੱਕ ਵਾਰ ਸੰਘ ਵਿੱਚੋਂ ਲੰਘ ਗਿਆ ਫੇਰ ਮੱਲੋ ਮੱਲੀ ਪੀਣ ਨੂੰ ਜੀ ਕਰਦਾ ਇਹ ਇੱਕ ਅਡੈਕਸ਼ਨ ਦੇ ਤੌਰ ਤੇ ਕੰਮ ਕਰਦਾ ਹੈ। ਈ-ਸਿਗਰਟ ਆਮ ਸਿਗਰਟ ਨਾਲ਼ੋਂ ਵੀ ਵਧੇਰੇ ਖ਼ਤਰਨਾਕ ਮੰਨੀ ਗਈ ਹੈ ਕਿਉਕੇ ਆਮ ਸਿਗਰਟ ਦੇ ਮੁਕਾਬਲੇ ਇਸ ਨਾਲ ਕਈ ਗੁਣਾਂ ਵੱਧ ਧੂੰਆਂ ਤੁਹਾਡੇ ਫੇਫੜਿਆ ਵਿੱਚ ਚੱਲਿਆ ਜਾਂਦਾ ਜਿੱਥੋ ਫੇਰ ਬਿਮਾਰੀਆਂ ਦਾ ਦੌਰ ਸ਼ੁਰੂ ਹੁੰਦਾ ਤੇ ਹੌਲੀ ਹੌਲੀ ਬੱਚੇ ਜ਼ਿੰਦਗੀ ਤੋਂ ਹੱਥ ਧੋਹ ਬੈਠਦੇ ਹਨ। ਤਕਰੀਬਨ 12-14 ਸਾਲ ਦੀ ਉਮਰ ਵਿੱਚ ਬੱਚਾ ਸਕੂਲ ਟਾਇਮ ਅੰਦਰ ਦੂਸਰੇ ਵਿਗੜੇ ਜੁਆਕਾਂ ਦੀ ਸੰਗਤ ਕਰਨ ਕਰਕੇ ਇਸ ਦਲਦਲ ਵਿੱਚ ਧਸਣ ਲੱਗਦਾ ਜਦੋਂ 23-24 ਸਾਲ ਦੀ ਉਮਰ ਵਿੱਚ ਜਾਕੇ ਅਕਲ ਆਉਦੀ ਹੈ ਓਦੋਂ ਤੱਕ ਬਹੁਤ ਸਾਰੀਆਂ ਬਿਮਾਰੀਆਂ ਦੀ ਜਕੜ ਵਿੱਚ ਜਕੜਿਆ ਜਾ ਚੁੱਕਾ ਹੁੰਦਾ ਹੈ। ਅਮਰੀਕਾ ਵਿਚ ਈ-ਸਿਗਰੇਟ ਪੀਣ ਨਾਲ ਹੋਣ ਵਾਲੀਆਂ ਫੇਫੜੇ ਦੀਆਂ ਬੀਮਾਰੀਆਂ ਨਾਲ ਕਈ ਲੋਕਾਂ ਦੀ ਮੌਤ ਹੋ ਗਈ। ਅਧਿਕਾਰੀਆਂ ਨੇ ਸ਼ੁੱਕਰਵਾਰ ਨੂੰ ਦੱਸਿਆ ਕਿ ਸੈਂਕੜੇ ਲੋਕ ਹੋਰ ਫੇਫੜਿਆਂ ਦੀਆਂ ਬੀਮਾਰੀਆਂ ਨਾਲ ਜੂਝ ਰਹੇ ਹਨ ਅਤੇ ਕਈ ਅਲ੍ਹੜ ਕੋਮਾ ਵਰਗੀ ਹਾਲਤ ਵਿਚ ਹਨ। ਫੂਡ ਐਂਡ ਡਰੱਗ ਐਡਮਿਨਿਸਟ੍ਰੇਸ਼ਨ ਨੇ ਦੱਸਿਆ ਕਿ ਰਾਸ਼ਟਰੀ ਪੱਧਰ 'ਤੇ ਪ੍ਰਯੋਗਸ਼ਾਲਾਵਾਂ ਵਿਚ ਪ੍ਰੀਖਣ ਲਈ ਆਏ ਨਮੂਨਿਆਂ ਵਿਚ ਅਜਿਹਾ ਕੁਝ ਨਹੀਂ ਮਿਲਿਆ ਜੋ ਪਾਬੰਦੀਸ਼ੁਦਾ ਹੋਵੇ, ਪਰ ਨਿਊਯਾਰਕ ਦੇ ਜਾਂਚਕਰਤਾਵਾਂ ਨੇ ਦੱਸਿਆ ਕਿ ਉਹ ਕਾਲਾ ਬਾਜ਼ਾਰ ਵਿਚ ਗਾਂਜਾ ਅਧਾਰਿਤ ਈ-ਸਿਗਰੇਟ 'ਤੇ ਧਿਆਨ ਕੇਂਦਰਿਤ ਕਰ ਰਹੇ ਹਨ ਜਿਸ ਵਿਚ ਵਿਟਾਮਿਨ ਈ-ਆਇਲ ਹੁੰਦਾ ਹੈ। ਕੈਲੀਫੋਰਨੀਆ ਅਤੇ ਮਿਨਿਸੋਟਾ ਦੇ ਸਥਾਨਕ ਪ੍ਰਸ਼ਾਸਨ ਨੇ ਸ਼ੁੱਕਰਵਾਰ ਨੂੰ ਦੱਸਿਆ ਕਿ ਈ-ਸਿਗਰੇਟ ਪੀਣ ਨਾਲ ਦੋ ਬਜ਼ੁਰਗ ਲੋਕਾਂ ਦੀ ਮੌਤ ਹੋ ਗਈ ਹੈ।

ਉਨ੍ਹਾਂ ਦੀ ਸਿਹਤ ਉਮੀਦ ਤੋਂ ਜ਼ਿਆਦਾ ਖਰਾਬ ਸੀ ਅਤੇ ਇਸ ਵਿਚ ਇਕ ਨੇ ਟੇਟ੍ਰਾਹਾਈਡ੍ਰੋਕੈਨਾਬਿਨਾਲ (ਟੀ.ਐਚ.ਸੀ.) ਦੀ ਵਰਤੋਂ ਕੀਤੀ ਸੀ ਜੋ ਗਾਂਜਾ ਵਿਚ ਪਾਇਆ ਜਾਣ ਵਾਲਾ ਯੌਗਿਤ ਹੈ ਜਿਸ ਨਾਲ ਉਤੇਜਨਾ ਪੈਦਾ ਹੁੰਦਾ ਹੈ। ਰੋਗ ਰੋਕਥਾਮ ਅਤੇ ਨਿਵਾਰਣ ਕੇਂਦਰ (ਸੀ.ਡੀ.ਸੀ.) ਵਿਚ ਗੈਰ ਇਨਫੈਕਟਿਡ ਬੀਮਾਰੀਆਂ ਦੀ ਕਾਰਜਕਾਰੀ ਡਿਪਟੀ ਡਾਇਰੈਕਟਰ ਇਲਿਆਨਾ ਏਰੀਆਸ ਨੇ ਦੱਸਿਆ ਕਿ ਈ-ਸਿਗਰੇਟ ਨਾਲ ਧੂੰਆਂ ਬਾਹਰ ਕੱਢਣ ਨਾਲ 450 ਤੋਂ ਜ਼ਿਆਦਾ ਲੋਕਾਂ ਵਿਚ ਫੇਫੜੇ ਦੀ ਬੀਮਾਰੀ ਦਾ ਪਤਾ ਲੱਗਾ ਹੈ ਜੋ ਪਿਛਲੇ ਹਫਤੇ ਦੇ ਮੁਕਾਬਲੇ ਦੁੱਗਣੀ ਹੈ। ਉੱਤਰੀ ਕੈਰੋਲੀਨਾ ਦੇ ਸ਼ਵਸਨ ਰੋਗ ਮਾਹਰ ਡੇਨੀਅਲ ਫਾਕਸ ਨੇ ਕਿਹਾ ਕਿ ਜਿਨ੍ਹਾਂ ਮਰੀਜ਼ਾਂ ਦੀ ਉਨ੍ਹਾਂ ਨੇ ਜਾਂਚ ਕੀਤੀ ਹੈ ਉਹ ਗੈਰ ਇਨਫੈਕਟਿਡ ਨਿਮੋਨੀਆ ਦੇ ਸ਼ਿਕਾਰ ਹਨ ਜਿਸ ਨੂੰ ਲਿਪਾਡ ਨਿਮੋਨੀਆ ਕਹਿੰਦੇ ਹਨ। ਇਹ ਤੇਲ ਜਾਂ ਤੇਲ ਵਰਗਾ ਪਦਾਰਥ ਫੇਫੜੇ ਵਿਚ ਜਾਣ ਨਾਲ ਹੁੰਦਾ ਹੈ। ਨਿਊਯਾਰਕ ਦੇ ਸਿਹਤ ਵਿਭਾਗ ਨੇ ਕਿਹਾ ਕਿ ਪ੍ਰਯੋਗਸ਼ਾਲਾ ਵਿਚ ਪ੍ਰੀਖਣ ਦੌਰਾਨ 34 ਲੋਕਾਂ ਵਲੋਂ ਇਸਤੇਮਾਲ ਕੀਤੀ ਗਈ ਈ-ਸਿਗਰੇਟ ਵਿਚ ਵਿਟਾਮਿਨ ਈ-ਆਇਲ ਦੀ ਮਾਤਰਾ ਬਹੁਤ ਜ਼ਿਆਦਾ ਪਾਈ ਗਈ, ਜਿਸ ਨਾਲ ਉਹ ਬੀਮਾਰ ਹੋ ਗਏ। ਇਸ ਤੱਥ ਨੂੰ ਕੇਂਦਰ ਵਿਚ ਰੱਖ ਕੇ ਅੱਗੇ ਦੀ ਜਾਂਚ ਕੀਤੀ ਜਾ ਰਹੀ ਹੈ। ਵਿਟਾਮਿਨ ਈ ਅਸਿਟੇਟ ਦੀ ਵਰਤੋਂ ਆਮ ਤੌਰ 'ਤੇ ਪੂਰਕ ਪੋਸ਼ਕ ਆਹਾਰ ਦੇ ਰੂਪ ਵਿਚ ਕੀਤਾ ਜਾਂਦਾ ਜਾਂ ਚਮੜੀ 'ਤੇ ਲਗਾਇਆ ਜਾਂਦਾ ਹੈ, ਪਰ ਸਾਹ ਦੇ ਰਸਤੇ ਫੇਫੜੇ ਵਿਚ ਜਾਣ 'ਤੇ ਇਹ ਖਤਰਨਾਕ ਹੋ ਜਾਂਦਾ ਹੈ।

ਕਈ ਮਰੀਜ਼ਾਂ ਨੇ ਦੱਸਿਆ ਕਿ ਉਨ੍ਹਾਂ ਨੇ ਗਾਂਜਾ ਪੀਤਾ, ਪਰ ਕੁਝ ਨੇ ਕਿਹਾ ਕਿ ਉਨ੍ਹਾਂ ਨੇ ਸਾਹ ਰਾਹੀਂ ਨਿਕੋਟਿਨ ਉਤਪਾਦਾਂ ਨਾਲ ਨਸ਼ਾ ਕੀਤਾ। ਅਮਰੀਕਾ ਵਿਚ ਈ-ਸਿਗਰੇਟ ਦੀ ਵਜ੍ਹਾ ਨਾਲ ਪਹਿਲੀ ਮੌਤ ਦੀ ਖਬਰ ਇਲਿਨਾਇਸ ਵਿਚ ਅਗਸਤ ਦੇ ਆਖਿਰ ਵਿਚ ਆਈ ਸੀ। ਆਰੇਗਨ ਸੂਬੇ ਨੇ ਇਸ ਹਫਤੇ ਕਿਹਾ ਕਿ ਜੁਲਾਈ ਵਿਚ ਹੋਈ ਇਕ ਮਰੀਜ਼ ਦੀ ਮੌਤ ਵੀ ਈ-ਸਿਗਰੇਟ ਦੀ ਵਜ੍ਹਾ ਨਾਲ ਹੋਈ। ਇੰਡੀਆਨਾ ਪ੍ਰਸ਼ਾਸਨ ਨੇ ਈ-ਸਿਗਰੇਟ ਨਾਲ ਇਕ ਮੌਤ ਦੀ ਜਾਣਕਾਰੀ ਦਿੱਤੀ ਪਰ ਸਮਾਂ ਨਹੀਂ ਦੱਸਿਆ। ਰਿਪੋਰਟ ਮੁਤਾਬਕ ਮਰੀਜ਼ਾਂ ਨੇ ਹਸਪਤਾਲ ਵਿਚ ਦਾਖਲ ਹੋਣ ਤੋਂ ਪਹਿਲਾਂ ਸਾਹ ਲੈਣ ਵਿਚ ਪ੍ਰੇਸ਼ਾਨੀ ਅਤੇ ਛਾਤੀ ਵਿਚ ਦਰਦ ਦੀ ਸ਼ਿਕਾਇਤ ਕੀਤੀ। ਉਨ੍ਹਾਂ ਨੇ ਜੀਵਨਰੱਖਿਅਕ ਪ੍ਰਣਾਲੀ 'ਤੇ ਰੱਖਿਆ ਗਿਆ। ਡਾਕਟਰਾਂ ਦਾ ਕਹਿਣਾ ਹੈ ਕਿ ਕਈ ਮਰੀਜ਼ਾਂ ਦਾ ਸ਼ੁਰੂਆਤ ਵਿਚ ਬ੍ਰੋਂਕਾਈਟਿਸ (ਸਾਹ ਨਲੀ ਵਿਚ ਸੋਜ ਜਾਂ ਸੁੰਗੜਣ) ਜਾਂ ਵਾਇਰਲ ਨਾਲ ਹੋਣ ਵਾਲੀ ਕਮਜ਼ੋਰੀ ਦਾ ਇਲਾਜ ਕੀਤਾ ਗਿਆ ਅਤੇ ਆਖਰੀ ਪੜਾਅ ਵਿਚ ਬੀਮਾਰੀ ਦੇ ਅਸਲ ਕਾਰਨਾਂ ਦਾ ਪਤਾ ਲੱਗਾ। ਜਾਂਚਕਰਤਾ ਅਜੇ ਸਪੱਸ਼ਟ ਨਹੀਂ ਹਨ ਕਿ ਈ-ਸਿਗਰੇਟ ਨਾਲ ਮੌਤਾਂ ਦੇ ਮਾਮਲੇ ਹਾਲ ਵਿਚ ਆਏਹਨ ਜਾਂ ਪਹਿਲਾਂ ਵੀ ਅਜਿਹੀਆਂ ਮੌਤਾਂ ਹੁੰਦੀਆਂ ਸਨ ਜੋ ਜਾਗਰੂਕਤਾ ਦੀ ਕਮੀ ਦੀ ਵਜ੍ਹਾ ਨਾਲ ਦਰਜ ਨਹੀਂ ਹੋ ਸਕੀ। ਜ਼ਿਕਰਯੋਗ ਹੈ ਕਿ ਅਮਰੀਕਾ ਵਿਚ2006 ਤੋਂ ਈ-ਸਿਗਰੇਟ ਮੁਹੱਈਆ ਹੈ ਅਤੇ ਕਈ ਵਾਰ ਰਸਮੀ ਸਿਗਰੇਟਨੋਸ਼ੀ ਛੱਡਣ ਲਈ ਇਸ ਦੀ ਵਰਤੋਂ ਕੀਤੀ ਜਾਂਦੀ ਹੈ। ਅਮਰੀਕਾ ਵਿਚ 2018 ਵਿਚ 36 ਲੱਖ ਮੱਧਮ ਅਤੇ ਹਾਈ ਲੈਵਲ ਦੇ ਵਿਦਿਆਰਥੀ ਈ-ਸਿਗਰੇਟ ਦੀ ਵਰਤੋਂ ਕਰਦੇ ਹਨ। ਇੱਥੇ ਇਹ ਨਹੀਂ ਕਿ ਅਮਰੀਕਾ ਦੇ ਸਿਹਤ ਵਿਭਾਗ ਨੂੰ ਈ-ਸਿਗਰਟ ਦੇ ਨੁਕਸਾਨਾਂ ਬਾਰੇ ਸਹੀ ਜਾਣਕਾਰੀ ਨਹੀਂ, 'ਕਿ ਉਹ ਇਸ ਕਰਕੇ ਇਸਤੇ ਪਾਬੰਦੀ ਨਹੀਂ ਲਾ ਰਹੇ। ਬਹੁਤ ਸਾਰੀਆਂ ਸੰਸਥਾਵਾਂ ਈ-ਸਿਗਰਟ ਦਾ ਵਿਰੋਧ ਕਰ ਰਹੀਆਂ ਤਾਂ ਕਿ ਇਸ ਤੇ ਪੂਰਨ ਬੈਂਨ ਲੱਗੇ, ਪਰ ਗੰਨ ਲਾਬੀ ਵਾਂਗ ਤੰਬਾਕੂ ਲਾਬੀ ਵੀ ਇੰਨੀ ਤਾਕਤਵਰ ਹੈ ਕਿ ਸਰਕਾਰ ਚਾਹਕੇ ਵੀ ਮਜਬੂਰ ਹੈ। ਪਿਛਲੇ ਦਿਨੀਂ ਅਮਰੀਕਾ ਦੀ ਮਿਸ਼ੀਗਨ ਸਟੇਟ ਦੇ ਗਵਰਨਰ ਨੇ ਈ-ਸਿਗਰਟ ਦੇ ਵਧਦੇ ਖ਼ਤਰੇ ਨੂੰ ਵੇਖਕੇ ਇਸ ਤੇ ਟੈਂਪਰੇਰੀ ਤੌਰ ਤੇ ਬੈਨ ਲਗਾ ਦਿੱਤਾ ਸੀ। ਬਾਕੀ ਸਟੇਟਾਂ ਨੂੰ ਮਿਸ਼ੀਗਨ ਦੇ ਨਕਸ਼ੇ ਕਦਮਾਂ ਤੇ ਚੱਲਦੇ ਸਿਆਸਤ ਪਾਸੇ ਰੱਖਕੇ ਇਸ ਖ਼ਤਰਨਾਕ ਪ੍ਰੋਡੱਕਟ ਤੇ ਪੂਰਨ ਪਾਬੰਦੀ ਲਾਉਣੀ ਚਾਹੀਦੀ ਹੈ। ਮਾਪੇ ਵੀ ਜਦੋਂ ਬੱਚੇ ਸਕੂਲੋਂ ਆਉਦੇ ਨੇ ਓਦੋਂ ਉਹਨਾਂ ਦੇ ਬੈਗ ਜ਼ਰੂਰ ਚਿੱਕ ਕਿਰਿਆ ਕਰਨ। ਸਮਾਂ ਲੱਗਣ ਤੇ ਰੂੰਮ ਦੀ ਤਲਾਸ਼ੀ ਲਓ। ਕੱਪੜਿਆਂ ਵਿੱਚੋਂ ਅਗਰ ਫਨੀ ਸਮਿੱਲ ਆਉਦੀ ਹੈ ਤਾਂ ਬੱਚਿਆਂ ਦੀ ਪੁੱਛ ਗਿੱਛ ਹੋਣੀ ਚਾਹੀਦੀ ਹੈ। ਬੱਚਿਆ ਦੇ ਬੈਗ ਵਿੱਚ ਅਗਰ ਲਾਇਟਰ ਮਿਲਦਾ ਤਾਂ ਸਮਝੋ ਗੜਬੜ ਹੈ। ਅੱਜ-ਕੱਲ੍ਹ ਜਿਵੇਂ ਲਿਖਣ ਵਾਲਾ ਪਿੰਨ ਹੁੰਦਾ ਜਾ ਪਿਨਸ਼ਲ ਤਰਾਸ਼ ਵਰਗੀ ਸ਼ਕਲ ਦੀਆਂ ਈ-ਸਿਗਰਟਾਂ ਆਉਂਦੀਆਂ ਹਨ ਅਗਰ ਕੋਈ ਏਦਾਂ ਦੀ ਸ਼ੱਕ ਵਾਲੀ ਚੀਜ਼ ਬੱਚੇ ਦੇ ਬੈਗ ਵਿੱਚੋਂ ਮਿਲਦੀ ਹੈ ਤਾਂ ਪਿਆਰ ਨਾਲ ਉਸਨੂੰ ਈ-ਸਿਗਰਟ ਦੇ ਨੁਕਸਾਨ ਦੱਸਕੇ ਸਮਝਾਉਣ ਦੀ ਕੋਸ਼ਿਸ਼ ਕਰੋ। ਜਿਸ ਤਰੀਕੇ ਦੇ ਛੋਟੇ ਕਾਰ ਏਅਰਫਰਿਸ਼ਨਰ ਹੁੰਦੇ ਨੇ ਉਸ ਤਰਾਂ ਦੀਆਂ ਤਰਲ ਪਦਾਰਥਾਂ ਦੀਆਂ ਛੋਟੀਆਂ ਸ਼ੀਸ਼ੀਆਂ ਤੰਬਾਕੂ ਜਾ ਗਾਂਜਾ ਦੀਆਂ ਈ-ਸਿਗਰਟਾਂ ਵਿੱਚ ਪੈਂਦੀਆਂ ਹਨ। ਜੇ ਤਾਂ ਤੁਸੀਂ ਬੱਚਿਆ ਨੂੰ 18-20 ਸਾਲ ਦੀ ਉਮਰ ਵਿੱਚ ਸਾਂਭ ਲਿਆ ਤਾਂ ਠੀਕ, ਨਹੀਂ ਫਿਰ ਪੱਕੇ ਪਿਆ ਬੱਚਾ ਮੋੜਨਾ ਬਹੁਤ ਔਖਾ ਹੈ। ਅਗਰ ਤੁਹਾਡਾ ਬੱਚਾ ਵਾਰ ਵਾਰ ਖੰਘਦਾ, ਖੰਘ ਜਾ ਨਹੀਂ ਰਹੀ, ਅੱਖਾਂ ਲਾਲ ਰਹਿੰਦਿਆਂ, ਅਵਾਜ਼ ਜਿਵੇਂ ਬੈਠੀ ਹੋਈ ਹੋਵੇ ਜਾ ਖਰਵੀ ਹੋਈ ਤਾਂ ਸਮਝੋ ਕੋਈ ਗੜਬੜ ਹੈ। ਈ-ਸਿਗਰਟ ਰਾਹੀਂ ਤੰਬਾਕੂ ਜਾਂ ਗਾਂਜਾ ਪੀਣ ਵਾਲਾ ਜੁਆਕ ਪਰਫਿਊਮ ਦੀ ਵਰਤੋਂ ਆਮ ਨਾਲ਼ੋਂ ਜ਼ਿਆਦਾ ਕਰੇਗਾ ਤਾਂ ਕਿ ਕੱਪੜਿਆਂ ਚੋਂ ਸਮਿੱਲ ਨਾਂ ਆਵੇ। ਅਗਰ ਬੱਚੇ ਕੋਲ ਕਾਰ ਹੈ ਅਤੇ ਤੁਹਾਨੂੰ ਉਹ ਆਪਣੀ ਕਾਰ ਦੇ ਲਾਗੇ ਨਹੀਂ ਜਾਣ ਦੇ ਰਿਹਾ ਅਤੇ ਗੱਡੀ ਨੂੰ ਹਮੇਸ਼ਾਂ ਲਾਕ ਲਾਕੇ ਰੱਖਦਾ 'ਤੇ ਚਾਬੀ ਤੁਹਾਡੀ ਪਹੁੰਚ ਤੋਂ ਦੂਰ ਰੱਖਦਾ ਤਾਂ ਸਮਝੋ ਕੰਮ ਖ਼ਰਾਬ ਹੈ। ਈ-ਸਿਗਰਟ ਨਾਲ ਬੱਚਿਆਂ ਵਿੱਚ ਸੁਸਤੀ ਵਧੇਰੇ ਪੈਂਦੀ ਹੈ। ਅਗਰ ਇਸ ਤਰਾਂ ਦੇ ਲੱਛਣ ਤੁਸੀ ਬੱਚੇ ਵਿੱਚ ਵੇਖਦੇ ਹੋਂ ਤੁਹਾਨੂੰ ਬੱਚਿਆਂ ਨਾਲ ਗੱਲ ਕਰਨੀ ਚਾਹੀਦੀ ਹੈ, ਕਿਉਕੇ ਇੱਥੋ ਹੌਲੀ ਹੌਲੀ ਕੰਮ ਵਧਦਾ ਵਧਦਾ ਫੇਰ ਵੱਸੋ ਬਾਹਰ ਹੋ ਜਾਂਦਾ ਹੈ। ਆਸ ਕਰਦੇ ਹਾਂ ਕਿ ਲੋਕੀਂ ਇਸ ਈ-ਸਿਗਰਟ ਦਾ ਡਟਕੇ ਵਿਰੋਧ ਕਰਨਗੇ ਤੇ ਸਰਕਾਰ ਨੂੰ ਬੇਵੱਸ ਹੋਕੇ ਇਸ ਤੇ ਪਾਬੰਦੀ ਲਾਉਣੀ ਪਵੇਗੀ।








# ਅਮਰਜੀਤ ਸਿੰਘ ਬਰਾੜ ਫਰਿਜ਼ਨੋ ਵਿਖੇ ਲੋਕਾਂ ਦੇ ਹੋਏ ਰੂਬਰੂ



**ਸਿਲਮਾਂ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ–** ਸਥਾਨਿਕ ਅਸ਼ੋਕਾ ਰੈਸਟੋਰਿੰਟ ਵਿੱਚ ਇੱਕ ਸਾਦੇ ਅਤੇ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਸ. ਅਮਰਜੀਤ ਸਿੰਘ ਬਰਾੜ ਰਾਜੋਆਣੀਆਂ, ਵਾਈਸ ਪ੍ਰਧਾਨ ਆੜਤੀਆ ਐਸੋਸੀਏਸ਼ਨ ਪੰਜਾਬ ਲੋਕਲ ਲੋਕਾਂ ਦੇ ਰੂਬਰੂ ਹੋਏ। ਇਸ ਮੌਕੇ ਵੱਡੀ ਗਿਣਤੀ ਵਿੱਚ ਪੰਜਾਬੀਆਂ ਨੇ ਪਹੁੰਚਕੇ ਸ. ਅਮਰਜੀਤ ਸਿੰਘ ਨੂੰ ਜੀ ਆਇਆ ਕਹੀ। ਇਸ ਮੌਕੇ ਰਣਧੀਰ ਸਿੰਘ ਸਰਪੰਚ ਫੂਲੇਆਲਾ ਨੇ ਸ. ਅਮਰਜੀਤ ਸਿੰਘ ਬਰਾੜ ਨੂੰ ਇੱਕ ਨਰਮ ਦਿਲ, ਲੋਕਾਂ ਦੀਆਂ ਸਮੱਸਿਆਵਾਂ ਸਮਝਣ ਵਾਲਾ ਸੱਚਾ ਸੁੱਚਾ ਇਨਸਾਨ ਦੱਸਿਆ। ਇਸ ਮੌਕੇ ਸ. ਅਮਰਜੀਤ ਸਿੰਘ ਬਰਾੜ ਨੇ ਪਰਵਾਸੀ ਪੰਜਾਬੀਆਂ ਦੀ ਭਰਵੀਂ ਤਰੀਫ਼ ਕਰਦਿਆਂ ਦੁਨੀਆਂ ਭਰ ਦੀ ਤਰੱਕੀ ਵਿੱਚ ਪਾਏ ਉਹਨਾਂ ਦੇ ਯੋਗਦਾਨ ਦੀ ਭਰਵੀ ਤਰੀਫ਼ ਕੀਤੀ। ਉਹਨਾਂ ਪੰਜਾਬੀਆਂ ਵੱਲੋਂ ਪੰਜਾਬ ਅੰਦਰ ਪਾਏ ਵੱਡੇ ਆਰਥਿਕ ਯੋਗਦਾਨ ਲਈ ਵੀ ਪੰਜਾਬੀਆਂ ਨੂੰ ਸਲਾਹਿਆ। ਇਸ ਪ੍ਰਗ੍ਰਾਮ ਨੂੰ ਉਲੀਕਣ ਦਾ ਸਿਹਰਾ ਨੀਟਾ ਧਾਲੀਵਾਲ, ਪੰਮਾ ਸੈਦੋਕੇ ਅਤੇ ਪਿੰਦਾ ਕੋਟਲਾ ਸਿਰ ਜਾਂਦਾ ਹੈ।



# ਪਾਲ ਧਾਲੀਵਾਲ ਨੂੰ ਦੀਆਂ ਯਾਦਾਂ ਨੂੰ ਫਰਿਜ਼ਨੋ ਵਿਖੇ ਯਾਰਾਂ ਦੋਸਤਾਂ ਨੇ ਕੀਤਾ ਤਾਜ਼ਾ!

**ਫਰਿਜ਼ਨੋ (ਕੈ.ਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ–** ਉੱਘੇ ਰੇਡੀਓ ਹੋਸਟ ਪਾਲ ਧਾਲੀਵਾਲ ਜੋ ਪਿਛਲੇ ਦਿਨੀਂ ਜ਼ਿੰਦਗੀ ਦੇ ਦੂਸਰੇ ਪੰਧ ਜਾਣੀ ਮਹਿਜ਼ 44 ਸਾਲ ਦੀ ਉਮਰ ਭੋਗਕੇ ਦਿਲ ਦਾ ਦੌਰਾ ਪੈਣ ਕਰਕੇ ਇਸ ਫ਼ਾਨੀ ਦੁਨੀਆਂ ਨੂੰ ਸਦਾ ਲਈ ਅਲਵਿਦਾ ਆਖ ਗਿਆ ਸੀ, ਪਰ ਪਾਲ ਧਾਲੀਵਾਲ ਯਾਰਾਂ ਦੋਸਤਾਂ ਦੇ ਦਿਲ ਵਿੱਚ ਭੱਖੜੇ ਦੇ ਕੰਡੇ ਵਾਂਗ ਖੁੱਭਿਆ ਹੋਇਆ, ਉਹ ਬੇਸ਼ੱਕ ਸਾਥੋਂ ਸਰੀਰਕ ਤੌਰ ਤੇ ਵਿੱਛੜ ਚੁੱਕਿਆਂ ਲੇਕਿਨ ਉਸਦੀਆਂ ਯਾਦਾਂ ਸੀਨੇ ਅੰਦਰ ਹਮੇਸ਼ਾਂ ਫੇਰੇ ਪਾਉਂਦੀਆਂ ਰਹਿਣਗੀਆਂ ।

ਰਾਤੀਂ ਇੱਕ ਸ਼ਾਂਮ ਪਾਲ ਦੇ ਨਾਮ ਤਹਿਤ ਇੱਕ ਖ਼ੂਬਸੂਰਤ ਪ੍ਰੋਗਰਾਮ ਐਸ. ਡੀ. ਐਮ ਸਟਾਰਜ਼ ਦੇ ਬਿੱਟੂ ਕੁੱਸਾ, ਬੌਬੀ ਸਿੱਧੂ, ਮਿੰਟੂ ਤੇ ਰਾਜ ਧਾਲੀਵਾਲ ਨੇ ਐਸ. ਐਮ. ਬ੍ਰਦ੍ਰਜ਼ ਸਨੀ, ਜੱਸੀ ਤੇ ਪ੍ਰਾਈਮਰ ਟਰੱਕ ਡ੍ਰਾਈਵਿੰਗ ਵਾਲੇ ਰਛਪਾਲ ਸਿੰਘ ਸਹੋਤਾ ਦੇ ਸਹਿਯੋਗ ਨਾਲ ਪ੍ਰਾਈਮ ਟਰੱਕ ਡ੍ਰਾਈਵਿੰਗ ਸਕੂਲ ਵਿੱਚ ਕਰਵਾਇਆ।



ਇਸ ਸਮਾਗਮ ਦੌਰਾਨ ਯਾਰਾਂ ਦੋਸਤਾਂ ਨੇ ਪਾਲ ਧਾਲੀਵਾਲ ਦੀਆਂ ਯਾਦਾਂ ਨੂੰ ਤਾਜਾ ਕੀਤਾ 'ਤੇ ਉਸਨੂੰ ਇੱਕ ਜ਼ਿੰਦਾ ਦਿਲ ਸ਼ਖ਼ਸੀਅਤ ਦਾ ਨਾਮ ਦਿੱਤਾ।

ਇਸ ਮੌਕੇ ਪਾਲ ਧਾਲੀਵਾਲ ਦੀ ਖ਼ੂਬਸੂਰਤ ਤਸਵੀਰ ਉਹਨਾਂ ਦੇ ਵੱਡੇ ਸਾਬ੍ਹ ਡਾ. ਅਜੀਤਪਾਲ ਧਾਲੀਵਾਲ ਡਾਇਰੈਕਟਰ ਪੀਏਯੂ ਬਠਿੰਡਾ ਨੂੰ ਭੇਂਟ ਕੀਤੀ ਗਈ। ਇਸ ਮੌਕੇ ਬੋਲਣ ਵਾਲੇ ਬੁਲਾਰਿਆ ਵਿੱਚ ਵਿੱਕੀ ਹੀਰ, ਹੈਰੀ ਮਾਨ, ਬੌਬੀ ਧਾਲੀਵਾਲ, ਬੌਬੀ ਸਿੱਧੂ, ਨਾਜਰ ਸਿੰਘ ਸਹੋਤਾ, ਨਿਰਮਲ ਸਿੰਘ ਧਨੌਲਾ, ਬਿੱਟੂ ਕੁੱਸਾ, ਡਾ. ਅਜੀਤਪਾਲ ਧਾਲੀਵਾਲ, ਮਿੰਟੂ ਧਾਲੀਵਾਲ, ਡਾ. ਗੁਰੀਤ ਬਰਾੜ, ਪੁਛਪਿੰਦਰ ਸ਼ਰਮਾਂ, ਕਮਲਜੀਤ ਟਿਵਾਣਾ ਆਦਿ ਦੇ ਨਾਮ ਜਿਕਰਯੋਗ ਹਨ।


Dedicated to Sri Guru Nanak Dev ji's 550th Parkash Purb
UNITED SPORTS CLUB CALIFORNIA, AMERICA
15TH WORLD KABADDI CUP
15 SEPTEIMBER 2019, SUNDAY
(Timing 09:00am - 06pm)
(James Logan High School 1800 H Street, Union City, California 94587)
Major League Kabaddi Federation
ਅਤੇ ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਜਾਣ ਵਾਲਾ '15ਵਾਂ ਵਿਸ਼ਵ ਕਬੱਡੀ ਕੱਪ 2019' ਇਤਿਹਾਸਿਕ ਹੋਵੇਗਾ
ਇਸ ਵਿਸ਼ਵ ਕੱਪ ਵਿਚ ਡਰੱਗ ਫ੍ਰੀ ਸਰਟੀਫਿਕੇਟ ਪ੍ਰਾਪਤ ਖਿਡਾਰੀ ਹੀ ਖੇਡ ਸਕਣਗੇ
ਤੀਰਥ ਗਾਖਲ
ਰੰਗ ਕਬੱਡੀ ਦੇ
Amolak Singh Gakhal
Chief Patron, United Sports Club
Sponsor of 1st Prize
Jagjit Singh Rakkar Ocean Transport
Kuljit Singh Nijjar White Hawk
Sponsor of 2nd Prize
Jugraj Singh Sahota & Narinder Singh Sahota of Sahota Family
Late. Kashmir Singh Sahota
Sponsor of 3rd Prize
Jaswinder Boparai, Dalbir Boparai Malkit Bopari, Gurdev Boparai
Diamond Sponsor
Inder Dosanjh
Dosanjh Family Auto Group Inc.
Diamond Sponsor
In the loving Memory of Late S. Mehnga Singh Sarai By: Sarai Family
ਮੁੱਖ ਮਹਿਮਾਨ
OPENING
Sponsor All Open
1st Prize Sponsored by TAKHAR FAMILY in loving memory of Late. Santokh Singh Takhar Apna Punjab Club
Media In charge World Kabaddi Cup
S. Ashok Bhaura
Phone: 510 415 3315,
Email: ashokbhaura@gmail.com
ਮੈਨੀ ਗਰੇਵਾਲ
ਸੁਰਜੀਤ ਸਿੰਘ ਟੁੱਟ
ਓਲੰਪੀਅਨ ਸੁਰਿੰਦਰ ਸਿੰਘ ਸੋਢੀ
ਸੇਵਾ ਸਿੰਘ ਰੰਧਾਵਾ
ਜਸਪ੍ਰੀਤ ਸਿੰਘ ਅਟਾਰਨੀ
ਰਾਜ ਸਲਵਾਨ
ਮੇਜਰ ਸਿੰਘ ਬੈਂਸ
ਤੀਰਥ ਸਿੰਘ ਗਾਖਲ
ਵਿਸ਼ੇਸ਼ ਮਹਿਮਾਨ
Makhan Singh Bains Chairman
Iqbal Singh Gakhal Vice Chairman
Jugraj Singh Sahota President
Palwinder Singh Gakhal Director
S. Ashok Bhaura Gen. Sec & Media Incharge
Narinder Singh Sahota Treasurer
Sadhu Singh Khlaur Advisor
Balvir Singh Bhatia Director
Natha Singh Gakhal Advisor
Makhan Singh Dhaliwal
Debi Sohal Sidhwan Dona Director
Inderjit Singh Thind Director
Bakhtawar Singh Gakhal Director
Gurpreet Singh Gakhal Director
Giani Ravinder Singh Director
Baljinder Singh Gakhal Director
Harjinder Ladhar Director
Dalwinder Padda Director
Arundeep Singh Advisor
Baljinder Singh Advisor
Kirandeep Singh (director)
Kala Gakhal Director
Gurnam Singh Wraich
ਗੋਲਡ ਮੈਡਲ ਨਾਲ ਸਨਮਾਨ
GUEST OF HONOUR
Jagir Singh (Subzi Mandi)
Baljit Singh Sandhu
Rana Tutt
Hardumman Singh (Billa Sanghera)
Pritam Singh Grewal
Bhupinder Singh Parmar
Makhan Sandhu
Amarjit Sangha
Bhjan Singh Thiara
Harwinder Singh Atwal
Kuldip S. Sahota
Uppal Manjit Singh
Pamma deol
Jaswant Singh Hothi
Joga Kang
Jass Sohal
Mangal Singh Bhandal
Dr. Harjinder Khehra
Pr. Sarwan Singh
Happy Heer
Ram Saroye
Rana Dhillon
Balwinder Walia
Dr. Baljinder Grewal
Gurdeep Singh Gakhal
Nirmal Singh Sahota
Lucky Sahota
Jaskaran Singh Dhaliwal
SP Singh
Sarup Singh Jhaj
Inderjit Dhugga
Lakha
Amrik Chand Lakha CPA
Santokh Singh Judge
Sarabjit Dhaliwal
Satnam Singh Bal
Sukhdev Singh Grewal
Sukhjit Singh Sandhu
Kulwant Singh Khaira
Jaswant Singh Sarai
Ateetpal Singh
Arundeep Singh
Jagdeep Singh
Ravinder Singh Dhaliwal
Paramjit Sekhon
Dhanna Coach
Ruby Harkhowal
TUTT BROTHERS, INDER DOSANJH AUTO GROUP INC., OCEAN TRANSPORTS & WHITE HAWLK, INDERJIT THIND, JASPREET S ATORNY, GN TIRE & LUBE, TIRATH S GAKHAL, PAMMA LUDHAR. SIKH PANCHYAT, SANTOKH S. JUDGE, BOB DHILLON. MANN INSURANCE BROKERS, SIKH PANCHAYAT SADH SANGAT, SURINDER S. ATWAL, S. HARWINDER SINGH ATWAL. RANDHIR S. NIJJAR. JASWANT SINGH HOTHI, KASHMIR S DHOOT, SUNRISE TRUCKING, HARDUMAN (BILLA) SANGHERA, KULDEEP S. DHALIWAL, SUKHJIT S SANDHU. PARGAN SINGH. INDIAN GOURMET, BHUPINDER S PARMAR , MANJIT SINGH, MEHNGA S. SARPANCH, AVTAR S BAINS. RAM SINGH, MANJINDER SANDHU, SURJIT SINGH BAINS, RAMA BHANDAL, CHARNJIT SINGH DHALIWAL, SARBJIT SINGH DHALIWAL. AMARITPAL S. DHILLON, BALIHAR SINGH SARPANCH, MOGA LOGISTIC INC., JEWEL OF INDIA INC.
MIKE BOPARAI, JASWANT SINGH SARAI, MANNY GREWAL, JAGDEEP SINGH INSURANCE, RAJ BHANOT, BALJIT S. SAHOTA, AMARJIT S. SANGHA, MANGAL S. BHANDAL, KULWANT S. NIJJAR, SUKHDEV S. BANIWAL, NAJAR SINGH SAHOTA, PRITAM S. GREWAL, HARDEV S. TAKHAR, SUKHBIR S. NIJJAR, KULWANT S KHEHRA, SUKHWANT S KHEHRA, BAY STAR TRANSPORT, MEHFIL INDIAN RESTAURANT, SHAHID BHAGAT SINGH CRICKET CLUB. GARRY S COMMISSIONER, RAM MURTI SAROYE, LAKHBIR S PATWARI, KARAN THIARA, AMRIK CHAND CPA, TIRATH S. SALH. PCA, DHANNA SINGH KABADI COACH, BALJINDER SINGH KLAIR, SUKHWANT SINGH KLAIR, BALRAJ SINGH. SARBJIT
CENTRAL VALLEY SPORTS CLUB, KINGS SPORTS CLUB SACRAMENTO, NATOMOUS LIQUOR, GURNAM SINGH. PUNJAB TENT HOUSE, JAGTAR SINGH, AVTAR S SRA, HARBHAJAN S GAKHAL. ALVARADO B P SERVICE. LACHHMAN S MANGAT, BILL BAINS CPA. MAJOR S GAKHAL, SOHAN S GAKHAL. JARNAIL S MANN. JASVIR S TAKHAR. SURINDER S DHANOA, BOOTA SINGH, SHANKAR SINGH, JASBIR S NAHAL, CAR WASH GILLROY. RANA KAHLON, SUCHA RAM BHARTA. SHASHI PAUL, HARWINDER S DHALIWAL. MAJOR S GILL. JACK RAM, PAUL RAM, SEWA SINGH, JASSI SHERGILL, MALAGHAR S KHERA, BITTU RAI, BALWINDER VIRK, JASWANT UPPAL, KULDEEP S MANN, JOGA SINGH, NACHHATTAR KHABRA, CHARAN SINGH BHANDAL, KIRPAL SINGH ATWAL, JAGJIT SINGH, GURBAX SINGH DHILLON.
All Kabaddi Lovers are openly Invited
Raja Sweets & Catering
RAMA PHOTO VIDEO
CHICAGO'S PIZZA With-A-Twist
ਆਲ ਓਪਨ ਯੂ.ਐੱਸ.ਏ: ਯੂਨਾਈਟਡ ਸਪੋਰਟਸ ਕਲੱਬ,
ਯੰਗ ਸਪੋਰਟਸ ਕਬੱਡੀ ਕਲੱਬ ਕੈਲੀਫੋਰਨੀਆਂ
ਵਿਸ਼ਵ ਕੱਪ ਵਿਚ ਭਾਗ ਲੈਣ ਵਾਲੀਆਂ ਟੀਮਾਂ
1. Bay Area Sports Club 2. Young Sports Kabaddi Club CA.
3. Metro Sports Club New York 4. Canada Club
ਕੁਮੈਂਟੇਟਰ
Spectator Have to reach at James Logan High School, International Law of Kabddi will apply, United Sports Club has reserve the right for last decisions.